ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 45 | 16 November to 22 November 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



05 ■ ਭਾਈਚਾਰਾ
ਭਾਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ



07 ■ ਵਿਸ਼ੇਸ਼ ਖ਼ਬਰ
ਸਿਟੀ ਆਫ਼ ਫਰੀਮਾਂਟ ਨੇ ਨਵੰਬਰ ਨੂੰ ਸਿੱਖ ਜਾਗਰੂਕਤਾ ਮਹੀਨਾ ਐਲਾਨਿਆ



12 ■ ਨਜ਼ਰੀਆ
ਟਰੰਪ ਦੀ ਜਿੱਤ ਨਾਲ ਉਲਝੇਗਾ ਤਾਣਾ ਬਾਣਾ

## ਸਿੱਖ ਵਿਦਿਆਰਥੀ ਦੇ ਕਤਲ ਪਿਛੇ ਨਸਲਵਾਦੀ ਹਿੰਸਾ ਦਾ ਸ਼ੱਕ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਇਥੇ ਕੰਮ ਤੋਂ ਘਰ ਪਰਤ ਰਹੇ ਭਾਰਤੀ ਮੂਲ ਦੇ 17 ਸਾਲਾ ਸਿੱਖ ਵਿਦਿਆਰਥੀ ਗੁਰਨੂਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲੀਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਗੁਰਨੂਰ ਦੇ ਕਤਲ ਨੂੰ ਨਸਲਵਾਦੀ ਹਿੰਸਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਸਿੱਖ ਭਾਈਚਾਰੇ ਦੇ ਕੁਝ ਲੋਕਾਂ



ਵਿਚ ਇਸ ਘਟਨਾ ਨੂੰ ਲੈ ਕੇ ਇਹ ਚਿੰਤਾ ਹੈ ਕਿ ਇਸ ਘਟਨਾ ਨਾਲ ਕਿਤੇ ਨਫ਼ਰਤੀ ਹਿੰਸਾ ਦੀ ਲਹਿਰ ਨਾ ਚੱਲ ਪਵੇ। ਸੈਕਰਾਮੈਂਟੋ ਪੁਲੀਸ ਨੇ ਫ਼ੋਨ ਨੰਬਰ 916-264-5471 ਜਾਰੀ ਕਰਕੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਪੁਲੀਸ ਦੀ ਮਦਦ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਇਹ ਵਾਰਦਾਤ ਪਿਛਲੇ ਹਫ਼ਤੇ ਕੈਲੀਫੋਰਨੀਆ ਦੇ ਕੈਨਡਿਨਸਕੀ ਵੇਅ ਵਿੱਚ ਉਸ ਦੇ ਘਰ ਦੇ ਗੈਰਾਜ ਵਿੱਚ ਵਾਪਰੀ। ਗੁਰਨੂਰ ਸਿੰਘ ਨਾਹਲ, ਜੋ ਹਾਈ ਸਕੂਲ ਵਿੱਚ ਪੜ੍ਹਦਾ ਸੀ, ਦੇ ਪਰਿਵਾਰ ਨੇ ਦੱਸਿਆ ਕਿ ਉਹ ਕੰਮ ਤੋਂ ਪਰਤ ਰਿਹਾ ਸੀ, ਜਦੋਂ ਉਸ ਨੂੰ ਗੋਲੀ ਮਾਰੀ ਗਈ। ਗੁਰਨੂਰ ਦੇ ਰਿਸ਼ਤੇਦਾਰ ਤੇਜਿੰਦਰਜੀਤ ਸਿੰਘ ਨੇ ਸੀਬੀਐਸ ਲੋਕਲ ਨਿਊਜ਼ ਨੂੰ ਦੱਸਿਆ, 'ਸਾਨੂੰ ਕਿਸੇ 'ਤੇ ਸ਼ੱਕ ਨਹੀਂ ਅਤੇ ਸਾਨੂੰ ਨਹੀਂ ਪਤਾ ਇਹ ਕਿਸੇ ਨੇ ਕਿਉਂ ਕੀਤਾ ਹੈ। ਅਸੀਂ ਇਸ ਬਾਰੇ ਸੋਚ ਵੀ ਨਹੀਂ ਸਕਦੇ। ਅਸੀਂ ਉਸ ਨੂੰ ਗੁਆ ਦਿੱਤਾ ਹੈ।' ਗੁਰਨੂਰ ਦੀ ਦਾਦੀ ਨੂੰ ਉਹ ਗੈਰਾਜ ਵਿੱਚ ਪਿਆ ਮਿਲਿਆ। ਉਸ ਨੇ ਦੱਸਿਆ ਕਿ ਉਹ ਮਦਦ ਲਈ ਕੁਰਲਾ ਰਿਹਾ ਸੀ ਪਰ ਉਦੋਂ ਤਕ ਬਹੁਤ ਦੇਰ ਹੋ ਗਈ ਸੀ। ਤੇਜਿੰਦਰਜੀਤ ਸਿੰਘ ਨੇ ਕਿਹਾ, 'ਗੁਰਨੂਰ ਦੀ ਦਾਦੀ ਨੇ ਖੜਾਕ ਸੁਣਿਆ ਅਤੇ ਇਹ ਕਾਫ਼ੀ ਉੱਚੀ ਸੀ। ਮੈਨੂੰ ਲੱਗਦਾ ਜਦੋਂ ਉਸ ਨੇ ਇਹ ਸੁਣਿਆ ਹੋਵੇਗਾ ਤਾਂ ਬਾਹਰ ਆਈ ਹੋਵੇਗੀ ਅਤੇ ਉਸ ਨੂੰ ਦੇਖਿਆ ਹੋਵੇਗਾ।' ਇਸ ਪਰਿਵਾਰ ਦੇ ਗੁਆਂਢੀ ਜਿਲ ਗਾਰਸੀਆ ਨੇ ਕਿਹਾ, 'ਉਹ ਜਵਾਨ ਬੱਚਾ ਸੀ। ਸਾਡੇ ਵੀ 19 ਤੇ 17 ਸਾਲ ਦੇ ਬੱਚੇ ਹਨ। ਇਸ ਲਈ ਅਸੀਂ ਇਹ ਦਰਦ ਸਮਝ ਸਕਦੇ ਹਾਂ ਅਤੇ ਇਹ ਬੇਹੱਦ ਦੁਖਦਾਈ ਹੈ।'

### ਖੁਰਦੇ ਪਾਣੀਆਂ ਵਿਚ ਚੁੱਭੀਆਂ ਭਰ ਰਹੇ ਸਿਆਸਤਦਾਨ

# ਬੰਜਰ ਕੀਤੇ ਪੰਜਾਬ ਉੱਤੇ ਅਦਾਲਤੀ ਮਾਰ

## ਵਰ੍ਹਿਆਂ ਦੀ ਸਿਆਸੀ ਕੁੱਕੜ-ਖੇਡ 'ਚ ਲੁੱਟਿਆ ਗਿਆ ਪੰਜਾਬ ਦਾ ਪਾਣੀ

- ਬਾਦਲ ਸਰਕਾਰ ਨੇ ਮੰਗੀ ਪਾਣੀਆਂ ਦੀ ਕੀਮਤ
- ਪਾਣੀਆਂ ਦੀ ਰਾਖੀ ਲਈ ਕਾਂਗਰਸ ਵਲੋਂ ਬਾਦਲ ਸਰਕਾਰ ਦੀ ਹਮਾਇਤ ਦਾ ਫ਼ੈਸਲਾ
- ਬੈਂਸ ਭਰਾਵਾਂ, ਪਰਗਟ ਤੇ ਨਵਜੋਤ ਕੌਰ ਸਿੱਧੂ ਨੇ ਦਿੱਤਾ ਅਸਤੀਫ਼ਾ



ਪੰਜਾਬ ਉਤੇ ਥੋਪੀ ਗਈ ਅਧੂਰੀ ਪਈ ਸਤਲੁਜ ਯਮੁਨਾ ਲਿੰਕ ਨਹਿਰ 'ਚ ਖੜ੍ਹਾ ਬਰਸਾਤੀ ਪਾਣੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਵਰ੍ਹਿਆਂ ਦੀ ਸਿਆਸੀ ਖਿੱਚ-ਧੂਹ ਵਿਚ ਪੰਜਾਬ ਦਾ ਪਾਣੀ ਲੁੱਟਿਆ ਗਿਆ ਹੈ। ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਪਾਣੀ ਦੇ ਮੁੱਦੇ 'ਤੇ ਪੰਜਾਬ ਨੂੰ ਤਗੜਾ ਝਟਕਾ ਦਿੱਤਾ ਹੈ। ਉਸ ਨੇ ਮੰਨਿਆ ਕਿ 2004 ਵਿਚ ਪੰਜਾਬ ਸਰਕਾਰ ਦਾ ਜਲ ਸਮਝੌਤਾ ਰੱਦ ਕਰਨਾ ਗੈਰ ਸੰਵਿਧਾਨਕ ਸੀ। ਇਸ ਪੂਰੇ ਮਾਮਲੇ 'ਤੇ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਤੋਂ ਸਲਾਹ ਮੰਗੀ ਸੀ। ਜਸਟਿਸ ਏ.ਆਰ. ਦਵੇ ਦੀ ਅਗਵਾਈ ਵਾਲੇ ਬੈਂਚ ਦੀ ਇਸ ਰਾਏ ਮਗਰੋਂ ਪੰਜਾਬ ਨੂੰ ਹੁਣ ਹਰਿਆਣਾ ਨੂੰ ਪਾਣੀ ਦੇਣਾ ਵੀ ਪੈ ਸਕਦਾ ਹੈ। ਸੰਵਿਧਾਨਕ ਬੈਂਚ ਦੇ ਫ਼ੈਸਲੇ ਅਨੁਸਾਰ, ਐਸ.ਵਾਈ.ਐਲ. ਨੂੰ ਲੈ ਕੇ ਸੁਪਰੀਮ ਕੋਰਟ ਵਲੋਂ 2002 ਅਤੇ 4 ਜੂਨ 2004 ਨੂੰ ਦਿੱਤੇ ਫ਼ੈਸਲੇ ਲਾਗੂ ਹੋਣਗੇ, ਜਿਸ ਵਿਚ ਕੇਂਦਰ ਨੂੰ ਐਸ.ਵਾਈ.ਐਲ. ਨੂੰ ਆਪਣੇ ਕਬਜ਼ੇ ਵਿਚ ਲੈ ਕੇ ਉਸ ਦਾ ਕੰਮ ਪੂਰਾ ਕਰਨ ਦਾ ਆਦੇਸ਼ ਦਿੱਤਾ ਸੀ। ਇਹ ਆਦੇਸ਼ ਲਾਗੂ ਹੁੰਦਾ ਹੈ ਤਾਂ ਮਾਲਵਾ ਦੇ 8 ਜ਼ਿਲ੍ਹਿਆਂ ਅਤੇ ਦੁਆਬਾ ਦੇ ਕੁਝ ਹਿੱਸੇ ਦੇ ਕੁੱਲ 7 ਲੱਖ ਹੈਕਟੇਅਰ ਦੇ ਹਿੱਸੇ ਦਾ ਅੱਧਾ ਪਾਣੀ ਹਰਿਆਣਾ ਨੂੰ ਦੇਣਾ ਹੋਵੇਗਾ। ਇਸ ਜ਼ਮੀਨ 'ਤੇ 5 ਲੱਖ ਕਿਸਾਨ ਨਿਰਭਰ ਹਨ।

ਬੁੱਧਵਾਰ ਨੂੰ ਬਾਦਲਾਂ ਨੇ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਸੱਦ ਕੇ ਜਿੱਥੇ ਪਾਣੀਆਂ ਦੀ ਪੂਰੀ ਕੀਮਤ ਮੰਗੀ ਹੈ, ਉਥੇ ਇਕ ਦਿਨ ਪਹਿਲਾਂ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿਚ ਫ਼ੈਸਲਾ ਕੀਤਾ ਕਿ ਉਹ ਤੁਰੰਤ ਪ੍ਰਭਾਵ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਮੋੜਨ ਦੇ ਹੁਕਮ ਦਿੰਦੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਉਹ ਹਰ ਕੀਮਤ 'ਤੇ ਨਹਿਰ ਪੂਰ ਕੇ ਰਹਿਣਗੇ ਤੇ ਇਕ ਵੀ ਬੂੰਦ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਉਧਰ ਕੈਪਟਨ ਅਮਰਿੰਦਰ ਸਿੰਘ ਨਾਲ ਕਾਂਗਰਸ ਦੇ ਸਾਰੇ ਵਿਧਾਇਕਾਂ ਨੇ ਅਸਤੀਫ਼ੇ ਦੇ ਚੁੱਕੇ ਹਨ। ਬਾਦਲ ਸਰਕਾਰ ਵਲੋਂ ਸੱਦੇ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਵਿਚ ਵੀ ਕਾਂਗਰਸ ਨੇ ਸ਼ਿਰਕਤ ਨਹੀਂ ਕੀਤੀ। ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਕ ਦਿਨ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਵਿਸ਼ੇਸ਼ ਸੈਸ਼ਨ ਵਿਚ ਨਹੀਂ ਜਾਵੇਗੀ ਪਰ ਪਾਣੀਆਂ ਦੀ ਰਾਖੀ ਲਈ ਸਰਕਾਰ ਨੂੰ ਪੂਰੀ ਤਰ੍ਹਾਂ ਹਮਾਇਤ ਕਰੇਗੀ। ਆਵਾਜ਼-ਏ-ਪੰਜਾਬ ਦੇ ਆਗੂਆਂ

ਬਾਕੀ ਸਫ਼ਾ 33 'ਤੇ

(ਇਸ ਸਬੰਧੀ ਵਿਸਥਾਰ ਵਿੱਚ ਵਿਸ਼ੇਸ਼ ਰਿਪੋਰਟ, ਸਬੰਧਤ ਖ਼ਬਰਾਂ ਅਤੇ ਆਰਟੀਕਲ ਸਫ਼ਾ 8 ਤੋਂ)

## ਬਾਦਲਾਂ ਵਿਰੁੱਧ ਮਾਣਹਾਨੀ ਪਟੀਸ਼ਨ ਦਾਖ਼ਲ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁੱਧ ਅਦਾਲਤੀ ਮਾਣਹਾਨੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤੀ ਦੇ ਦਿੱਤੀ। ਇਹ ਪਟੀਸ਼ਨ ਗੁਆਂਢੀ ਸੂਬਿਆਂ ਨਾਲ ਦਰਿਆਈ ਪਾਣੀਆਂ ਦੀ ਵੰਡ ਬਾਰੇ ਸੁਪਰੀਮ ਕੋਰਟ ਦੇ ਹੁਕਮ ਦੀ ਉਲੰਘਣਾ ਵਾਲੇ ਬਿਆਨ ਦੇਣ ਉਤੇ ਪਾਈ ਗਈ ਸੀ। ਚੀਫ ਜਸਟਿਸ ਟੀ.ਐਸ. ਠਾਕੁਰ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਇਸ ਪਟੀਸ਼ਨ 'ਤੇ ਸੁਣਵਾਈ ਢੁਕਵੀਂ ਪ੍ਰਕਿਰਿਆ ਮੁਤਾਬਕ ਹੋਵੇਗੀ। ਇਹ ਪਟੀਸ਼ਨ ਰੋਹਤਕ ਆਧਾਰਤ ਐਨਜੀਓ 'ਟੂ ਪਲੱਸ ਫਾਈਵ ਮੁਧੇ ਜਨ ਅੰਦੋਲਨ' ਦੇ ਪ੍ਰਧਾਨ ਸਤਵੀਰ ਸਿੰਘ ਹੁੱਡਾ ਨੇ ਪਾਈ। 10 ਨਵੰਬਰ ਨੂੰ ਸੁਪਰੀਮ ਕੋਰਟ ਦੇ

ਬਾਕੀ ਸਫ਼ਾ 33 'ਤੇ

San Jose Immigration Attorney
Services:
- Family Based Immigration
- Employment Based Immigration
- Investment Based Immigration
- Asylum / Immigration Litigation
Contact:
Jay Singh Terkiana
415-715-7790
111 N. Market Street, Suite 1020
San Jose, CA 95113
Email: jay@immigration.global

JASPREET SINGH
Attorney-At-law
ਜਸਪ੍ਰੀਤ ਸਿੰਘ
Loan Modification
Bankruptcy, Immigration, Political Asylum, Deportation Defense, Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CAPTIOL AVENUE
W. SACRAMENTO, CA 95691
Phone : 916-372-4448, Fax : 916-372-4440

20 ਸਾਲ ਦੇ ਤਜ਼ਰਬੇ ਵਾਲੇ ਬੇਅ ਏਰੀਆ ਡੈਂਟਿਸਟ
ਡਾ. ਦਵਿੰਦਰ ਸ਼ੋਕਰ
• ALL ROOT CANALS
• GUM SURGERY
• ORAL SURGERY
• INVISALIGN ELITE PROVIDER
50% Off to CASH Patients
* Invisalign from 2500$ !
* Crowns from 400$,
* Root canal from 500$
50% Off to Cash Patients
New, Big and Modern
San Jose Office
1295 S. Parkvictoria Drive, Milpitas, CA 95035
408.945.0411
Fremont Office
3456 Mowry Ave. Fremont 94538
510.713.7333
VISIT US @ SHOKERDENTAL.COM

COUGAR TRUCK LINES
ਟਰੱਕ ਡਰਾਈਵਰਾਂ ਦੀ ਲੋੜ
ਬਰੈਂਡ ਨਿਊ ਕੰਪਨੀ ਟਰੱਕਾਂ ਲਈ ਕੈਲੀਫੋਰਨੀਆ ਤੋਂ ਈਸਟ ਕੋਸਟ ਨੂੰ ਡਰਾਈਵਰਾਂ ਦੀ ਲੋੜ ਹੈ।
(510) 875.3279
(510) 224.7380

SAVE $2500
ON DIESEL PER TRUCK WITH ONE CALL!
11¢
DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE (855) 641-6955 • (888) 795-7035
sales@trans-alliance.com • www.trans-alliance.com




**ILLINOIS**
AMC Barrington 30 with IMAX (South Barrington)
Regal Cantera Stadium 17 (Warrenville)
Century Stratford Square 16 (Bloomingdale)
Movie Max Cinemas (Niles)

**MICHIGAN**
Regal Commerce Center Township 14 (Walled Lake)
Cinemark Movies 16 (Warren)
Celebration Crossroads 15 (Portage)
Celebration Woodland 14 (Grand Rapids)

**OHIO**
Regal Deerfield Towne Center Stadium 16 (Mason)
Carmike Solon Cinemas 16 (Solon)

**WISCONSIN**
AMC Mayfair 18 with IMAX (Wauwatosa)
Marcus Showtime Cinema 12 (Franklin)

**INDIANA**
Cinemark Greenwood 8 (Indianapolis)

*For more details please contact :*
**Harbir Virk** (847-942-9046) or **Gurmukh Bhullar** (708-288-2426)


Celebrating Parkash Utsav Of
Dhan Dhan Sri Guru Nanak Dev Jee
Gurdwara Sahib Khalsa Care Foundation
9989 Laurel Canyon Blvd, Pacoima, CA 91331
November 13th to November 20th
Sunday 13th & Sunday 20th - 11 AM to 1 PM
Monday 14th to Saturday 19th - 6:30 PM to 8:30 PM
Seva of Five Sri Akhand Path Sahibs
ALL Five Sri Akhand Path Sahibs
Arambh Nov. 18th - 9 AM
Bhog Nov. 20th - 9 AM
Bhai Kanhaiya Jee Langar Seva Dal
For More Information Please Contact:
Surinder Singh (818) 919-4856 Balwinder Singh (818) 404-0811
Makhan Singh (661) 225-7157 Paramjit Singh (626) 354-6653
Sant Anoop Singh Jee (Una Sahib Wale)
Bhai Kulwinder Singh Jee
Bhai Surdeep Singh Jee


Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat
MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

# ਐਲਕ ਗਰੋਵ 'ਚ ਵੈਟਰਨ ਡੇਅ ਪਰੇਡ ਮੌਕੇ ਸ਼ਹੀਦ ਗੁਰਪ੍ਰੀਤ ਸਿੰਘ ਦੀਆਂ ਤਸਵੀਰਾਂ ਵੀ ਝਾਕੀ 'ਚ ਸ਼ਾਮਲ ਕੀਤੀਆਂ






**ਸੈਕਰਾਮੈਂਟੋ/ਬਿਊਰੋ ਨਿਊਜ਼ :**
ਸਾਬਕਾ ਫ਼ੌਜੀਆਂ ਦੇ ਸਨਮਾਨ ਵਿੱਚ ਅਮਰੀਕਾ ਭਰ ਵਿੱਚ ਵੈਟਰਨਸ ਡੇਅ ਮਨਾਇਆ ਜਾਂਦਾ ਹੈ। ਵੱਖ-ਵੱਖ ਸ਼ਹਿਰਾਂ ਵਿੱਚ ਇਸ ਸੰਬੰਧੀ ਪਰੇਡਾਂ ਕੀਤੀਆਂ ਜਾਂਦੀਆਂ ਹਨ ਅਤੇ ਸਮਾਗਮ ਕਰਵਾਏ ਜਾਂਦੇ ਹਨ। ਇਸੇ ਤਰ੍ਹਾਂ ਸੈਕਰਾਮੈਂਟੋ ਦੇ ਸ਼ਹਿਰ ਐਲਕ ਗਰੋਵ ਵਿੱਚ ਵੀ ਇਸ ਵਾਰ 16ਵਾਂ ਸਾਲਾਨਾ ਵੈਟਰਨਸ ਡੇਅ ਮਨਾਇਆ ਗਿਆ। ਇਸ ਮੌਕੇ ਪਰੇਡ ਵਿੱਚ ਜਿਥੇ ਅਮਰੀਕੀ ਫੌਜੀ ਟੁਕੜੀਆਂ, ਬੈਂਡ ਅਤੇ ਹੋਰ ਕਈ ਤਰ੍ਹਾਂ ਦੀਆਂ ਝਾਕੀਆਂ ਕੱਢੀਆਂ ਗਈਆਂ, ਉਥੇ ਸਿੱਖਾਂ ਵੱਲੋਂ ਵੀ ਇਸ ਪਰੇਡ ਵਿਚ ਆਪਣਾ ਫਲੋਟ ਸ਼ਾਮਲ ਕੀਤਾ ਗਿਆ ਜੋ ਕਾਫੀ ਪ੍ਰਭਾਵਸ਼ਾਲੀ ਰਿਹਾ। ਇਸ ਝਾਕੀ ਵਿੱਚ ਜਿਥੇ ਅਮਰੀਕੀ ਫੌਜ ਵਿੱਚ ਉੱਚ ਅਹੁਦਿਆਂ 'ਤੇ ਰਹੇ ਸਿੱਖ ਅਧਿਕਾਰੀਆਂ ਦੀਆਂ ਫੋਟੋਆਂ ਲਗਾਈਆਂ ਗਈਆਂ ਸਨ, ਉਥੇ ਸਿੱਖ ਨੌਜਵਾਨ ਕਾਰਪੋਰਲ ਗੁਰਪ੍ਰੀਤ ਸਿੰਘ, ਜਿਹੜਾ ਕਿ ਅਮਰੀਕੀ ਫੌਜ ਵੱਲੋਂ ਅਫਗਾਨਿਸਤਾਨ ਵਿੱਚ ਸ਼ਹੀਦ ਹੋ ਗਿਆ ਸੀ, ਦੀਆਂ ਵੱਖ-ਵੱਖ ਤਸਵੀਰਾਂ ਵੀ ਝਾਕੀਆਂ 'ਚ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਫਲੋਟ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਨੇ ਆਪਣੀ ਹਾਜ਼ਰੀ ਲਗਾਈ। ਪਰੇਡ ਦੇਖਣ ਆਏ ਲੋਕਾਂ ਨੇ ਇਸ ਫਲੋਟ ਦੀ ਬੇਹੱਦ ਸ਼ਲਾਘਾ ਕੀਤੀ ਅਤੇ ਖੜ੍ਹੇ ਹੋ ਕੇ ਤਾੜੀਆਂ ਨਾਲ ਸਵਾਗਤ ਕੀਤਾ।

ਅਜਿਹੇ ਫਲੋਟ ਨਾਲ ਅਮਰੀਕੀਆਂ ਨੂੰ ਸਿੱਖਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਸਥਾਨਕ ਸਿੱਖਾਂ ਵੱਲੋਂ ਸਿੱਖ ਸੁਸਾਇਟੀ ਆਫ ਕੈਲੀਫੋਰਨੀਆ ਦੇ ਬੈਨਰ ਹੇਠ ਪਿਛਲੇ 8 ਸਾਲਾਂ ਤੋਂ ਇਸ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਸਥਾਨਕ ਅਮਰੀਕੀ ਆਗੂ ਅਤੇ ਅਧਿਕਾਰਿਆਂ ਨੇ ਇਸ ਫਲੋਟ ਦੀ ਪ੍ਰਸੰਸਾ ਕੀਤੀ ਅਤੇ ਸਿੱਖਾਂ ਨੂੰ ਇਸ ਕਾਰਜ ਲਈ ਵਧਾਈ ਦਿੱਤੀ। ਇਲਾਕੇ ਦੇ ਕਾਂਗਰਸਮੈਨ ਐਮੀ ਬੈਰਾ, ਅਸੈਂਬਲੀ ਮੈਂਬਰ ਜਿੰਮ ਕੂਪਰ, ਮੇਅਰ ਸਟੀਵ ਲੀ, ਕੌਂਸਲ ਸਟੀਵ ਡੈਟਰੀਕ, ਕੌਂਸਲ ਮੈਂਬਰ ਡੈਰਨ ਸਿਊਨ ਤੋਂ ਇਲਾਵਾ ਹੋਰ ਵੀ ਕਈ ਅਧਿਕਾਰੀ ਇਸ ਮੌਕੇ ਅਮਰੀਕੀ ਭਾਈਚਾਰੇ ਨੂੰ ਵਧਾਈ ਦੇਣ ਪਹੁੰਚੇ ਹੋਏ ਸਨ। ਕੈਲੀਫੋਰਨੀਆ ਸਿੱਖ ਸੁਸਾਇਟੀ ਦੇ ਆਗੂ ਗੁਰਜਤਿੰਦਰ ਸਿੰਘ ਰੰਧਾਵਾ, ਨਿਰਮਲ ਸਿੰਘ, ਜਸਮੇਲ ਸਿੰਘ ਚਿੱਟੀ ਨੇ ਆਏ ਹੋਏ ਸਮੂਹ ਸਿੱਖ ਭਾਈਚਾਰੇ ਦਾ ਇਸ ਪਰੇਡ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।

## 'ਸਿੱਖ ਕੈਪਟਨ ਅਮਰੀਕਾ' ਵਿਸ਼ਵਜੀਤ ਸਿੰਘ ਨੇ ਕੱਟੜਤਾ ਵਿਰੁੱਧ ਲੜਨ ਦਾ ਲਿਆ ਅਹਿਦ

**ਵਾਸ਼ਿੰਗਟਨ/ਬਿਊਰੋ ਨਿਊਜ਼ :** 'ਸਿੱਖ ਕੈਪਟਨ ਅਮਰੀਕਾ' ਨੇ 'ਕੱਟੜਤਾ ਵਿੱਚ ਵਾਧੇ' ਵਿਰੁੱਧ ਲੜਨ ਦਾ ਅਹਿਦ ਲਿਆ ਹੈ। ਵਾਸ਼ਿੰਗਟਨ ਦੇ ਜੰਮਪਲ ਤੇ ਕਾਰਟੂਨਿਸਟ ਵਿਸ਼ਵਜੀਤ ਸਿੰਘ, ਜਿਸ ਨੇ ਲੋਕਾਂ ਦੇ ਭਰੋਸੇਮੰਦ ਮਿੱਤਰ 'ਸਿੱਖ ਕੈਪਟਨ ਅਮਰੀਕਾ' ਦੀ ਪੁਸ਼ਾਕ ਪਾਈ, ਨੇ ਕਿਹਾ ਕਿ ਉਸ ਨੇ ਟਰੰਪ ਦੇ ਅਮਰੀਕਾ ਦਾ ਰੌਂਅ 'ਰਿਪਬਲਿਕਨ ਨੈਸ਼ਨਲ ਕਨਵੈਨਸ਼ਨ' ਵਿੱਚ ਹੀ ਦੇਖ ਲਿਆ ਸੀ। ਉਸ ਨੇ 'ਵਾਸ਼ਿੰਗਟਨ ਪੋਸਟ' ਨੂੰ ਦੱਸਿਆ ਕਿ "ਮੇਰੇ ਲਈ ਇਹ ਸਪਸ਼ਟ ਹੈ ਕਿ ਮੈਂ ਕਿਸੇ ਦਾ ਮਨ ਬਦਲਣ ਨਹੀਂ ਜਾ ਰਿਹਾ। ਮੇਰਾ ਮੰਨਣਾ ਹੈ ਕਿ ਇਹ ਬਹੁਤ ਭਾਵੁਕ ਤੇ ਖੁਣਸੀ ਵੋਟਰਾਂ ਦੀ ਜਿੱਤ ਹੈ। ਇਹ ਅਜਿਹੀ ਭਾਵਨਾ ਹੈ, ਜਿਸ ਨੂੰ ਚਾਹ ਕੇ ਵੀ



ਨਹੀਂ ਛੱਡਿਆ ਜਾ ਸਕਦਾ। ਹੁਣ ਇਹ ਆਦਮੀ ਸਾਡਾ ਅਗਲਾ ਰਾਸ਼ਟਰਪਤੀ ਹੈ।"

ਆਪਣੀ ਉਮਰ ਦੇ 40ਵਿਆਂ ਵਿੱਚ ਪੁੱਜਿਆ ਵਿਸ਼ਵਜੀਤ 9/11 ਦੇ ਅਤਿਵਾਦੀ ਹਮਲਿਆਂ ਬਾਅਦ ਤੋਂ ਕੱਟੜਤਾ ਵਿਰੁੱਧ ਸਰਗਰਮੀ ਨਾਲ ਲੜ ਰਿਹਾ ਹੈ। ਉਹ 'ਕੈਪਟਨ ਅਮਰੀਕਾ' ਦੀ ਚਮਕ ਦਮਕ ਵਾਲੀ ਪੁਸ਼ਾਕ ਪਾ ਕੇ ਗਲੀਆਂ ਵਿਚੋਂ ਲੰਘਿਆ ਅਤੇ ਕੁੱਝ ਰਾਹਗੀਰ ਦਾੜ੍ਹੀ ਵਾਲੇ ਦਸਤਾਰ ਬੰਨ੍ਹੀ ਵਿਅਕਤੀ ਦੇ ਸੁਪਰ ਸੂਟ ਪਾਈ ਹੋਣ ਕਾਰਨ ਕਾਫ਼ੀ ਪ੍ਰਭਾਵਤ ਹੋਏ। ਉਸ ਨੇ ਕਿਹਾ ਕਿ ਕਈ ਘੱਟ ਗਿਣਤੀ ਗਰੁੱਪਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਪ੍ਰਚਾਰ ਮੁਹਿੰਮ ਦੌਰਾਨ ਡੋਨਲਡ ਟਰੰਪ ਦੇ ਭਾਸ਼ਣਾਂ ਕਾਰਨ ਉਹ ਰੋਜ਼ਾਨਾ ਜੀਵਨ ਵਿੱਚ ਤਬਦੀਲੀਆਂ ਦੇਖ ਰਿਹਾ ਹੈ। ਉਹ ਟਰੰਪ ਦੀ ਪ੍ਰਚਾਰ ਮੁਹਿੰਮ ਦੇ ਸ਼ੁਰੂ ਤੋਂ ਹੀ ਸਿੱਖਾਂ, ਮੁਸਲਮਾਨਾਂ, ਲਾਤੀਨੀਆਂ ਵੱਲ ਸੇਧਿਤ ਕੱਟੜਤਾ ਵਿੱਚ ਵਾਧਾ ਮਹਿਸੂਸ ਕਰ ਰਿਹਾ ਹੈ।

## ਚਾਰ ਸਿੱਖ ਡਰਾਈਵਰਾਂ ਨੂੰ ਅਮਰੀਕੀ ਕੰਪਨੀ ਦੇਵੇਗੀ 260,000 ਡਾਲਰ ਮੁਆਵਜ਼ਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਅਮਰੀਕਾ ਵਿੱਚ ਚਾਰ ਸਾਬਤ ਸੂਰਤ ਸਿੱਖ ਟਰੱਕ ਡਰਾਈਵਰਾਂ ਨੂੰ ਕੰਪਨੀ ਵੱਲੋਂ ਰੁਜ਼ਗਾਰ ਦੇਣ ਦੇ ਮਾਮਲੇ ਵਿੱਚ ਕੀਤੇ ਗਏ ਵਿਤਕਰੇ ਦੇ ਮਾਮਲੇ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਹੋ ਗਿਆ ਹੈ। ਜੇ ਬੀ ਹੰਟ ਟਰੱਕਿੰਗ ਕੰਪਨੀ ਸਮਝੌਤੇ ਅਨੁਸਾਰ ਚਾਰ ਟਰੱਕ ਡਰਾਈਵਰਾਂ ਨੂੰ 260,000 ਅਮਰੀਕੀ ਡਾਲਰ ਮੁਆਵਜ਼ੇ ਵਜੋਂ ਦੇਵੇਗੀ। ਕੰਪਨੀ ਨੇ ਇਨ੍ਹਾਂ ਉੱਤੇ ਕੇਸ ਕਤਲ ਕਰਾਉਣ ਲਈ ਦਬਾਅ ਪਾਇਆ ਸੀ। ਕੰਪਨੀ ਖ਼ਿਲਾਫ਼ ਵਿਤਕਰੇ ਦਾ ਦੋਸ਼ ਸਿੱਧ ਹੋ ਗਿਆ ਸੀ। ਇੱਕ ਸ਼ਿਕਾਇਤ ਕਰਤਾ ਜਗਤਾਰ ਸਿੰਘ ਆਨੰਦਪੁਰੀ ਨੇ ਫੈਸਲੇ ਉੱਤੇ ਤਸੱਲੀ ਪ੍ਰਗਟਾਈ ਹੈ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI
FARE as LOW as
Starting from
695 to 895


With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਪੰਜਾਬੀ ਰੇਡੀਓ ਯੂ ਐਸ ਏ 'ਤੇ ਨਨਕਾਣਾ ਸਾਹਿਬ ਅਤੇ ਅਮਰੀਕਾ ਚੋਣਾਂ ਦੀ ਕਵਰੇਜ਼ ਦੀਆਂ ਧੁੰਮਾਂ

## ਯੂਬਾ ਸਿਟੀ ਨਗਰ ਕੀਰਤਨ ਜਸ਼ਨਾਂ ਬਾਰੇ ਤਿੰਨ ਦਿਨ ਕੀਤਾ ਸਿੱਧਾ ਪ੍ਰਸਾਰਨ

**ਸੈਨ ਹੋਜ਼ੇ/ਬਿਊਰੋ ਨਿਊਜ਼:** ਪੰਜਾਬੀ ਰੇਡੀਓ ਯੂ ਐਸ ਏ ਤੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੁ ਨਾਨਕ ਦੇਵ ਜੀ ਦੇ ਆਗਮਨ ਪੁਰਬ ਤੇ ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ) ਤੋਂ ਕਵਰੇਜ਼ ਕੀਤੀ ਗਈ। ਸਾਰੇ ਹੀ ਸਰੋਤਿਆਂ ਵੱਲੋਂ ਇਸ ਕਵਰੇਜ਼ ਦੀ ਭਰਪੂਰ ਸ਼ਲਾਘਾ ਕੀਤੀ ਗਈ। ਕਈ ਸਰੋਤਿਆਂ ਨੇ ਭਾਵੁਕ ਹੋ ਕੇ ਫੋਨ ਕਰਕੇ ਧੰਨਵਾਦ ਕੀਤਾ ਕਿ ਸਾਨੂੰ ਵੀ ਉਸ ਪਵਿੱਤਰ ਧਰਤੀ ਤੋਂ ਗੁਰਬਾਣੀ ਸੁਣਨ ਨੂੰ ਮਿਲੀ। ਇਸੇ ਤਰ੍ਹਾਂ ਯੂਬਾ ਸਿਟੀ ਦੇ ਇਤਿਹਾਸਕ ਸਲਾਨਾ ਨਗਰ ਕੀਰਤਨ ਦੇ ਜਸ਼ਨਾਂ ਦਾ ਵੀ ਤਿੰਨ ਦਿਨ ਕੀਤਾ ਸਿੱਧਾ ਪ੍ਰਸਾਰਨ ਕੀਤਾ ਗਿਆ। ਪੰਜਾਬੀ ਰੇਡੀਓ ਯੂ ਐਸ ਏ ਦੀ ਟੀਮ ਨੇ ਉੱਥੇ ਪਹੁੰਚ ਕੇ ਸੰਗਤਾਂ ਨਾਲ ਸਿੱਧਾ ਰਾਬਤਾ ਬਣਾਈ ਰੱਖਿਆ।

ਪੰਜਾਬੀ ਰੇਡੀਓ ਯੂ ਐਸ ਏ ਦਾ ਸਾਰਾ ਅਦਾਰਾ ਆਪਣੇ ਸਾਰੇ ਸਹਿਯਗੀਆਂ, ਪ੍ਰਸੰਸਕਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਇਸ ਕਵਰੇਜ਼ ਨੂੰ ਸਫ਼ਲ ਬਣਾਉਣ ਵਿੱਚ ਭਰਪੂਰ ਸਹਿਯੋਗ ਦਿੱਤਾ।

ਇਸਤੋਂ ਇਲਾਵਾ ਪੰਜਾਬੀ ਰੇਡੀਓ ਯੂ ਐਸ ਏ ਨੇ ਨਵਾਂ ਇਤਿਹਾਸ ਸਿਰਜਦਿਆ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਦੀ ਲਾਈਵ ਕਵਰੇਜ਼ ਕੀਤੀ। ਪਿਛਲੇ ਕਈ ਮਹੀਨਿਆਂ ਤੋਂ ਅਮਰੀਕਾ ਦੀ ਸਿਆਸਤ ਦੇ ਨਾਲ ਜੁੜੇ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤੇ ਗਏ।

ਜਿਨ੍ਹਾਂ ਵਿਚ ਅਪਡੇਟ ਅਮਰੀਕਾ (ਰੋਜ਼ਾਨਾ ਅਮਰੀਕਾ ਤੇ ਅੰਤਰਰਾਸ਼ਟਰੀ ਖ਼ਬਰਾਂ ਦਾ ਬੁਲੇਟਿਨ 9:00 ਵਜੇ) ਅਤੇ ਪ੍ਰੋਗਰਾਮ- ਵਾਈਟ ਹਾਊਸ ਦੀ ਦੌੜ ਸ਼ਾਮਿਲ ਸਨ। ਇਨ੍ਹਾਂ ਪ੍ਰੋਗਰਾਮਾਂ ਦੇ ਜ਼ਰੀਏ ਸਾਰੇ ਸਰੋਤਿਆਂ ਨੂੰ ਅਮਰੀਕਾ ਦੀ ਸਿਆਸਤ ਦੀ ਡੂੰਘਾਈ ਨਾਲ ਜਾਣਕਾਰੀ ਦਿੱਤੀ।

ਪ੍ਰੋਗਰਾਮ ਦੇ ਸੰਚਾਲਕ ਜਗਮੋਹਨ ਸਿੰਘ ਨੇ ਦਸਿਆ ਕਿ ਬਹੁਤ ਸਾਰੇ ਸਰੋਤਿਆਂ ਨੇ ਫੋਨ ਕਰਕੇ ਧੰਨਵਾਦ ਕੀਤਾ ਕਿ ਪੰਜਾਬੀ ਰੇਡੀਓ ਯੂ ਐਸ ਏ ਨੇ ਸਾਨੂੰ ਅਮਰੀਕਾ ਦੇ ਮਸਲਿਆਂ ਨਾਲ ਜੋੜਿਆ। ਜ਼ਿਕਰਯੋਗ ਹੈ ਕਿ ਪੰਜਾਬੀ ਰੇਡੀਓ ਯੂ ਐਸ ਏ ਵੱਲੋਂ ਲੰਬੇ ਸਮੇਂ ਤੋਂ ਲੋਕਾਂ ਨੂੰ ਵੋਟ ਰਜਿਸਟਰ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ।

ਪੰਜਾਬੀ ਰੇਡੀਓ ਯੂ ਐਸ ਏ ਬੜੀ ਖ਼ੁਸ਼ੀ ਨਾਲ ਦਸਣਾ ਚਾਹੁੰਦਾ ਹੈ ਕਿ ਇਸ ਕਰਕੇ ਹਜ਼ਾਰਾਂ ਦੀ ਸੰਖਿਆ ਵਿਚ ਸਰੋਤਿਆਂ ਨੇ ਵੋਟਾਂ ਵਿਚ ਹਿੱਸਾ ਲਿਆ। ਇਸ ਵਾਰ ਦੇ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਪੰਜਾਬੀ ਰੇਡੀਓ ਯੂ ਐਸ ਏ ਤੋਂ ਲਾਈਵ ਪ੍ਰਸਾਰਣ ਕੀਤਾ ਗਿਆ। ਸ਼ਾਮ 5.30 ਤੋਂ ਰਾਤ 11:00 ਵਜੇ ਤੱਕ ਨਤੀਜਿਆਂ ਨੂੰ ਪੇਸ਼ ਕੀਤਾ ਗਿਆ ਜੋ ਕਿ ਅੱਜ ਤੋਂ ਪਹਿਲਾਂ ਕਦੇ ਵੀ ਕਿਸੇ ਪੰਜਾਬੀ ਰੇਡੀਓ ਦੁਆਰਾ ਨਹੀਂ ਕੀਤਾ ਗਿਆ। ਪੰਜਾਬੀ ਰੇਡੀਓ ਯੂ ਐਸ ਏ ਨੂੰ ਤੁਸੀਂ ਸੈਕਰਾਮੈਂਟੋ ਇਲਾਕੇ ਚ 1470 ਏ ਐਮ ਯੂਬਾਸਿਟੀ ਇਲਾਕੇ ਚ 1450 ਏ ਐਮ ਅਤੇ 965 ਐਫ਼ ਐਮ ਫਰੀਜਨੋਂ ਇਲਾਕੇ 'ਚ 1300 ਏ ਐਮ ਅਤੇ www.punjabiradiousa.com ਤੇ ਸੁਣਿਆ ਜਾ ਸਕਦਾ ਹੈ ਵਧੇਰੇ ਜਾਣਕਾਰੀ ਲਈ 408-722-7698 ਤੇ ਕਾਲ ਕਰ ਸਕਦੇ ਹੋ।

# ਭਾਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ

**ਫਰੀਮਾਂਟ/ਬਿਊਰੋ ਨਿਊਜ਼:**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਲੰਘੇ ਸੋਮਵਾਰ 14 ਨਵੰਬਰ 2016 ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ। ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਮਨਾਈਆਂ। ਸੋਮਵਾਰ ਸ਼ਾਮੀਂ 4:00 ਵਜੇ ਅਖੰਡ ਪਾਠਾਂ ਦੀ ਸੰਪੂਰਨਤਾ ਹੋਈ। ਉਪਰੰਤ ਕੌਮ ਦੀ ਚੜ੍ਹਦੀ ਅਤੇ ਸਮੁੱਚੀ ਮਾਨਵਤਾ ਦੀ ਚੜ੍ਹਦੀ ਕਲਾ ਲਈ ਫਰੀਮਾਂਟ ਦੀਆਂ ਸੰਗਤਾਂ ਨੇ 45 ਸਹਿਜ ਪਾਠ ਪ੍ਰਾਰੰਭ ਕੀਤੇ, ਜਿਨ੍ਹਾਂ ਦੀ ਸੰਪੂਰਨਤਾ 2017 ਵਿਚ ਖਾਲਸੇ ਦੇ ਸਾਜਨੇ ਦਿਵਸ ਵਾਲੇ ਦਿਨ ਹੋਵੇਗੀ। ਸ਼ਾਮ ਦੇ ਵਿਸ਼ੇਸ਼ ਦੀਵਾਨ ਸ਼ਾਮੀ 4:00 ਵਜੇ ਤੋਂ ਲੈ ਕੇ ਰਾਤੀਂ 10:00 ਵਜੇ ਤੱਕ ਸਜਾਏ ਗਏ। ਪਰੰਤੂ ਸਾਰਾ ਦਿਨ ਸੰਗਤਾਂ ਦੀ ਆਮਦ ਨਿਰੰਤਰ ਜਾਰੀ ਰਹੀ। ਗੁਰੂ ਕੇ ਕੀਰਤਨੀ ਜਥਿਆਂ, ਭਾਈ ਗੁਰਪ੍ਰੀਤ ਸਿੰਘ, ਪ੍ਰੋਦਲਵੀਰ ਸਿੰਘ ਅਤੇ ਖਾਲਸਾ ਸਕੂਲ ਦੇ ਬੱਚਿਆਂ ਨੇ ਹਾਜ਼ਰੀ, ਉਥੇ ਹੀ ਭਾਈ ਸੁਰਜੀਤ ਸਿੰਘ ਮਜ਼ਬੂਰ ਦੇ ਕੀਰਤਨੀ ਜਥੇ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਦੇ ਕੀਰਤਨੀ ਜਥੇ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਰਧਾਰਿਤ ਰਾਗਾਂ ਤੇ ਕੀਰਤਨ ਸਰਵਣ ਕਰਾਇਆ।



ਇਸ ਤੋਂ ਇਲਾਵਾ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸਾਹਿਬ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀਆਂ ਅੰਦਰ ਗੁਰਬਾਣੀ ਦੀ ਰੌਸ਼ਨੀ ਵਿਚ ਗੁਰੂ ਪਾਤਸ਼ਾਹ ਦਾ ਜੀਵਨ, ਉਨ੍ਹਾਂ ਵੱਲੋਂ ਮਨੁੱਖਤਾ ਲਈ ਕੀਤੇ ਹੋਏ ਪਰਉਪਕਾਰ ਸਾਝੇ ਕਰਦਿਆਂ, ਗੁਰੂ ਪਾਤਸ਼ਾਹ ਵੱਲੋਂ ਦੱਸੇ ਹੋਏ ਸਿਧਾਂਤਾਂ ਤੇ ਚੱਲਣ ਦੀ ਪ੍ਰੇਰਨਾ ਬੜੀ ਹੀ ਸ਼ਰਧਾ ਅਤੇ ਭਾਵਨਾ ਨਾਲ ਦਿੱਤੀ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ 31 ਰਾਗਾਂ ਤੇ ਅਧਾਰਿਤ ਪ੍ਰੋ. ਦਲਵੀਰ ਸਿੰਘ ਵੱਲੋਂ ਲਿਖੀ ਪੁਸਤਕ 'ਗੁਰਮਤਿ ਸੰਗੀਤ ਰਤਨਾਵਲੀ' ਪੁਸਤਕ ਡਾ. ਗੁਰਨਾਮ ਸਿੰਘ ਵੱਲੋਂ ਰਿਲੀਜ਼ ਕੀਤੀ ਗਈ।

ਗੁਰੂ ਦੀਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ। ਰਾਜਾ ਸਵੀਟਸ ਅਤੇ ਕਬੀਲਾ ਰੈਸਟੋਰੈਂਟ ਵੱਲੋਂ ਸੰਗਤਾਂ ਲਈ ਵਿਸ਼ੇਸ਼ ਲੰਗਰਾਂ ਦੀ ਸੇਵਾ ਕੀਤੀ ਗਈ।

# ਪਹਿਲੇ ਬਰਤਾਨਵੀ 86 ਸਾਲਾ ਸਿੱਖ ਜੱਜ ਮੋਤਾ ਸਿੰਘ ਦਾ ਦੇਹਾਂਤ

**ਲੰਡਨ/ਬਿਊਰੋ ਨਿਊਜ਼ :** ਪਹਿਲੇ ਬਰਤਾਨਵੀ ਸਿੱਖ ਜੱਜ ਮੋਤਾ ਸਿੰਘ ਦਾ ਦੇਹਾਂਤ ਹੋ ਗਿਆ। ਉਹ 86 ਸਾਲ ਦੇ ਸਨ। ਉਹ ਪਹਿਲੇ ਸਿੱਖ ਜੱਜ ਸਨ, ਜਿਹੜੇ ਵਿਗ ਦੀ ਥਾਂ ਦਸਤਾਰ ਸਜਾ ਕੇ ਬਰਤਾਨਵੀ ਨਿਆਂ ਬੈਂਚ 'ਤੇ ਬੈਠੇ ਸਨ। ਮੋਤਾ ਸਿੰਘ ਬੀਤੇ ਸ਼ੁੱਕਰਵਾਰ ਬੇਹੋਸ਼ ਹੋ ਗਏ



ਸਨ ਤੇ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਉਪਰੰਤ ਵੀ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਨਹੀਂ ਹੋਇਆ। ਉਨ੍ਹਾਂ ਦੀ ਪਤਨੀ ਸਵਰਨ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪਤੀ ਬਹੁਤ ਚੰਗੇ ਤੇ ਮਿਹਨਤੀ ਇਨਸਾਨ ਸਨ, ਜਿਨ੍ਹਾਂ ਨੇ ਜ਼ਿੰਦਗੀ ਵਿੱਚ ਵੱਡੇ ਟੀਚੇ ਸਰ ਕੀਤੇ।


Hassle Free Buying and Selling!

Real EstateWe can Help to Buy and Sell Your Home.

CA DRE# 01929644

EXCEL REALTY AND MORTGAGE

For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



Kulwinder Kaur K.D.

Cell 916-212-0123

e-mail kdkaur9@yahoo.com



When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'ਰੇਡੀਓ ਪੰਜਾਬ' ਬੁੱਧਵਾਰ ਸ਼ਾਮ 4:00 ਵਜੇ ਤੋਂ 5:30 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ





PMZ
REAL ESTATE
SINCE 1957

MLS







ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ

ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ 'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ

ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ

ਫੋਨ: 510.557.6988

ਫੈਕਸ : 209.474.6988 ਈਮੇਲ : rsingh@PMZ.com

Ca BRE#01865635



ਰਾਜਿੰਦਰ ਸਿੰਘ

www.rsingh.pmz.com
3516 Deer Park Dr., Suit A
Stockton, CA 95219

# ਸਿੱਖ ਕੌਂਸਲ ਸੈਂਟਰਲ ਕੈਲੀਫੋਰਨੀਆ ਨੇ ਗੁਰਪੁਰਬ ਨੂੰ ਸਮਰਪਿਤ ਦੋ ਦਿਨਾਂ ਵਿਸ਼ੇਸ਼ ਸਮਾਗਮ ਰਚਾਇਆ

## *ਡਾ. ਬਲਜਿੰਦਰ ਸਿੰਘ ਨੇ ਸਿੱਖ ਫ਼ਲਸਫ਼ਾ ਸਾਂਝਾ ਕੀਤਾ*



ਡਾ. ਬਲਜਿੰਦਰ ਸਿੰਘ ਚੀਮਾ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ।

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ:** ਸਿੱਖ ਕੌਮ ਦੇ ਬਾਨੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਦੋ ਦਿਨਾਂ ਵਿਸ਼ੇਸ਼ ਸਮਾਗਮ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਦਰਜ਼ ਦੇ ਗੁਰੂਘਰ ਵਿੱਚ ਕਰਵਾਏ ਗਏ। ਇਸ ਵਿੱਚ ਸ੍ਰੀ ਅਖੰਡ ਸਾਹਿਬ ਦੇ ਭੋਗ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਅਤੇ ਸਿੱਖ ਸੰਗਤ ਬਾਰੇ ਦੋ ਦਿਨਾਂ ਸੈਮੀਨਾਰ ਕੀਤਾ ਗਿਆ। ਇਸ ਦੌਰਾਨ ਪਹਿਲੇ ਦਿਨ ਬੱਚਿਆਂ ਲਈ ਸੈਮੀਨਾਰ ਅਤੇ ਦੂਸਰੇ ਦਿਨ ਸਮੂਹ ਸਿੱਖ ਸੰਗਤ ਨਾਲ ਵਿਚਾਰਾਂ ਹੋਈਆਂ। ਇਸ ਵਿੱਚ ਵਿਸ਼ੇਸ਼ ਤੌਰ ’ਤੇ ਕੈਨੇਡਾ ਤੋਂ ਉੱਘੇ ਰੇਡੀਓ ਹੋਸਟ ਡਾ. ਬਲਜਿੰਦਰ ਸਿੰਘ ਚੀਮਾ ਨੇ ਹਾਜ਼ਰੀ ਭਰੀ ਅਤੇ ਸਿੱਖ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਸਿੱਖਾਂ ਅੰਦਰ ਵੱਧ ਰਹੀਆਂ ਕੁਰੀਤੀਆਂ, ਕਰਮਕਾਂਡ ਅਤੇ ਪਾਖੰਡਵਾਦ ’ਤੇ ਚਿੰਤਾ ਪ੍ਰਗਟ ਕਰਦੇ ਹੋਏ ਵਹਿਮਾਂ-ਭਰਮਾਂ ਵਿਚੋਂ ਨਿਕਲ ਕੇ ਗੁਰਮਤਿ ਅਪਣਾਉਣ ਦੀ ਅਪੀਲ ਕੀਤੀ। ਇਸ ਸਮੇਂ ਉਨ੍ਹਾਂ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਕੀਤਾ। ਇਸੇ ਸਮੇਂ ਇਲਾਕੇ ਦੀ ਸਿੱਖ ਸੰਗਤ ਅਤੇ ਸਿੱਖ ਕੌਂਸਲ ਕੈਲੀਫੋਰਨੀਆ ਨੇ ਫਰਿਜ਼ਨੋ ਸਿਟੀ ਕੌਂਸਲ ਦੇ ਨਵੇਂ ਬਣੇ ਮੇਅਰ ਅਤੇ ਸਮੁੱਚੇ ਪ੍ਰਬੰਧਕਾਂ ਦਾ ‘1984 ਦੀ ਸਿੱਖ ਨਸਲਕੁਸ਼ੀ’ ਦਾ ਮਤਾ ਪਾਸ ਕਰਨ ’ਤੇ ਧੰਨਵਾਦ ਕਰਦੇ ਹੋਏ ਸਨਮਾਨਤ ਕੀਤਾ ਗਿਆ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਵੱਲੋਂ ਕੀਰਤਨ ਦੀ ਹਾਜ਼ਰੀ ਵੀ ਭਰੀ ਗਈ। ਇਸ ਮੌਕੇ ਸ. ਸੁਖਦੇਵ ਸਿੰਘ ਚੀਮਾ, ਬਿੱਲ ਨਿੱਝਰ, ਮੇਅਰ ਲੀ ਬਰਾਂਡ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਇਕਬਾਲ ਸਿੰਘ ਗਰੇਵਾਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤੇ।

# ਭਾਈ ਰਾਜੋਆਣਾ ਦੀ ਫਾਂਸੀ ਮੁਆਫ਼ੀ ਲਈ ਸ਼੍ਰੋਮਣੀ ਕਮੇਟੀ ਵਫ਼ਦ ਮਿਲੇਗਾ ਰਾਸ਼ਟਰਪਤੀ ਨੂੰ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੜ ਜੱਦੋ-ਜਹਿਦ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਸੱਤ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ ਭਾਰਤ ਦੇ ਰਾਸ਼ਟਰਪਤੀ ਨੂੰ ਮਿਲੇਗੀ। ਇਹ ਕਮੇਟੀ ਭਾਈ ਰਾਜੋਆਣਾ ਦੀ ਫਾਂਸੀ ਸਬੰਧੀ ਰਹਿਮ ਦੀ ਅਰਜ਼ੀ ’ਤੇ ਅਮਲ ਕਰਨ ਦੀ ਅਪੀਲ ਕਰੇਗੀ।



ਇਹ ਖ਼ੁਲਾਸਾ ਪ੍ਰੋ. ਬਡੂੰਗਰ ਨੇ ਇੱਥੇ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਉਹ ਹਸਪਤਾਲ ਵਿੱਚ ਜ਼ੇਰੇ ਇਲਾਜ ਭਾਈ ਰਾਜੋਆਣਾ ਨੂੰ ਮਿਲੇ ਸਨ। ਉਨ੍ਹਾਂ ਨੇ ਉਸ ਦੀ ਭੁੱਖ ਹੜਤਾਲ ਖ਼ਤਮ ਕਰਾਈ ਅਤੇ ਭਰੋਸਾ ਦਿੱਤਾ ਕਿ ਅਦਾਲਤ ਵੱਲੋਂ ਦਿੱਤੀ ਸਜ਼ਾ ਸਬੰਧੀ ਤੁਰੰਤ ਫੈਸਲਾ ਲੈਣ ਬਾਰੇ ਕਾਰਵਾਈ ਕੀਤੀ ਜਾਵੇਗੀ, ਜਿਸ ਦੇ ਆਧਾਰ ’ਤੇ ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਦਾ ਫ਼ੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਭੁੱਖ ਹੜਤਾਲ ਕਾਰਨ ਭਾਈ ਰਾਜੋਆਣਾ ਦੀ ਸਿਹਤ ਕਮਜ਼ੋਰ ਹੋ ਚੁੱਕੀ ਹੈ। ਮੁਲਾਕਾਤ ਦੌਰਾਨ ਉਸ ਨੇ ਇੱਕ ਵਾਰ ਵੀ ਫਾਂਸੀ ਦੀ ਸਜ਼ਾ ਮੁਆਫ ਕਰਾਉਣ ਦਾ ਜ਼ਿਕਰ ਨਹੀਂ ਕੀਤਾ ਸਗੋਂ ਉਹ ਚਾਹੁੰਦਾ ਹੈ ਕਿ ਅਦਾਲਤੀ ਫੈਸਲੇ ’ਤੇ ਤੁਰੰਤ ਅਮਲ ਹੋਵੇ।

ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਲਈ ਸੱਤ ਮੈਂਬਰੀ ਕਮੇਟੀ ਬਣਾਈ ਹੈ, ਜਿਸ ਵਿੱਚ ਪ੍ਰੋ. ਬਡੂੰਗਰ ਤੋਂ ਇਲਾਵਾ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ, ਮੁੱਖ ਸਕੱਤਰ ਹਰਚਰਨ ਸਿੰਘ, ਲੀਗਲ ਸਕੱਤਰ ਅਵਤਾਰ ਸਿੰਘ ਅਤੇ ਐਡਵੋਕੇਟ ਪਰਮਜੀਤ ਸਿੰਘ ਥਿਆੜਾ ਸ਼ਾਮਲ ਹਨ। ਰਾਸ਼ਟਰਪਤੀ ਨੂੰ ਮਿਲਣ ਮਗਰੋਂ ਇੱਕ ਪੱਤਰ ਵੀ ਸੌਂਪਿਆ ਜਾਵੇਗਾ, ਜਿਸ ਰਾਹੀਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਲਈ ਅਪੀਲ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਭਾਈ ਰਾਜੋਆਣਾ ਨੇ ਆਪਣੇ ਵੱਲੋਂ ਹੁਣ ਤੱਕ ਕੋਈ ਵੀ ਰਹਿਮ ਦੀ ਅਪੀਲ ਨਹੀਂ ਕੀਤੀ ਹੈ। ਅਜਿਹੀ ਸਥਿਤੀ ਵਿੱਚ ਜੇਕਰ ਉਸ ਨੂੰ ਫਾਂਸੀ ਦਿੱਤੀ ਜਾਂਦੀ ਹੈ ਤਾਂ ਉਹ ਨਿਆਂ ਨਹੀਂ ਹੋਵੇਗਾ।

ਨਾਨਕਸ਼ਾਹੀ ਕੈਲੰਡਰ ’ਤੇ ਮੁੜ ਵਿਚਾਰ ਕਰਨ, ਪੰਜ ਪਿਆਰਿਆਂ ਦੀ ਬਹਾਲੀ ਤੇ ਹੋਰ ਪੰਥਕ ਮੁੱਦਿਆਂ ਬਾਰੇ ਉਨ੍ਹਾਂ ਆਖਿਆ ਕਿ ਇਹ ਸਾਰੇ ਅਹਿਮ ਮਾਮਲੇ ਹਨ ਅਤੇ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਹੱਲ ਕੀਤਾ ਜਾਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਸਮੂਹ ਧਿਰਾਂ ਨੂੰ ਨਾਲ ਲੈ ਕੇ ਚੱਲਣ ਦੇ ਇੱਛੁਕ ਹਨ ਅਤੇ ਇਸ ਲਈ ਜੇਕਰ ਲੋੜ ਪਈ ਤਾਂ ਉਹ ਸਾਰੀਆਂ ਧਿਰਾਂ ਨੂੰ ਮਿਲਣਗੇ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



JAI SHREE KRISHAN

ਗ੍ਰਹਿਸਥ ਕਮਜ਼ੋਰੀ ਦਾ ਪੱਕਾ ਇਲਾਜ

ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ



ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਕਿਸੇ ਵੀ ਉਮਰ ’ਚ ਆਈ ਗ੍ਰਹਿਸਥ ਕਮਜ਼ੋਰੀ, ਸ਼ੁਕਰਾਣੂ ਘਾਟ ਆਦਿ ਗੁਪਤ ਰੋਗਾਂ ਨੂੰ ਜੜ੍ਹ ਤੋਂ ਪੁੱਟਣ ਲਈ ਟਿਕਾਊ ਇਲਾਜ ਕੀਤਾ ਜਾਂਦਾ ਹੈ। ਨਵਾਂ ਵਿਆਹ ਕਰਵਾਉਣ ਵਾਲੇ ਗੱਭਰੂਆਂ ਨੂੰ ਵਿਸ਼ੇਸ਼ ਦਵਾਈ ਦਿੱਤੀ ਜਾਂਦੀ ਹੈ। ਮੌਕੇ ’ਤੇ ਤੁਰੰਤ ਫਾਇਦਾ ਪਹੁੰਚਾਉਣ ਵਾਲੀ ਦਵਾਈ ਵੀ ਦਿੱਤੀ ਜਾਂਦੀ ਹੈ, ਜੋ ਕਿ ਜਵਾਨੀ ਵਿੱਚ ਹੀ ਨਹੀਂ, ਸਗੋਂ ਬੁਢਾਪੇ ਵਿੱਚ ਵੀ ਬਹੁਤ ਸ਼ਾਨਦਾਰ ਅਸਰ ਕਰਦੀ ਹੈ। ਘਰ ਬੈਠੇ ਫੋਨ ਕਰਕੇ ਦਵਾਈ ਮੰਗਵਾਓ।

ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ

ਚਿਹਰੇ ਦੇ ਦਾਗ ਤੇ ਛਾਹੀਆਂ ਦਾ ਇਲਾਜ | ਸਿਹਤ ਬਣਾਓ ਤੇ ਪਤਲੇਪਨ ਦਾ ਇਲਾਜ
ਜੋੜਾਂ ਦਾ ਦਰਦ ਤੇ ਯੂਰਿਕ ਐਸਿਡ | ਵਾਲ ਝੜਨਾ ਜਾਂ ਸਫੈਦ ਹੋਣਾ

AYURVEDIC MEDICINE, NO SIDE EFFECT

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail :- shweat077@yahoo.com www.surajvanshipharmacy.com
Mobile : 98155-33933 Fax : 0091-181-5062627



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਸਿਟੀ ਆਫ਼ ਫਰੀਮਾਂਟ ਨੇ ਨਵੰਬਰ ਨੂੰ ਸਿੱਖ ਜਾਗਰੂਕਤਾ ਮਹੀਨਾ ਐਲਾਨਿਆ







## ਸਿੱਖਾਂ ਵਲੋਂ ਭਾਈਚਾਰਕ ਸਾਂਝਾਂ ਨੂੰ ਹੋਰ ਮਜਬੂਤ ਕਰਨ ਲਈ ਕੰਮ ਕਰਦੇ ਰਹਿਣ ਦਾ ਅਹਿਦ

**ਫਰੀਮਾਂਟ/ਬਿਊਰੋ ਨਿਊਜ਼:**

ਸਿਟੀ ਕੌਂਸਲ ਆਫ਼ ਫਰੀਮਾਂਟ ਨੇ ਨਵੰਬਰ 2016 ਨੂੰ ਸਿੱਖ ਜਾਗਰੂਕਤਾ ਮਹੀਨੇ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ। ਮੇਅਰ ਬਿੱਲ ਹੈਰੀਸਨ ਦੇ ਦਸਤਖਤਾਂ ਹੇਠ ਜਾਰੀ ਐਲਾਨ ਅਨੁਸਾਰ ਅਮਰੀਕੀ ਸਮਾਜ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਧਿਆਨ ਵਿੱਚ ਰਖਦਿਆਂ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨੂੰ ਸਿੱਖਾਂ ਦੇ ਸਭਨਾਂ ਵਰਗਾਂ ਅਤੇ ਧਰਮਾਂ ਪ੍ਰਤੀ ਸਹਿਯੋਗ ਅਤੇ ਸਦਭਾਵਨਾ ਵਾਲੇ ਸਿਧਾਂਤਾਂ ਸਬੰਧੀ ਜਾਗਰੂਕ ਕੀਤਾ ਜਾਵੇਗਾ।ਬਿਆਨ ਵਿੱਚ ਕਿਹਾ ਗਿਆ ਹੈ ਕਿ ਸਿੱਖਾਂ ਵਲੋਂ 100 ਸਾਲ ਪਹਿਲਾਂ 20ਵੀਂ ਸਦੀ ਦੇ ਸ਼ੁਰੂ ਵਿੱਚ ਇੱਥੇ ਆਉਣ ਬਾਅਦ ਖੇਤੀ ਫਾਰਮਾਂ, ਆਰਾਂ ਮਿੱਲਾਂ, ਖਾਣਾਂ ਵਿੱਚ ਕੰਮ ਕਰਨ ਤੋਂ ਇਲਾਵਾ ਓਰੇਗਨ, ਪੈਸੇਫਿਕ ਅਤੇ ਈਸਟਰਨ ਰੇਲ ਲਾਈਨ ਵਿਛਾਉਣ ਦੇ ਪ੍ਰਾਜੈਕਟਾਂ ਉੱਤੇ ਕੰਮ ਕਰਦਿਆਂ ਅਮਰੀਕਾ ਦੇ ਬਹੁਪੱਖੀ ਵਿਕਾਸ ਵਿੱਚ ਵੱਡਾ ਹਿੱਸਾ ਪਾਇਆ ਗਿਆ ਹੈ।

ਅੱਜ 5ਵੇਂ ਵੱਡੇ ਧਰਮ ਵਜੋਂ ਦੁਨੀਆ ਵਿੱਚ ਸਿੱਖਾਂ ਦਾ ਵਿਸ਼ੇਸ਼ ਸਥਾਨ ਅਤੇ ਪਹਿਚਾਣ ਹੈ।23 ਮਿਲੀਅਨ ਤੋਂ ਵੱਧ ਸਿੱਖ ਦੁਨੀਆ ਦੇ ਕੋਨੇ ਕੋਨੇ ਵਿੱਚ ਵਸਦੇ ਹਨ। ਇਕੱਲੇ ਅਮਰੀਕਾ ਵਿੱਚ 250,000 ਦੇ ਕਰੀਬ ਸਿੱਖ ਹਨ ਜਿਨ੍ਹਾਂ ਵਿਚੋਂ 40 ਪ੍ਰਤੀਸ਼ਤ ਦੇ ਕਰੀਬ ਇਕੱਲੇ ਕੈਲੀਫੋਰਨੀਆ ਵਿੱਚ ਹਨ।

ਅਮਰੀਕਾ ਦੇ ਆਰਥਿਕ, ਸਭਿਆਚਾਰਕ, ਸਮਾਜਕ ਖੇਤਰ ਵਿੱਚ ਅਪਣੀ ਵਿਸ਼ੇਸ਼ ਥਾਂ ਅਤੇ ਯੋਗਦਾਨ ਦੇ ਨਾਲ ਸਿੱਖ ਦੇਸ਼ ਦੀਆਂ ਹਥਿਆਰਬੰਦ ਫੌਜਾਂ ਵਿੱਚ ਸ਼ਾਮਲ ਹੋ ਕੇ ਕੁਰਬਾਨੀਆਂ ਦੇਣ ਵਿੱਚ ਵੀ ਕਿਸੇ ਤੋਂ ਘੱਟ ਨਹੀਂ। ਇਸੇ ਸਦਕਾ ਸਿੱਖ ਅਮਰੀਕੀ ਸਮਾਜ ਵਿੱਚ ਸਤਿਕਾਰਤ ਥਾਂ ਰਖਦੇ ਹਨ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਸਿੱਖ ਪਹਿਚਾਣ, ਵਿਰਸੇ, ਇਤਿਹਾਸ ਅਤੇ ਪੰਜਾਬੀ ਭਾਸ਼ਾ ਸਬੰਧੀ ਅਮਰੀਕੀ ਪ੍ਰਸ਼ਾਸ਼ਨ ਅਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਡਾ. ਓਂਕਾਰ ਸਿੰਘ ਬਿੰਦਰਾ, ਹਰਜੀਤ ਕੌਰ (ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਸਿੱਖ ਕੋਲੀਸ਼ਨ), ਸਾਊਥ ਏਸ਼ੀਅਨ ਹਿਸਟਰੀਜ਼ ਫਾਰਆਲ ਕਲੀਸ਼ਨ, ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ, ਰਾਜ ਦੀ ਅਸੈਂਬਲੀ ਦੇ ਮੈਂਬਰਾਂ, ਸਿੱਖ ਅਮਰੀਕਨ ਲੀਗਲ ਐਂਡ ਐਜੂਕੇਸ਼ਨ ਫੰਡ ਅਤੇ ਹੋਰਨਾਂ ਜਥੇਬੰਦੀਆਂ, ਸੰਸਥਾਵਾਂ ਅਤੇ ਸਖ਼ਸ਼ੀਅਤਾਂ ਨੇ ਲਗਾਤਾਰ ਕੋਸ਼ਿਸ਼ਾਂ ਰਾਹੀਂ ਕੀਤੀਆਂ ਹਨ । ਇਨ੍ਹਾਂ ਨੇ ਸਿੱਖ ਪਹਿਚਾਣ ਦੇ ਨਾਲ ਨਾਲ ਅਰਬ, ਮੁਸਲਿਮ ਅਤੇ ਹੋਰਨਾਂ ਭਾਈਚਾਰੇ ਦੇ ਲੋਕਾਂ, ਸਿੱਖ ਮੁਸਲਿਮ ਅਤੇ ਦੱਖਣ ਏਸ਼ੀਅਨ ਵਿਦਿਆਰਥੀਆਂ ਨਾਲ ਨਸਲੀ ਵਿਤਕਰੇ ਤੇ ਹਿੰਸਾ ਨੂੰ ਰੋਕਣ ਲਈ ਯਤਨ ਜਾਰੀ ਰੱਖੇ ਹੋਏ ਹਨ। ਸਿੱਖ ਜਾਗਰੂਕਤਾ ਮਹੀਨਾ ਇਨ੍ਹਾਂ ਹੀ ਯਤਨਾਂ ਨੂੰ ਜਾਰੀ ਰੱਖਣ ਦਾ ਉਪਰਾਲਾ ਹੈ। ਬੇਅ ਏਰੀਏ ਦੀਆਂ ਸਿੱਖ ਜਥੇਬੰਦੀਆਂ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਮੇਅਰ ਸਮੇਤ ਸਿਟੀ ਕੌਂਸਲ ਆਫ਼ ਫਰੀਮਾਂਟ ਦਾ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਹੈ ਸਿੱਖ ਅਮਰੀਕੀ ਸਮਾਜ ਦੇ ਅਟੁੱਟ ਅੰਗ ਵਜੋਂ ਸਦਾ ਭਾਈਚਾਰਕ ਸਾਂਝਾਂ ਨੂੰ ਹੋਰ ਮਜਬੂਤ ਕਰਨ ਲਈ ਕੰਮ ਕਰਦੇ ਰਹਿਣਗੇ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

*Office Hours*
*Mon-Fri*
*9am-6pm*
*Saturday*
*9am-5pm*

CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

**ਹਰਿਆਣਾ ਦੇ ਪੱਖ ਵਿਚ ਆਈ ਸੁਪਰੀਮ ਕੋਰਟ**

**ਅਦਾਲਤ ਦੀ ਰਾਏ... ਪੰਜਾਬ ਦਾ ਜਲ ਸਮਝੌਤਾ ਰੱਦ ਕਰਨਾ ਗੈਰ ਸੰਵਿਧਾਨਕ, ਕੇਂਦਰ ਪੂਰਾ ਕਰੇ ਨਹਿਰ ਦਾ ਕੰਮ**

**ਸਿਆਸਤ...ਕੈਪਟਨ-ਕਾਂਗਰਸ ਵਿਧਾਇਕਾਂ ਦੇ ਅਸਤੀਫ਼ੇ, ਸੁਖਬੀਰ ਬੋਲੇ-ਅਸਤੀਫ਼ਾ ਨਹੀਂ ਦਿਆਂਗੇ, ਜੰਗ ਲੜਾਂਗੇ**

# ਐਸ.ਵਾਈ.ਐਲ. ਦੀ ਲੜਾਈ ਹਾਰਿਆ ਪੰਜਾਬ

## 8 ਲੱਖ ਹੈਕਟੇਅਰ ’ਤੇ ਨਿਰਭਰ 5 ਲੱਖ ਕਿਸਾਨਾਂ ਦੇ ਹਿੱਸੇ ਦਾ ਪਾਣੀ ਜਾਏਗਾ ਹਰਿਆਣਾ

### ਫ਼ੈਸਲੇ ਨਾਲ ਜੁੜੇ 4 ਸਵਾਲਾਂ ਦੇ ਜਵਾਬ

**1 ਹੁਣ ਅੱਗੇ ਕੀ ?**
ਸੁਪਰੀਮ ਕੋਰਟ ਨੇ ਆਪਣੀ ਰਾਏ ਰਾਸ਼ਟਰਪਤੀ ਨੂੰ ਦੇ ਦਿੱਤੀ ਹੈ। ਹੁਣ ਰਾਸ਼ਟਰਪਤੀ ਪੰਜਾਬ ਨੂੰ ਕਦੋਂ ਤਕ ਇਹ ਦਸਦੇ ਹਨ ਕਿ ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ 2004 ਰੱਦ ਹੋ ਗਿਆ ਹੈ। ਇਹ ਉਨਾਂ ’ਤੇ ਹੈ।

**2. ਕਿੰਨਾ ਹਿੱਸਾ ਬਣਦਾ ਹੈ ?**
ਪੰਜਾਬ ਵਿਚ ਨਹਿਰ ਦਾ ਕਰੀਬ 85 ਫ਼ੀਸਦੀ ਕੰਮ ਪੂਰਾ ਹੋ ਗਿਆ ਸੀ ਤੇ 15 ਫ਼ੀਸਦੀ ਹੀ ਬਾਕੀ ਹੈ। ਹਰਿਆਣਾ ਨੇ ਨਹਿਰ ਦਾ ਪੂਰਾ ਕੰਮ ਮੁਕੰਮਲ ਕਰ ਲਿਆ ਸੀ।

**3. ਮਾਹੌਲ ਤਾਂ ਨਹੀਂ ਵਿਗੜੇਗਾ ?**
ਸੁਖਬੀਰ ਬੋਲੇ–‘ਹੁਣ ਅੱਤਵਾਦ ਵਰਗੇ ਹਾਲਾਤ ਨਹੀਂ। ਹੁਣ ਹਰ ਪੰਜਾਬੀ ਇਕਜੁਟ ਹੈ। ਸ਼ਾਂਤੀਪੂਰਨ ਅੰਦੋਲਨ ਕਰਾਂਗੇ।’ ਕੈਪਟਨ ਕਹਿ ਰਹੇ ਹਨ ਕਿ ਬਾਦਲ ਮਾਹੌਲ ਖ਼ਰਾਬ ਕਰਨਾ ਚਾਹੁੰਦੇ ਹਨ।

**4. ਸਿਆਸੀ ਨਫ਼ਾ-ਨੁਕਸਾਨ ?**
ਸਿਆਸੀ ਮਾਹਰਾਂ ਅਨੁਸਾਰ ਕਾਂਗਰਸ ਨੂੰ ਲਾਭ ਹੋਵੇਗਾ।
ਅਕਾਲੀ ਦਲ ਪਿਛੇ ਹੈ, ਕਿਉਂਕਿ ਉਹ ਕੇਂਦਰ ਵਿਚ ਸ਼ਾਮਲ ਹੈ। ਸਾਰਾ ਮਾਮਲਾ ਕੇਂਦਰ ਦੇ ਪਾਲੇ ਵਿਚ ਹੈ।

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਪਾਣੀ ਦੇ ਮੁੱਦੇ ’ਤੇ ਪੰਜਾਬ ਨੂੰ ਤਗੜਾ ਝਟਕਾ ਦਿੱਤਾ ਹੈ। ਮੰਨਿਆ ਕਿ 2004 ਵਿਚ ਪੰਜਾਬ ਸਰਕਾਰ ਦਾ ਜਲ ਸਮਝੌਤਾ ਰੱਦ ਕਰਨਾ ਗੈਰ ਸੰਵਿਧਾਨਕ ਸੀ। ਇਸ ਪੂਰੇ ਮਾਮਲੇ ’ਤੇ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਤੋਂ ਸਲਾਹ ਮੰਗੀ ਸੀ। ਜਸਟਿਸ ਏ.ਆਰ. ਦਵੇ ਦੀ ਅਗਵਾਈ ਵਾਲੇ ਬੈਂਚ ਦੀ ਇਸ ਰਾਏ ਮਗਰੋਂ ਹੁਣ ਪੰਜਾਬ ਨੂੰ ਹਰਿਆਣਾ ਨੂੰ ਪਾਣੀ ਦੇਣਾ ਪੈ ਸਕਦਾ ਹੈ। ਸੰਵਿਧਾਨਕ ਬੈਂਚ ਦੇ ਫ਼ੈਸਲੇ ਅਨੁਸਾਰ, ਐਸ.ਵਾਈ.ਐਲ. ਨੂੰ ਲੈ ਕੇ ਸੁਪਰੀਮ ਕੋਰਟ ਵਲੋਂ 2002 ਅਤੇ 4 ਜੂਨ 2004 ਨੂੰ ਦਿੱਤੇ ਫ਼ੈਸਲੇ ਲਾਗੂ ਹੋਣਗੇ, ਜਿਸ ਵਿਚ ਕੇਂਦਰ ਨੂੰ ਐਸ.ਵਾਈ.ਐਲ. ਨੂੰ ਆਪਣੇ ਕਬਜ਼ੇ ਵਿਚ ਲੈ ਕੇ ਉਸ ਦਾ ਕੰਮ ਪੂਰਾ ਕਰਨ ਦਾ ਆਦੇਸ਼ ਦਿੱਤਾ ਸੀ। ਇਹ ਆਦੇਸ਼ ਲਾਗੂ ਹੁੰਦਾ ਹੈ ਤਾਂ ਮਾਲਵਾ ਦੇ 8 ਜ਼ਿਲਿਆਂ ਅਤੇ ਦੁਆਬਾ ਦੇ ਕੁਝ ਹਿੱਸੇ ਦੇ ਕੁੱਲ 7 ਲੱਖ ਹੈਕਟੇਅਰ ਦੇ ਹਿੱਸੇ ਦਾ ਅੱਧਾ ਪਾਣੀ ਹਰਿਆਣਾ ਨੂੰ ਦੇਣਾ ਹੋਵੇਗਾ। ਇਸ ਜ਼ਮੀਨ ’ਤੇ 5 ਲੱਖ ਕਿਸਾਨ ਨਿਰਭਰ ਹਨ। ਫੈਸਲਾ ਆਉਂਦੇ ਹੀ ਸਿਆਸਤ ਵੀ ਗਰਮਾ ਗਈ ਹੈ। ਕੈਪਟਨ ਅਮਰਿੰਦਰ ਸਿੰਘ ਨਾਲ ਕਾਂਗਰਸ ਦੇ ਸਾਰੇ ਵਿਧਾਇਕਾਂ ਨੇ ਅਸਤੀਫ਼ੇ ਦੇ ਦਿੱਤੇ ਹਨ। ਬਾਦਲ ਸਰਕਾਰ ਨੇ ਕੈਬਨਿਟ ਮੀਟਿੰਗ ਸੱਦੀ, ਕਿਹਾ–ਕਿਸੇ ਵੀ ਏਜੰਸੀ ਨੂੰ ਨਹਿਰ ਖੋਦਣ ਨਹੀਂ ਦਿਆਂਗੇ। ਸੁਖਬੀਰ ਨੇ ਕਿਹਾ–‘ਅਸੀਂ ਕਾਂਗਰਸ ਦੀ ਤਰਾਂ ਅਸਤੀਫ਼ਾ ਨਹੀਂ ਦਿਆਂ, ਜੰਗ ਲੜਾਂਗੇ।’

## ਕਾਂਗਰਸ ਨੇ ਸਮਝੌਤਾ ਕੀਤਾ ਸੀ, ਬਾਦਲ ਨੇ ਜ਼ਮੀਨ ਦਿੱਤੀ... ਹੁਣ ਸਿਆਸਤ

### ਨੀਂਹ ਪੱਥਰ ਇੰਦਰਾ ਨੇ ਰੱਖਿਆ, ਕੈਪਟਨ ਨੇ ਸਵਾਗਤ ਕੀਤਾ




24 ਮਾਰਚ 1976 ਨੂੰ ਕੇਂਦਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਕਿਹਾ ਕਿ ਪੰਜਾਬ ਤੇ ਹਰਿਆਣਾ ਨੂੰ ਬਰਾਬਰ 3.5 ਐਮ.ਏ.ਐਫ., ਦਿੱਲੀ ਨੂੰ 0.20 ਤੇ ਰਾਜਸਥਾਨ ਨੂੰ 8 ਐਮ.ਏ.ਐਫ ਪਾਣੀ ਮਿਲੇਗਾ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 8 ਅਪ੍ਰੈਲ 1982 ਨੂੰ ਇਸ ਦਾ ਨੀਂਹ ਪੱਥਰ ਰੱਖਿਆ। ਕੈਪਟਨ ਅਮਰਿੰਦਰ ਸਿੰਘ ਨੇ ਉਨਾਂ ਦਾ ਸਵਾਗਤ ਕੀਤਾ।
*(ਉਦੋਂ ਅਖ਼ਬਾਰਾਂ ਵਿਚ ਛਪਿਆ ਇਸ਼ਤਿਹਾਰ)*

### ਦੇਵੀਲਾਲ ਨੇ ਕਿਹਾ ਸੀ-ਬਾਦਲ ਨੇ ਦੋਸਤੀ ਨਿਭਾਈ...



ਪਹਿਲਾਂ ਤਾਂ ਅਕਾਲੀ ਦਲ ਵਿਰੋਧ ਵਿਚ ਸੀ, ਫਿਰ ਬਾਦਲ ਨੇ 20 ਫਰਵਰੀ 1978 ਨੂੰ ਐਸ.ਵਾਈ.ਐਲ. ਦੀ ਜ਼ਮੀਨ ’ਤੇ ਐਕਵਾਇਰ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਇਕ ਮਾਰਚ 1978 ਨੂੰ ਇਸ ਲਈ ਦੇਵੀਲਾਲ ਨੇ ਹਰਿਆਣਾ ਵਿਧਾਨ ਸਭਾ ਵਿਚ ਬਾਕਾਇਦਾ ਬਾਦਲ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਬਾਦਲ ਨਾਲ ਉਨਾਂ ਦੇ ਨਿੱਜੀ ਸਬੰਧਾਂ ਕਾਰਨ ਹੀ ਇਹ ਸੰਭਵ ਹੋ ਸਕਿਆ ਹੈ। (**ਬਾਦਲ-ਦੇਵੀਲਾਲ ਇਕ ਸਭਾ ਵਿਚ**)

### ਪੰਜਾਬ ਇੰਜ ਰੁਕਵਾਏਗਾ...

**ਅਸੀਂ ਰਾਸ਼ਟਰਪਤੀ ਨੂੰ ਮਨਾਉਣ ਜਾਵਾਂਗੇ : ਸੁਖਬੀਰ ਬਾਦਲ**

- ਸੁਪਰੀਮ ਕੋਰਟ ਦੀ ਰਾਏ ਮਗਰੋਂ ਵੀ ਪੰਜਾਬ ਨੇ ਹਰਿਆਣਾ ਨੂੰ ਪਾਣੀ ਨਾ ਦੇਣ ਦਾ ਐਲਾਨ ਕੀਤਾ ਹੈ। ਇਹ ਅਦਾਲਤ ਦੀ ਉਲੰਘਣਾ ਨਹੀਂ ਹੈ, ਨਹਿਰ ਬਣਨ ਤੋਂ ਕਿਵੇਂ ਰੋਕੋਂਗੇ ?

– ਹਾਲੇ ਸੁਪਰੀਮ ਕੋਰਟ ਦੀ ਰਾਸ਼ਟਰਪਤੀ ਨੂੰ ਰਾਏ ਹੈ, ਉਲੰਘਣਾ ਦਾ ਸਵਾਲ ਹੀ ਨਹੀਂ । ਬੰਜਰ ਹੁੰਦੇ ਪੰਜਾਬ ਦੇ ਹਾਲਾਤ ਬਾਰੇ ਰਾਸ਼ਟਰਪਤੀ ਨੂੰ ਦੱਸਿਆ ਜਾਵੇਗਾ। ਇਸ ਲਈ ਪੂਰੀ ਕੈਬਨਿਟ ਉਨਾਂ ਨੂੰ ਮਿਲਣ ਜਾਏਗੀ।

- ਕੈਪਟਨ ਅਮਰਿੰਦਰ ਸਮੇਤ ਤਮਾਮ ਕਾਂਗਰਸੀ ਵਿਧਾਇਕਾਂ ਨੇ ਅਸਤੀਫ਼ਾ ਦਿੱਤਾ ਹੈ, ਜਦਕਿ ਮੁੱਖ ਮੰਤਰੀ ਤੇ ਤੁਸੀਂ ਅਸਤੀਫ਼ੇ ਤੋਂ ਇਨਕਾਰ ਕੀਤਾ ਹੈ ?

– ਕਾਂਗਰਸੀਆਂ ਦਾ ਅਸਤੀਫ਼ਾ ਡਰਾਮਾ ਹੈ। ਐਸ.ਵਾਈ.ਐਲ. ਦੀ ਅਸਲੀ ਜੜ ਅਮਰਿੰਦਰ ਹੀ ਹੈ। ਸਰਕਾਰ ਅਸਤੀਫ਼ਾ ਦੇ ਕੇ ਬੈਠ ਜਾਂਦੀ ਤਾਂ ਵਿਕਾਸ ਦੇ ਕੰਮ ਠੱਪ ਹੋ ਜਾਂਦੇ, ਜੋ ਅਗਲੇ ਤਿੰਨ ਮਹੀਨੇ ਵਿਚ ਹੋਣੇ ਹਨ।

- ਸ਼੍ਰੋਮਣੀ ਅਕਾਲੀ ਦਲ ਨੇ 8 ਦਸੰਬਰ ਤੋਂ ਪਾਣੀ ਬਚਾਓ–ਪੰਜਾਬ ਬਚਾਓ ਅੰਦੋਲਨ ਦਾ ਫ਼ੈਸਲਾ ਕੀਤਾ ਹੈ। ਕੀ ਫਿਰ ਹਾਲਾਤ ਖ਼ਰਾਬ ਹੋਣਗੇ ?

– ਹਾਲਾਤ ਖ਼ਰਾਬ ਹੋਣ ਦਾ ਸਵਾਲ ਹੀ ਨਹੀਂ। ਹਰ ਪੰਜਾਬੀ ਪਾਣੀ ਦੀ ਲੜਾਈ ਵਿਚ ਸਰਕਾਰ ਦੇ ਨਾਲ ਹੈ। ਅੱਤਵਾਦ ਜੜ ਤੋਂ ਖ਼ਤਮ ਹੋ ਚੁੱਕਾ ਹੈ।

### ਖੱਟਰ-ਬਾਦਲ ਇਕ ਮੰਚ ’ਤੇ ਸਨ, ਮਨੋਹਰ ਨੇ ਖ਼ੁਸ਼ੀ ਪ੍ਰਗਟਾਈ ਤੇ ਬਾਦਲ ਮੌਨ ਰਹੇ...



**ਟੈਗੋਰ ਥੀਏਟਰ ਵਿਚ ਛਤੀਸਗੜ ਦੇ ਗਵਰਨਰ ਬਲਰਾਮ ਜੀ ਦਾਸ ਟੰਡਨ ਦਾ ਜਨਮ ਦਿਨ ਮਨਾਇਆ ਜਾ ਰਿਹਾ ਸੀ। ਮੰਚ ’ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਮੌਜੂਦ ਸਨ।**

**ਅੱਗੇ ਕੀ... ਪੰਜਾਬ ਕੋਲ ਵੀ ਰਵਿਊ ਪਟੀਸ਼ਨ ਦਾ ਬਦਲ...**
ਪੰਜਾਬ ਕੋਲ ਰਵਿਊ ਪਟੀਸ਼ਨ ਅਤੇ ਕਿਊਰੇਟਿਵ ਦਾ ਬਦਲ ਹੈ। ਸੁਖਬੀਰ ਬੋਲੇ– ਕਿਸੇ ਦੀ ਹਿੰਮਤ ਨਹੀਂ ਹੈ ਕਿ ਪੰਜਾਬ ਵਿਚ ਵੜ ਕੇ ਪਾਣੀ ਲੈ ਸਕੇ।

**ਅੱਗੇ ਕੀ... ਹਰਿਆਣਾ ਨੂੰ ਅਮਲ ਕਰਨ ਲਈ ਅਦਾਲਤ ਜਾਣਾ ਪਏਗਾ...**
ਹਰਿਆਣਾ ਨੂੰ ਹੁਣ ਅਦਾਲਤ ਵਿਚ ਕਹਿਣਾ ਹੋਵੇਗਾ ਕਿ ਉਹ ਕੇਂਦਰ ਨੂੰ ਨਹਿਰ ਬਣਾਉਣ ਦਾ ਆਦੇਸ਼ ਜਲਦੀ ਦੇਵੇ।

### ਹਰਿਆਣਾ ਇੰਜ ਬਣਾਏਗਾ...

**ਪੁਰਾਣੇ ਸਮਝੌਤੇ ਨੂੰ ਲਾਗੂ ਕਰਵਾਵਾਂਗੇ : ਖੱਟਰ**

- **ਸੁਪਰੀਮ ਕੋਰਟ ਦਾ ਫ਼ੈਸਲਾ ਕਿਵੇਂ ਲਾਗੂ ਕਰਵਾਓਗੇ ?**

– ਹੁਣ ਇਹ ਫ਼ੈਸਲਾ ਰਾਸ਼ਟਰਪਤੀ ਕੋਲ ਜਾਵੇਗਾ। ਉਹ ਪੰਜਾਬ ਸਰਕਾਰ ਵਲੋਂ ਪਾਸ ਐਕਟ ਨੂੰ ਵਾਪਸ ਕਰਨਗੇ। ਉਸ ਮਗਰੋਂ ਪੁਰਾਣੇ ਫ਼ੈਸਲੇ ਲਾਗੂ ਹੋਣਗੇ। ਅਸੀਂ ਸ਼ਾਂਤੀਪੂਰਨ ਤਰੀਕਾ ਅਪਣਾਵਾਂਗੇ।

- **ਪੰਜਾਬ ਵਿਚ ਨੇਤਾਵਾਂ ਦੇ ਅਸਤੀਫ਼ੇ ਸ਼ੁਰੂ ਹੋ ਗਏ ਹਨ। ਪਾਣੀ ਬਚਾਓ-ਪੰਜਾਬ ਬਚਾਓ ਦਾ ਨਾਅਰਾ ਦਿੱਤਾ ਹੈ। ਹਰਿਆਣਾ ਕੀ ਕਰੇਗਾ ?**

– ਵਿਧਾਨ ਸਭਾ ਚੋਣਾਂ ਕਾਰਨ ਪੰਜਾਬ ਵਿਚ ਐਸ.ਵਾਈ.ਐਲ. ਨੂੰ ਸਿਆਸੀ ਰੰਗ ਦਿੱਤਾ ਜਾ ਰਿਹਾ ਹੈ।

### 40 ਲੱਖ ਏਕੜ ਫੁੱਟ ਪਾਣੀ ਘੱਟ ਹੋ ਚੁੱਕਾ ਹੈ, ਪੰਜਾਬ ਕਿਥੋਂ ਦਏਗਾ ਪਾਣੀ : ਦੁਲੇਟ

ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ ਨੇ ਨਦੀ ਜਲ ਵਿਵਾਦ ਨੂੰ ਫੇਰ ਸੁਲਗਾ ਦਿੱਤਾ ਹੈ। 1966 ਵਿਚ ਹਰਿਆਣਾ ਬਣਨ ਮਗਰੋਂ ਦਹਾਕਿਆਂ ਤੋਂ ਪਾਣੀ ਦੇ ਮਾਮਲੇ ਸੁਪਰੀਮ ਕੋਰਟ ਵਿਚ ਲਟਕ ਰਹੇ ਹਨ। ਇਨਾਂ ਵਿਚ ਹਰਿਆਣਾ ਨੂੰ 1.3 ਐਮ.ਏ.ਐਫ. ਪਾਣੀ ਦੇਣ ਦਾ ਮਾਮਲਾ ਅਹਿਮ ਹੈ, ਜਿਸ ਲਈ ਐਸ.ਵਾਈ.ਐਲ. ਬਣੀ ਹੈ। ਪਰ ਜਿਸ ਤਰਾਂ ਸਤਲੁਜ, ਬਿਆਸ ਤੇ ਰਾਵੀ ਵਿਚ ਪਾਣੀ ਦੀ ਕਮੀ ਆਈ ਹੈ, ਉਸ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਹੈ। ਪੰਜਾਬ ਇਰੀਗੇਸ਼ਨ ਦੇ ਸਾਬਕਾ ਮੁਖੀ ਇੰਜਨੀਅਰ ਏ.ਐਸ. ਦੁਲੇਟ ਦਾ ਮੰਨਣਾ ਹੈ ਕਿ ਐਸ.ਵਾਈ.ਐਲ. ਬਣਾਉਣ ਦੀ ਹੁਣ ਕੋਈ ਤੁਕ ਨਹੀਂ ਹੈ ਕਿਉਂਕਿ ਪਾਣੀ ਦੀ ਉਪਲਬਧਤਾ 40 ਲੱਖ ਏਕੜ ਫੁੱਟ ਘੱਟ ਹੋ ਚੁੱਕੀ ਹੈ। ਜੇਕਰ ਨਵੇਂ ਸਿਰੇ ਤੋਂ ਨਹਿਰ ਬਣਾ ਵੀ ਦਿੱਤੀ ਤਾਂ ਇਸ ਵਿਚ ਪਾਣੀ ਕਿਥੋਂ ਛੱਡਿਆ ਜਾਵੇਗਾ ? ਉਨਾਂ ਦੱਸਿਆ ਕਿ ਜਦੋਂ ਸਬੰਧਤ ਸੂਬਿਆਂ ਵਿਚ 1981 ਵਿਚ ਪਾਣੀ ਦਾ ਬਟਵਾਰਾ ਹੋਇਆ ਤਾਂ ਮੰਨਿਆ ਗਿਆ ਸੀ ਕਿ ਪਾਣੀ ਦੀ ਉਪਲਬਧਤਾ 171.70 ਲੱਖ ਏਕੜ ਫੁੱਟ ਹੈ। ਹੁਣ ਪਾਣੀ ਘੱਟ ਹੋ ਗਿਆ ਹੈ। ਅਜਿਹੇ ਵਿਚ 11 ਲੱਖ ਏਕੜ ਫੁੱਟ ਪਾਣੀ ਕਿਥੋਂ ਦਿੱਤਾ ਜਾਵੇਗਾ। ਜੇਕਰ ਦਿੱਤਾ ਤਾਂ ਪੰਜਾਬ ਦੇ ਮਾਲਵਾ ਦੀ 9 ਲੱਖ ਏਕੜ ਜ਼ਮੀਨ ਬੰਜਰ ਹੋ ਜਾਵੇਗੀ। ਉਥੋਂ ਦੇ ਪਾਣੀ ਵਿਚ ਸ਼ੋਰਾ ਜ਼ਿਆਦਾ ਹੈ ਜੋ ਇਰੀਗੇਸ਼ਨ ਦੇ ਕਾਬਲ ਨਹੀਂ ਹੈ। ਐਸ.ਵਾਈ.ਐਲ. ਵੀ ਹੁਣ ਨਵੇਂ ਸਿਰੇ ਤੋਂ ਬਣਾਉਣੀ ਪਏਗੀ ਜਿਸ ’ਤੇ ਕਰੀਬ 1500 ਕਰੋੜ ਰੁਪਏ ਖ਼ਰਚ ਹੋਣਗੇ। ਉਨਾਂ ਕਿਹਾ ਕਿ ਲੰਬੇ ਸਮੇਂ ਤੋਂ ਇਹ ਨਹਿਰ ਬਣੀ ਹੋਣ ਕਾਰਨ ਇਸ ਦਾ ਕੰਕਰੀਟ ਬਰਬਾਦ ਹੋ ਚੁੱਕਾ ਹੈ। ਹੁਣ ਗੱਲ 90 ਫ਼ੀਸਦੀ ਬਣੇ ਹੋਣ ਦੀ ਨਹੀਂ ਬਲਕਿ ਪੂਰੀ ਦੀ ਪੂਰੀ ਨਹਿਰ ਨਵੇਂ ਸਿਰੇ ਤੋਂ ਬਣਾਉਣੀ ਪਏਗੀ।

# ਜੇ ਹਰਿਆਣਾ ਨੂੰ ਪਾਣੀ ਦਿੱਤਾ ਤਾਂ ਅੱਧਾ ਪੰਜਾਬ ਬੰਜਰ ਹੋ ਜਾਵੇਗਾ

## ਮਾਹਰਾਂ ਅਨੁਸਾਰ-ਲੁਧਿਆਣਾ, ਪਟਿਆਲਾ, ਬਠਿੰਡਾ ਸਮੇਤ ਮਾਲਵਾ ਦਾ ਹੋਵੇਗਾ ਬੁਰਾ ਹਾਲ

**ਜਲੰਧਰ/ਰਣਦੀਪ ਵਸ਼ਿਸ਼ਟ** : ਹਰਿਆਣਾ ਨੂੰ ਪਾਣੀ ਦੇਣਾ ਪਿਆ ਤਾਂ ਅੱਧੇ ਪੰਜਾਬ ਦੀ ਜ਼ਮੀਨ ਬੰਜਰ ਹੋ ਜਾਵੇਗੀ। ਸਭ ਤੋਂ ਜ਼ਿਆਦਾ ਅਸਰ ਮਾਲਵਾ ਦੇ 8 ਜ਼ਿਲਿਆਂ 'ਤੇ ਪਏਗਾ, ਜਿਥੇ ਹਾਲਾਤ ਪਹਿਲਾਂ ਹੀ ਖ਼ਤਰਨਾਕ ਹਨ। ਦੁਆਬਾ ਵੀ ਅਛੂਤਾ ਨਹੀਂ ਰਹੇਗਾ। ਪਾਣੀ ਮਾਮਲਿਆਂ ਦੇ ਮਾਹਰ ਐਨਵਾਇਰਮੈਂਟ ਅਪਰੇਜ਼ਲ ਕਮੇਟੀ ਆਫ਼ ਰਿਵਰ ਵੈਲੀ ਐਂਡ ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਸ ਦੇ ਨੈਸ਼ਨਲ ਵਾਈਸ ਚੇਅਰਮੈਨ ਹਰਦੀਪ ਸਿੰਘ ਕਿੰਗਰਾ ਅਨੁਸਾਰ ਮਾਲਵਾ ਤੋਂ 5 ਲੱਖ ਕਿਸਾਨ ਬਰਬਾਦ ਹੋ ਜਾਣਗੇ। ਪੰਜਾਬ ਕੋਲ ਆਪਣੇ ਲਈ ਵੀ ਪਾਣੀ ਨਹੀਂ ਹੈ, ਹਰਿਆਣਾ ਨੂੰ ਕਿਥੋਂ ਦੇ ਦੇਵੇ। ਹਰਿਆਣਾ ਨੂੰ ਪਾਣੀ ਦਿੱਤਾ ਤਾਂ ਰੋਪੜ ਹੈਡਵਰਕਸ ਤੋਂ ਨਿਕਲਣ ਵਾਲੀ ਪੰਜਾਬ ਦੀ ਸਭ ਤੋਂ ਵੱਡੀ ਸਰਹਿੰਦ ਕਨਾਲ, ਭਾਖੜਾ ਮੇਨ ਲਾਈਨ ਤੇ ਬਿਸਤ ਦੁਆਬ ਕਨਾਲ ਦੇ ਨਾਲ ਨਾਲ ਹਰੀਕੇ ਪੱਤਨ ਤੋਂ ਨਿਕਲਣ ਵਾਲੀਆਂ ਨਹਿਰਾਂ ਦਾ ਪਾਣੀ ਵੀ ਘੱਟ ਕਰਨਾ ਪਏਗਾ। ਰੋਪੜ ਹੈਡਵਰਕਸ ਤੋਂ ਨਿਕਲਣ ਵਾਲੀ ਸਰਹਿੰਦ ਕਨਾਲ 1882 ਤੋਂ ਪੰਜਾਬ ਦੇ ਕਈ ਜ਼ਿਲਿਆਂ ਨੂੰ ਸਿੰਜਾਈ ਲਈ ਪਾਣੀ ਦੇ ਰਹੀ ਹੈ। ਰੋਪੜ ਤੋਂ ਸ਼ੁਰੂ ਹੋ ਕੇ ਲੁਧਿਆਣਾ ਦੇ ਦੋਰਾਹਾ ਕੋਲ ਇਹ ਤਿੰਨ ਹਿੱਸਿਆਂ ਅਬੋਹਰ ਬਰਾਂਚ, ਪਟਿਆਲਾ ਅਤੇ ਬਠਿੰਡਾ ਬਰਾਂਚ ਵਿਚ ਬਦਲ ਜਾਂਦੀ ਹੈ। ਇਹ ਲੁਧਿਆਣਾ, ਸੰਗਰੂਰ, ਮੋਗਾ ਦੇ ਕੁਝ ਹਿੱਸਿਆਂ, ਬਰਨਾਲਾ, ਬਠਿੰਡਾ, ਮਾਨਸਾ ਨੂੰ ਪਾਣੀ ਦਿੰਦੀ ਹੈ। ਰੋਪੜ ਤੋਂ ਹੀ ਨਿਕਲਣ ਵਾਲੀ ਬਿਸਤ ਦੁਆਬਾ ਨਹਿਰ ਜਲੰਧਰ, ਕਪੂਰਥਲਾ, ਨਵਾਂ ਸ਼ਹਿਰ ਵਿਚ ਸਿੰਜਾਈ ਕਰਦੀ ਹੈ। ਸਰਹਿੰਦ ਫੀਡਰ ਕਨਾਲ ਫਿਰੋਜ਼ਪੁਰ, ਫਰੀਦਕੋਟ ਤੇ ਮੁਕਤਸਰ ਨੂੰ ਪਾਣੀ ਦਿੰਦੀ ਹੈ।

ਤੱਥ – **ਕੁਲ ਖੇਤੀ ਜ਼ਮੀਨ : 42 ਲੱਖ ਹੈਕਟੇਅਰ**

**ਨਹਿਰੀ ਪਾਣੀ 'ਤੇ ਨਿਰਭਰ : 11 ਲੱਖ ਹੈਕਟੇਅਰ** (ਜ਼ਿਆਦਾ ਹਿੱਸਾ ਮਾਲਵਾ ਦਾ)

1980 ਵਿਚ ਪੰਜਾਬ ਦਾ ਜ਼ਮੀਨੀ ਪਾਣੀ ਪੱਧਰ 60–65 ਫੁੱਟ ਸੀ, ਜੋ ਹੁਣ 200 ਫੁੱਟ ਤੋਂ ਵੀ ਹੇਠਾਂ ਹੈ। ਸੰਗਰੂਰ, ਮਾਨਸਾ, ਬਰਨਾਲਾ 300 ਫੁੱਟ ਪਹੁੰਚਿਆ ਪੱਧਰ

ਪੰਜਾਬ ਵਿਚ 144 ਖੇਤੀਬਾੜੀ ਵਿਕਾਸ ਜ਼ੋਨਾਂ ਵਿਚੋਂ 102 ਡਾਰਕ ਜ਼ੋਨ ਐਲਾਨੇ ਹਨ। ਇਸ ਲਈ ਨਹਿਰੀ ਪਾਣੀ ਦਾ ਘਟਨਾ ਬੇਹੱਦ ਖ਼ਤਰਨਾਕ।




## ਪਾਕਿਸਤਾਨ ਨੂੰ ਪਾਣੀ ਨਾ ਜਾਵੇ, ਇਸ ਲਈ ਨਾਨ ਰਿਪੇਰੀਅਨ ਸ਼ਾਮਲ ਕਰਕੇ ਵਧਾਇਆ ਗਿਆ ਵਿਵਾਦ

### ਭਾਰਤ-ਪਾਕਿ ਵੰਡ ਵਿਚ ਮੁੱਖ ਤੌਰ 'ਤੇ ਪੰਜਾਬ ਵੰਡਿਆ

*(ਸਾਬਕਾ ਚੀਫ਼ ਇੰਜਨੀਅਰ ਪਾਲ ਸਿੰਘ ਢਿਲੋਂ ਦੇ ਕਿਤਾਬ ਸਟੋਰੀ ਆਫ਼ ਟੂ ਰਿਵਰਜ਼ ਵਿਚੋਂ)*

ਪੰਜਾਬ ਦਾ ਦੂਸਰੇ ਸੂਬਿਆਂ ਨਾਲ ਪਾਣੀ ਨੂੰ ਲੈ ਕੇ ਝਗੜੇ ਦਾ ਸਭ ਤੋਂ ਵੱਡਾ ਕਾਰਨ ਇਸ ਦਾ ਕੌਮਾਂਤਰੀ ਹੋਣਾ ਵੀ ਹੈ। ਦਰਅਸਲ ਭਾਰਤ ਅਤੇ ਪਾਕਿਸਤਾਨ ਵਿਚਾਲੇ ਛੇ ਨਦੀਆਂ ਸਿੰਧ, ਜਿਹਲਮ, ਚਿਨਾਬ, ਰਾਵੀ, ਸਤਲੁਜ ਤੇ ਬਿਆਨ ਵਹਿੰਦੀਆਂ ਹਨ। ਭਾਰਤ–ਪਾਕਿ ਵੰਡ ਵਿਚ ਮੁੱਖ ਤੌਰ 'ਤੇ ਬਟਵਾਰਾ ਪੰਜਾਬ ਦਾ ਹੋਇਆ ਅਤੇ ਰੈਡੀਕਲਿਫ਼ ਐਵਾਰਡ ਵਲੋਂ ਇਨਾਂ ਨਦੀਆਂ ਵਿਚੋਂ ਨਿਕਲਦੀਆਂ ਨਹਿਰਾਂ ਨੂੰ ਕੱਟਦੀ ਇਕ ਨਦੀ ਹਦਬੰਦੀ ਕਾਇਮ ਕੀਤੀ ਗਈ। ਇਸ ਸਥਿਤੀ ਵਿਚ ਇਸ ਦੇ ਪਾਣੀ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਵੰਡਣ ਦਾ ਸਵਾਲ ਪੈਦਾ ਹੋਇਆ ਜੋ ਵਿਸ਼ਵ ਬੈਂਕ ਨੇ ਕਰਵਾਇਆ। ਇਸ ਵਿਚ ਦੋਹਾਂ ਧਿਰਾਂ ਭਾਰਤ ਤੇ ਪਾਕਿਸਤਾਨ ਨੇ ਜ਼ਰੂਰਤਾਂ ਵਧਾ–ਚੜਾ ਕੇ ਦੱਸੀਆਂ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਪਾਣੀ ਲਿਆ ਜਾ ਸਕੇ। ਭਾਰਤ ਦੇ ਪ੍ਰਤੀਨਿਧ ਐਨ.ਡੀ. ਗੁਲਾਟੀ ਨੇ ਭਾਰਤ ਦੇ ਘੱਗਰ, ਜੋ ਕਿ ਬਰਸਾਤੀ ਨਾਲਾ ਸੀ, ਨੂੰ ਵੀ ਨਦੀ ਬਣਾ ਕੇ ਪੇਸ਼ ਕਰਕੇ ਇਸ ਨੂੰ ਸਿੰਧੂ ਨਦੀ ਜਲ ਖੇਤਰ ਵਿਚ ਪਵਾ ਲਿਆ। ਇਹ ਪੂਰੀ ਤਰਾਂ ਨਾਲ ਅਵਿਗਿਆਨਕ ਗੱਲ ਸੀ ਕਿਉਂਕਿ ਭੂਗੋਲਿਕ ਸਚਾਈ ਇਹ ਹੈ ਕਿ ਇਸ ਬਰਸਾਤੀ ਨਾਲੇ ਦਾ ਨਿਕਾਸ ਕਿਸੇ ਸਮੁੰਦਰ ਵਿਚ ਨਹੀਂ ਹੁੰਦਾ ਬਲਕਿ ਰਾਜਸਥਾਨ ਦੇ ਰੇਤ ਦੇ ਟਿੱਬਿਆਂ ਵਿਚ ਹੁੰਦਾ ਹੈ। ਪਰ ਭਾਰਤ ਨੇ ਇਸ ਨਕਲੀ ਹਿੱਸੇ ਨੂੰ ਵਿਸ਼ਵ ਬੈਂਕ ਦੇ ਸਾਹਮਣੇ ਪੇਸ਼ ਕਰ ਦਿੱਤਾ। ਹਾਲਾਂਕਿ ਪਾਕਿਸਤਾਨ ਦੇ ਪ੍ਰਤੀਨਿਧ ਨੇ ਇਸ 'ਤੇ ਇਤਰਾਜ਼ ਕੀਤਾ ਪਰ ਉਨਾਂ ਦੀ ਨਾ ਚੱਲੀ। ਪਰ ਰਾਵੀ ਤੇ ਬਿਆਸ ਨਦੀਆਂ ਦੇ ਕੁਲ 189.9 ਲੱਖ ਏਕੜ ਫੁੱਟ ਪਾਣੀ ਤੋਂ 80 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਚਲਾ ਗਿਆ ਜੋ ਪੂਰੀ ਤਰਾਂ ਨਾਲ ਨਾਨ ਰਿਪੇਰੀਅਨ ਸੀ। ਨਾਨ ਰਿਪੇਰੀਅਨ ਸਟੇਟ ਨੂੰ ਰਿਪੇਰੀਅਨ ਸਟੇਟ ਤੋਂ ਲਗਭਗ ਦੁਗਣਾ ਪਾਣੀ ਦੇ ਦਿੱਤਾ ਗਿਆ।

*ਚੋਣਾਂ ਨੂੰ ਦੇਖਦਿਆਂ ਪਾਣੀ ਦੀ ਥਾਂ ਖ਼ੂਨ ਦੇਣ ਦਾ ਦਾਅਵਾ ਕਰਨ ਵਾਲੀ ਸਰਕਾਰ ਤੇ ਵਿਰੋਧੀ ਧਿਰ ਨੇ ਇੰਜ ਖਾਈ ਮਾਤ*

# 40 ਵਕੀਲਾਂ ਦੀ ਫ਼ੌਜ ਨਾਲ ਜਿੱਤਿਆ ਹਰਿਆਣਾ, ਪੰਜਾਬ ਅੱਧੇ ਸਮੇਂ ਇਕ ਵਕੀਲ ਦੇ ਸਹਾਰੇ ਲੜਦਾ ਰਿਹਾ

ਚੰਡੀਗੜ੍ਹ/ਹਰੀਸ਼ ਮਾਨਵ :
ਪੰਜਾਬ ਸਰਕਾਰ ਅਤੇ ਵਿਰੋਧੀ ਪਾਰਟੀਆਂ ਐਸ.ਵਾਈ.ਐਲ. ਦੇ ਮੁੱਦੇ 'ਤੇ ਸਿਆਸੀ ਜ਼ਮੀਨ ਸਿੰਜਦੀਆਂ ਰਹੀਆਂ, ਦੂਸਰੇ ਪਾਸੇ ਹਰਿਆਣਾ ਸੁਪਰੀਮ ਕੋਰਟ ਵਿਚ ਪੂਰੀ ਤਾਕਤ ਨਾਲ ਡਟਿਆ ਰਿਹਾ। ਪੰਜ ਜੱਜਾਂ ਦੀ ਫੁਲ ਬੈਂਚ ਕੋਲ 12 ਸਾਲਾਂ ਤੋਂ ਪੈਂਡਿੰਗ ਮਾਮਲਿਆਂ ਨੂੰ ਅੱਗੇ ਵਧਾਉਣ ਲਈ ਉਹ 12 ਮਹੀਨੇ ਪਹਿਲਾਂ 40 ਵਕੀਲਾਂ ਦੀ ਫ਼ੌਜ ਨਾਲ ਉਤਰਿਆ ਅਤੇ ਇਕ ਇਕ ਦਲੀਲ ਰੱਖ ਕੇ ਆਪਣੇ ਹੱਕ ਵਿਚ ਫ਼ੈਸਲਾ ਕਰਵਾ ਗਿਆ।

ਦੂਸਰੇ ਪਾਸੇ ਪੰਜਾਬ ਸਰਕਾਰ ਅੱਧੀ ਸੁਣਵਾਈ ਸਿਰਫ਼ ਇਕ ਜੂਨੀਅਰ ਵਕੀਲ ਦੇ ਸਹਾਰੇ ਲੜਦੀ ਰਹੀ ਤੇ ਸਿਆਸਤ 'ਤੇ ਫੋਕਸ ਰੱਖਿਆ। ਐਸ.ਵਾਈ.ਐਲ. ਦੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਪ੍ਰਸਤਾਵ ਲੈ ਕੇ ਆਈ। ਅਕਾਲੀ ਦਲ ਨੇ ਇਸ ਨੂੰ ਆਪਣੇ ਇਸ਼ਤਿਹਾਰਾਂ ਵਿਚ ਖੂਬ ਪ੍ਰਚਾਰਿਆ, ਹਾਲਾਂਕਿ ਇਸ ਪ੍ਰਸਤਾਵ 'ਤੇ ਗਵਰਨਰ ਨੇ ਹਸਤਾਖ਼ਰ ਨਹੀਂ ਕੀਤੇ। ਹਰਿਆਣਾ ਫਿਰ ਸੁਪਰੀਮ ਕੋਰਟ ਗਿਆ ਤਾਂ 12 ਮਾਰਚ 2016 ਨੂੰ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਆਦੇਸ਼ ਆਏ। ਉਸ ਤੋਂ ਬਾਅਦ ਸਿਰਫ਼ ਸਿਆਸਤ ਹੋਈ, ਪੂਰੀ ਤਾਕਤ ਨਾਲ ਪੈਰਵੀ ਨਹੀਂ। ਨਤੀਜਾ ਹੁਣ ਸਭ ਦੇ ਸਾਹਮਣੇ ਹੈ।

## ਹਰਿਆਣਾ : ਹ.ਫਤੇਭਰ ਵਿਚ ਫਿਰ ਅਪੀਲ

**ਸਿਰ.ਫ ਅਦਾਲਤ ਵਿਚ ਲੜਾਈ, ਬਿਆਨਾਂ ਨਾਲ ਨਹੀਂ...**

2015 ਵਿਚ ਸੁਣਵਾਈ ਲਈ ਮੁੜ ਪਟੀਸ਼ਨ ਦਾਇਰ ਕੀਤੀ। ਜਨਵਰੀ 2016 ਵਿਚ ਲਿਸਟ ਹੋਈ। ਐਡਵੋਕੇਟ ਜਨਰਲ ਬਲਦੇਵ ਰਾਜ ਮਹਾਜਨ ਸਮੇਤ 40 ਵਕੀਲ ਡਟੇ ਰਹੇ।

**ਜ਼ਮੀਨ ਵਾਪਸੀ ਦੇ .ਫੈਸਲੇ ਖ਼ਿਲਾ.ਫ ਤੁਰੰਤ ਅਪੀਲ...**

ਪੰਜਾਬ ਨੇ ਮਾਰਚ ਵਿਚ ਨਹਿਰ ਲਈ ਐਕਵਾਇਰ ਜ਼ਮੀ ਵਾਪਸ ਕਰਨ ਦਾ ਪ੍ਰਸਤਾਵ ਪਾਸ ਕੀਤਾ ਤਾਂ ਹਰਿਆਣਾ ਸਰਕਾਰ ਅਦਾਲਤ ਤੋਂ ਤੁਰੰਤ ਸਟੇਅ ਲੈ ਕੇ ਆ ਗਈ।

**40 ਦਿਨ ਸੁਣਵਾਈ, ਇਕ ਵੀ ਵਕੀਲ .ਗੈਰ-ਹਾਜ਼ਰ ਨਹੀਂ...**

ਤਿੰਨ ਮਹੀਨੇ ਵਿਚ ਕੁਲ 40 ਵਾਰ ਸੁਣਵਾਈ ਹੋਈ। ਇਕ ਵੀ ਦਿਨ ਹਰਿਆਣਾ ਦੇ ਵਵਕੀਲ ਗੈਰ ਹਾਜ਼ਰ ਨਹੀਂ ਰਹੇ। ਪੰਜਾਬ ਦੀਆਂ ਦਲੀਲਾਂ ਨੂੰ ਇਕ ਇਕ ਕਰ ਕੱਟਦੇ ਰਹੇ।

**ਹੁਣ : ਰਾਏ ਦੀ ਕਾਪੀ ਮੰਗਵਾ ਕੇ ਸ਼ੁਰੂ ਕੀਤੀ ਤਿਆਰੀ...**

ਹਰਿਆਣਾ ਕੋਲ ਸੁਪਰੀਮ ਕੋਰਟ ਦੀ ਰਾਏ ਦੀ ਲਿਖਤ ਕਾਪੀ ਪਹੁੰਚ ਗਈ ਹੈ। ਮਹਾਜਨ ਨੇ ਕਿਹਾ ਕਿ ਹਫ਼ਤੇਭਰ ਵਿਚ ਫੇਰ ਸੁਪਰੀਮ ਕੋਰਟ ਵਿਚ ਅਪੀਲ ਕਰਨਗੇ, ਤਾਂਕਿ ਨਹਿਰ ਬਣਨ ਦੀ ਪ੍ਰਕਿਰਿਆ ਸ਼ੁਰੂ ਹੋ ਸਕੇ। ਕਿਹਾ ਕਿ 15 ਜਨਵਰੀ 2002 ਦੇ ਸਮਝੌਤੇ ਮੁਤਾਬਕ ਨਹਿਰ ਨਿਰਮਾਣ ਮਗਰੋਂ ਹਰਿਆਣਾ ਨੂੰ ਉਸ ਦੇ ਹਿੱਸੇ ਦਾ 35 ਲੱਖ ਏਕੜ ਫੁੱਟ ਪਾਣੀ ਮਿਲੇਗਾ।







## ਪੰਜਾਬ : ਹਾਲੇ ਕਾਪੀ ਹੀ ਨਹੀਂ, ਫਿਰ ਸਟੱਡੀ...

**ਸ਼ੁਰੂ ਵਿਚ ਗੰਭੀਰਤਾ ਨਾਲ ਨਹੀਂ ਲਿਆ...**

ਪੰਜਾਬ ਨੂੰ ਸ਼ੱਕ ਸੀ ਕਿ ਕੇਸ ਉਨਾਂ ਖ਼ਿਲਾਫ਼ ਆਏਗਾ। ਇਸ ਲਈ ਸ਼ੁਰੂ ਵਿਚ ਕਿਸੇ ਵੀ ਵੱਡੇ ਵਕੀਲ ਨੂੰ ਹਾਇਰ ਨਹੀਂ ਕੀਤਾ ਗਿਆ। ਦੂਸਰੇ ਪਾਸੇ, ਨੇਤਾਵਾਂ ਦੇ ਬਿਆਨ ਜਾਰੀ ਰਹੇ।

**ਜ਼ਮੀਨ ਵਾਪਸੀ ਦੇ .ਫੈਸਲੇ ਮਗਰੋਂ ਨਹਿਰ ਪੁੱਟ ਦਿੱਤੀ...**

ਹਾਲਾਂਕਿ ਪ੍ਰਸਤਾਵ 'ਤੇ ਗਵਰਨਰ ਨੇ ਹਸਤਾਖ਼ਰ ਨਹੀਂ ਕੀਤੇ। ਪਰ ਸ਼੍ਰੋਮਣੀ ਅਕਾਲੀ ਦਲ ਨੇ 110 ਜੇ.ਸੀ.ਬੀ. ਮਸ਼ੀਨਾਂ ਨਾਲ 19 ਥਾਵਾਂ 'ਤੇ ਨਹਿਰ ਭਰ ਦਿੱਤੀ। ਕਾਂਗਰਸ ਨਹਿਰ ਪੁੱਟਦੀ ਦੇਖੀ ਗਈ।

**ਆਖ਼ਰੀ ਦਿਨਾਂ ਵਿਚ 3 ਵੱਡੇ ਵਕੀਲ ਹਾਇਰ...**

ਰਾਮ ਜੇਠਮਲਾਨੀ, ਹਰੀਸ਼ ਸਾਲਵੇ, ਰਾਜੀਵ ਧਵਨ ਆਖ਼ਰੀ ਦਿਨਾਂ ਵਿਚ ਹਾਇਰ ਕੀਤੇ ਗਏ। ਉਦੋਂ ਤਕ ਜੂਨੀਅਰ ਵਕੀਲ ਦਿਨੇਸ਼ ਕੁਮਾਰ ਗਰਗ 40 ਵਕੀਲਾਂ ਦੀ ਫ਼ੌਜ ਨਾਲ ਲੜਦੇ ਰਹੇ।

**ਹੁਣ : ਰਾਸ਼ਟਪਤੀ 'ਤੇ ਨਿਰਭਰ ਨਹੀਂ ਹੈ...**

ਪੰਜਾਬ ਦੇ ਏ.ਜੀ. ਅਸ਼ੋਕ ਅਗਰਵਾਲ ਦਾ ਕਹਿਣਾ ਹੈ ਕਿ ਅਸੀਂ ਰਾਸ਼ਟਰਪਤੀ 'ਤੇ ਹੀ ਨਿਰਭਰ ਨਹੀਂ ਹਾਂ। ਸੁਪਰੀਮ ਕੋਰਟ ਵਿਚ ਪਟੀਸ਼ਨ ਪਾਵਾਂਗੇ ਕਿ ਰਾਸ਼ਟਰਪਤੀ ਨੂੰ ਦਿੱਤੀ ਰਾਏ 'ਤੇ ਅਮਲ ਨਾ ਹੋਵੇ। ਤਿੰਨ ਮੈਂਬਰਾਂ ਦੀ ਲੀਗਲ ਕਮੇਟੀ ਕਾਇਮ ਹੋ ਗਈ ਹੈ। ਅਸੀਂ ਅਦਾਲਤ ਦੇ ਵਿਚਾਰ ਦੀ ਸਟੱਡੀ ਕਰ ਕੇ ਅਗਲਾ ਕਦਮ ਚੁੱਕਾਂਗੇ। ਇਹ ਸਹੀ ਨਹੀਂ ਹੈ ਕਿ ਲੜਾਈ ਪੂਰੀ ਤਾਕਤ ਨਾਲ ਨਹੀਂ ਲੜੀ। ਸਾਡੇ ਕੋਲ ਮਾਹਰ ਵਕੀਲ ਹਨ।

## ਪੰਜਾਬ ਖ਼ਿਲਾ.ਫ ਆਏ .ਫੈਸਲੇ ਦੇ ਸਾਈਡ ਇਫੈਕਟ

**ਪੰਜਾਬ ਨਹੀਂ ਭੇਜੀਆਂ ਬੱਸਾਂ...**

ਹਰਿਆਣਾ ਨੇ ਪੰਜਾਬ ਵਿਚ ਲੰਬੀ ਦੂਰੀ 'ਤੇ ਚੱਲਣ ਵਾਲੀਆਂ ਰੋਡਵੇਜ਼ ਦੀਆਂ ਬੱਸਾਂ ਬੰਦ ਕਰ ਦਿੱਤੀਆਂ ਹਨ। ਹਰਿਆਣਾ ਟਰਾਂਸਪੋਰਟ ਦੇ ਵਧੀਕ ਚੀਫ਼ ਸਕੱਤਰ ਐਸ.ਐਸ. ਢਿਲੋਂ ਨੇ ਦੱਸਿਆ ਕਿ ਇਹ ਕਦਮ ਅਹਿਤਿਆਤ ਵਜੋਂ ਲਿਆ ਗਿਆ ਹੈ।

**ਫਤਹਿਗੜ ਸਾਹਿਬ ਵਿਚ ਰੋਕੀ ਟਰੇਨ...**

ਕਾਂਗਰਸ ਵਿਧਾਇਕ ਕੁਲਜੀਤ ਸਿੰਘ ਨਾਗਰਾ ਤੇ ਉਨ੍ਹਾਂ ਦੇ ਸਮਰਥਕਾਂ ਨੇ ਰੇਲ ਫਾਟਕ 'ਤੇ ਜਾਮ ਲਗਾ ਕੇ ਜਨਸੇਵਾ ਐਕਸਪ੍ਰੈੱਸ ਟਰੇਨ 45 ਮਿੰਟ ਤਕ ਰੋਕੀ ਰੱਖੀ। ਮੌਕੇ 'ਤੇ ਪਹੁੰਚੀ ਪੁਲੀਸ ਨੇ ਕਾਂਗਰਸੀਆਂ ਨੂੰ ਹਟਾਇਆ ਅਤੇ ਹੋਰ ਗੱਡੀਆਂ ਨਹੀਂ ਰੁਕਣ ਦਿੱਤੀਆਂ।

**ਨੀਮ ਫ਼ੌਜੀ ਦਸਤੇ ਬਣੇ ਰਹਿਣਗੇ...**

ਸਰਬੱਤ ਖ਼ਾਲਸਾ ਦੌਰਾਨ ਅਮਨ ਅਤੇ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਲਈ ਸੱਦੀ ਨੀਮ ਫ਼ੌਜੀ ਦਸਤਿਆਂ ਦੀਆਂ 10 ਕੰਪਨੀਆਂ ਨੂੰ ਹੁਣ ਐਸ.ਵਾਈ.ਐਲ. ਦਾ ਮੁੱਦਾ ਭਖਣ ਕਾਰਨ 19 ਨਵੰਬਰ ਤਕ ਰੋਕ ਲਿਆ ਗਿਆ ਹੈ। ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਇਸ ਦੀ ਪੁਸ਼ਟੀ ਕੀਤੀ ਹੈ।

**ਕੇਂਦਰ ਦਏਗਾ 150 ਸੁਰੱਖਿਆ ਟੁਕੜੀਆਂ...**

ਗ੍ਰਹਿ ਮੰਤਰਾਲੇ ਦੇ ਸੀਨੀਅਰ ਅਫ਼ਸਰਾਂ ਨੇ ਦੋਹਾਂ ਸੂਬਿਆਂ ਦੇ ਡੀ.ਜੀ.ਪੀ. ਨੂੰ ਸੰਪਰਕ ਵਿਚ ਰਹਿਣ ਲਈ ਕਿਹਾ ਹੈ। ਪੰਜਾਬ ਅਤੇ ਹਰਿਆਣਾ ਵਿਚ ਭੇਜਣ ਲਈ ਨੀਮ ਫੌਜੀ ਬਲਾਂ ਦੀਆਂ 150 ਟੁਕੜੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ।

## ਸਿਆਸਤ ਦੀ ਪੂਰੀ ਕਹਾਣੀ...

# 38 ਸਾਲ ਪਹਿਲਾਂ ਬਾਦਲ ਨੇ ਜਾਰੀ ਕੀਤਾ ਸੀ ਪਹਿਲਾ ਨੋਟੀਫਿਕੇਸ਼ਨ

## ਪਰ ਕੈਪਟਨ ਨੇ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਨੂੰ ਵੀ ਛੇੜਿਆ ਤਕ ਨਹੀਂ ਸੀ...

### *ਚੌਧਰੀ ਦੇਵੀ ਲਾਲ ਤੋਂ ਲਏ ਸਨ ਤਿੰਨ ਕਰੋੜ ਰੁਪਏ...*

1978 ਵਿਚ ਪਹਿਲਾ ਨੋਟੀਫਿਕੇਸ਼ਨ ਬਾਦਲ ਨੇ ਹੀ ਜਾਰੀ ਕੀਤਾ ਸੀ। ਬਾਦਲ ਉਸ ਸਮੇਂ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਦੇ ਕਰੀਬੀ ਸਨ। ਜ਼ਮੀਨ ਲਈ 3 ਕਰੋੜ ਦਾ ਪਹਿਲਾ ਚੈੱਕ ਵੀ ਲਿਆ ਸੀ। 1978 ਵਿਚ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਬਾਦਲ ਨੇ ਇੰਦਰਾ ਗਾਂਧੀ ਦੇ ਉਸ ਐਵਾਰਡ ਦਾ ਵਿਰੋਧ ਕੀਤਾ ਸੀ, ਜਿਸ ਵਿਚ ਹਰਿਆਣਾ ਨੂੰ ਪੰਜਾਬ ਦੇ ਬਰਾਬਰ ਸਰਪਲਸ ਪਾਣੀ ਦਾ ਹਿੱਸਾ ਦੇ ਦਿੱਤਾ ਸੀ।

**ਸ.ਫਾਈ -ਅ.ਫਸਰਾਂ ਨੇ ਨਹੀਂ ਦੱਸਿਆ ਸੀ ਮੁੱਖ ਮੰਤਰੀ ਨੂੰ**

ਤਰਜਮਾਨ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਉਹ ਨੋਟੀਫਿਕੇਸ਼ਨ ਦਾ ਤਾਂ ਬਾਦਲ ਨੂੰ ਪਤਾ ਹੀ ਨਹੀਂ ਸੀ। ਇਹ ਤਾਂ ਅ.ਫਸਰ ਹੀ ਜਾਰੀ ਕਰ ਗਏ ਸਨ। ਧਾਰਾ 5 'ਤੇ ਕਿਹਾ, ਇਹ ਅਕਾਲੀ ਦਲ ਦੇ ਮੁੱਖ ਏਜੰਡੇ ਵਿਚ ਹੈ। ਇਸ ਨੂੰ ਵੀ ਰੱਦ ਕਰੇਗੀ।

### *ਹਰਿਆਣਾ ਜਾਣ ਵਾਲੇ ਪਾਣੀ ਦੀ ਧਾਰਾ 9 ਰੱਦ ਕੀਤੀ ਸੀ*

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਧਾਰਾ 9, ਜਿਸ ਤਹਿਤ ਹਰਿਆਣਾ ਨੂੰ ਪਾਣੀ ਜਾਂਦਾ ਹੈ, ਉਹ ਰੱਦ ਕਰ ਦਿੱਤੀ ਸੀ ਪਰ ਧਾਰਾ 5 ਜਿਸ ਤਹਿਤ ਰਾਜਸਥਾਨ ਨੂੰ ਪਾਣੀ ਜਾਂਦਾ ਹੈ, ਨੂੰ ਛੇੜਿਆ ਨਹੀਂ ਸੀ। 2012 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ 'ਤੇ ਧਾਰਾ 5 ਨੂੰ ਵੀ ਰੱਦ ਕੀਤਾ ਜਾਵੇਗਾ। ਹਾਲ ਹੀ ਵਿਚ ਬਾਦਲ ਨੇ ਕਿਸਾਨਾਂ ਨੂੰ ਉਨਾਂ ਦੀ ਜ਼ਮੀਨ ਵਾਪਸ ਕਰਨ ਦਾ ਪ੍ਰਸਤਾਵ ਪਾਸ ਕੀਤਾ ਹੈ।

**ਸ.ਫਾਈ- ਬਾਦਲ ਇਕ ਵਾਰ ਫਿਰ ਬੇਵਕੂ.ਫ ਬਣਾ ਰਹੇ ਹਨ**

ਕਾਂਗਰਸ ਨੇ ਇਸ ਤੋਂ ਪੂਰੀ ਤਰਾਂ ਇਨਕਾਰ ਕਰਦਿਆਂ ਕਿਹਾ ਕਿ ਅਜਿਹਾ ਕੁਝ ਵੀ ਨਹੀਂ ਹੋਇਆ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕ ਵਾਰ ਫਿਰ ਪੰਜਾਬ ਨੂੰ ਬੇਵਕੂ.ਫ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

### ਪਾਕਿ ਜਲ ਸਮਝੌਤੇ ਮਗਰੋਂ ਮਿਲਿਆ ਹੱਕ

**ਪਾਕਿਸਤਾਨ ਦੇ ਨਾਲ ਜਲ ਸਮਝੌਤੇ ਮਗਰੋਂ 31 ਮਾਰਚ 1970 ਨੂੰ ਭਾਰਤ ਦਾ 3 ਦਰਿਆਵਾਂ ਸਤਲੁਜ, ਬਿਆਸ ਤੇ ਰਾਵੀ 'ਤੇ ਮੁਕੰਮਲ ਅਧਿਕਾਰ ਹੋਣ ਮਗਰੋਂ ਭਾਖੜਾ ਕਨਾਲ ਸਿਸਟਮ ਲਾਗੂ ਹੋਇਆ। ਉਹ ਇਲਾਕਾ ਜੋ ਅੱਜ ਹਰਿਆਣਾ ਹੈ, ਨੂੰ 1.16 ਮਿਲੀਅਨ ਏਕੜ, ਪੰਜਾਬ ਨੂੰ 0.84 ਮਿਲੀਅਨ ਏਕੜ ਤੇ ਰਾਜਸਥਾਨ ਨੂੰ 0.373 ਮਿਲੀਅਨ ਏਕੜ ਲਈ ਪਾਣੀ ਦੇਣਾ ਤੈਅ ਹੋਇਆ ਸੀ।**

### ਉਦੋਂ ਟੌਹੜਾ ਬੋਲੇ ਸਨ, ਬਾਦਲ ਸਾਹਿਬ, ਕਿਉਂ ਅਕਾਲੀ ਦਲ ਦਾ ਬੇੜਾ ਗਰਕ ਕਰਨ ਜਾ ਰਹੇ ਹੋ

ਐਸ.ਵਾਈ.ਐਲ. 'ਤੇ ਨਜ਼ਰ ਰੱਖਣ ਵਾਲੇ ਸੂਤਰਾਂ ਅਨੁਸਾਰ ਇਹ ਵੀ ਤੈਅ ਹੋ ਗਿਆ ਸੀ ਕਿ ਨੀਂਹ ਪੱਥਰ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਦੇ ਨਾਲ ਖ਼ੁਦ ਪ੍ਰਕਾਸ਼ ਸਿੰਘ ਬਾਦਲ ਰੱਖਣਗੇ। ਅਕਾਲੀ ਦਲ ਨਾਲ ਜੁੜੇ ਬਜ਼ੁਰਗ ਨੇ ਦੱਸਿਆ ਕਿ ਇਸ ਗੱਲ ਦੀ ਜਾਣਕਾਰੀ ਜਦੋਂ ਅਕਾਲੀ ਨੇਤਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਮਿਲੀ ਤਾਂ ਉਨਾਂ ਨੇ ਹੀ ਬਾਦਲ ਨੂੰ ਇਹ ਕਹਿੰਦਿਆਂ ਰੋਕ ਦਿੱਤਾ ਸੀ ਕਿ ਬਾਦਲ ਸਾਹਿਬ ਕਿਉਂ ਅਕਾਲੀ ਦਲ ਦਾ ਬੇੜਾ ਗਰਕ ਕਰਨ ਜਾ ਰਹੇ ਹੋ ? ਨੀਂਹ ਪੱਥਰ ਨਹੀਂ ਰੱਖਿਆ ਤੇ ਹਰਿਆਣਾ ਸੁਪਰੀਮ ਕੋਰਟ ਚਲਾ ਗਿਆ। ਬਾਅਦ ਵਿਚ ਪੰਜਾਬ ਨੂੰ ਵੀ ਸੁਪਰੀਮ ਕੋਰਟ ਜਾਣਾ ਪਿਆ। ਸੂਤਰਾਂ ਅਨੁਸਾਰ ਐਸ.ਵਾਈ.ਐਲ. ਦੇ ਏਵਜ ਵਿਚ ਦੇਵੀ ਲਾਲ ਨੇ ਬਾਦਲ ਪਰਿਵਾਰ ਨੂੰ ਗੁੜਗਾਓਂ ਵਾਲੀ ਜ਼ਮੀਨ ਦਿੱਤੀ ਸੀ। ਇਸ 'ਤੇ ਅੱਜ ਬਾਦਲ ਪਰਿਵਾਰ ਦਾ ਸੈਵਨ ਸਟਾਰ ਹੋਟਲ ਹੈ।

### 24 ਸਾਲ ਤਕ ਇਸ ਦਾ ਹੱਲ ਨਹੀਂ ਕੱਢ ਸਕੇ ਸਨ ਜਸਟਿਸ ਇਰਾਡੀ

**ਚੰਡੀਗੜ੍ਹ:** ਨਦੀ ਜਲ ਮਾਮਲੇ ਨੂੰ ਹੱਲ ਕਰਨ ਲਈ ਰਾਜੀਵ ਲੌਂਗੋਵਾਲ ਸਮਝੌਤੇ ਤਹਿਤ ਸੁਪਰੀਮ ਕੋਰਟ ਦੇ ਜਸਟਿਸ ਬਾਲਾਕ੍ਰਿਸ਼ਨ ਇਰਾਡੀ ਦੀ ਅਗਵਾਈ ਵਿਚ ਬਣਿਆ ਇਰਾਡੀ ਟ੍ਰਿਬਿਊਨਲ ਵੀ ਇਸ ਝਗੜੇ ਨੂੰ ਹੱਲ ਨਹੀਂ ਕਰ ਸਕਿਆ। ਉਨ੍ਹਾਂ ਨਾਲ ਜਸਟਿਸ ਏ.ਐਮ. ਅਹਿਮਦੀ ਅਤੇ ਜਸਟਿਸ ਪੀ.ਸੀ. ਬਾਲਾ ਕ੍ਰਿਸ਼ਨ ਮੈਨਨ ਮੈਂਬਰ ਬਣਾਏ ਗਏ। 1987 ਵਿਚ ਟ੍ਰਿਬਿਊਨਲ ਨੇ ਅੰਤਰਿਮ ਰਿਪੋਰਟ ਜ਼ਰੂਰ ਦਿੱਤੀ ਪਰ ਫਾਈਨਲ ਰਿਪੋਰਟ ਅਗਲੇ 24 ਸਾਲ ਤਕ ਨਹੀਂ ਆਈ। 30 ਦਸੰਬਰ 2010 ਨੂੰ ਜਸਟਿਸ ਇਰਾਡੀ ਦਾ ਦੇਹਾਂਤ ਹੋ ਗਿਆ। ਮਾਮਲਾ ਅੱਜ ਤਕ ਨਹੀਂ ਸੁਲਝ ਸਕਿਆ।

# ਕਈ ਪਿੰਡਾਂ ਵਿਚ ਪਾਣੀ ਪਹਿਲਾਂ ਹੀ ਘੱਟ, ਨਾ ਵਿਆਹ ਹੋ ਰਹੇ, ਨਾ ਹੀ ਖੇਤੀ

## ਹਾਲ ਇਹ ਕਿ 25 ਏਕੜ ਜ਼ਮੀਨ ਦਾ ਮਾਲਕ ਵੀ ਸ਼੍ਰੀਗੰਗਾਨਗਰ ਜਾਂਦਾ ਹੈ ਦਿਹਾੜੀ ਕਰਨ ਲਈ



**ਅਬੋਹਰ/ਦਿਨੇਸ਼ ਭਾਰਦਵਾਜ :** ਸੂਬੇ ਦੀ 30 ਲੱਖ 88 ਹਜ਼ਾਰ ਹੈਕਟੇਅਰ ਜ਼ਮੀਨ ਨਹਿਰੀ ਪਾਣੀ ਦੀ ਸਿੰਜਾਈ 'ਤੇ ਨਿਰਭਰ ਹੈ। 14 ਹਜ਼ਾਰ 400 ਕਿਲੋਮੀਟਰ ਲੰਬੀਆਂ ਨਹਿਰਾਂ ਹੋਣ ਦੇ ਬਾਵਜੂਦ ਇਨਾਂ ਜ਼ਮੀਨਾਂ ਨੂੰ ਪਾਣੀ ਨਹੀਂ ਮਿਲ ਰਿਹਾ। ਪੀਣ ਵਾਲਾ ਪਾਣੀ ਵੀ ਕਈ ਵਾਰ ਟੈਂਕਰਾਂ ਨਾਲ ਮੰਗਵਾਉਣਾ ਪੈਂਦਾ ਹੈ। ਇਸ ਨੂੰ ਹੀ ਸਟੋਰ ਕਰ ਕੇ ਕਈ ਦਿਨ ਗੁਜ਼ਾਰਾ ਚਲਦਾ ਹੈ। ਏਨੇ ਵੱਡੇ ਨਹਿਰੀ ਨੈੱਟਵਰਕ ਦੇ ਬਾਵਜੂਦ ਹਾਲਾਤ ਇਹ ਹਨ ਕਿ ਨਹਿਰਾਂ ਦੇ ਕੰਢੇ ਵਸੇ ਪਿੰਡਾਂ ਦੇ ਜ਼ਿਮੀਦਾਰ ਪਰਿਵਾਰਾਂ ਦੇ ਮੁੰਡਿਆਂ ਨੂੰ ਘਰ ਦੇ ਗੁਜ਼ਾਰੇ ਲਈ ਮਜ਼ਦੂਰੀ ਕਰਨੀ ਪੈ ਰਹੀ ਹੈ। ਜੇਕਰ ਰਿਸ਼ਤੇ ਵੇਲੇ ਦਸ ਦੇਣ ਕਿ ਘਰ ਦਾ ਗੁਜ਼ਾਰਾ ਸਿਰਫ਼ ਖੇਤੀ 'ਤੇ ਨਿਰਭਰ ਹੈ ਤਾਂ ਕੁੜੀ ਵਾਲੇ ਰਿਸ਼ਤਾ ਨਹੀਂ ਕਰਦੇ। ਕਈ ਮੁੰਡੇ ਕੁਵਾਰੇ ਹਨ। ਇਹ ਹਾਲਾਤ ਹਨ ਅਬੋਹਰ ਦੇ ਕਈ ਪਿੰਡਾਂ ਦੇ। ਲੋਕਾਂ ਦੀ ਜ਼ਿੰਦਗੀ ਦੁੱਭਰ ਲੱਗਣ ਲੱਗੀ ਹੈ। ਕਹਿੰਦੇ ਹਨ ਕਿ ਪਹਿਲਾਂ ਹੀ ਉਨਾਂ ਨੂੰ ਆਪਣੇ ਹਿੱਸੇ ਦਾ ਪਾਣੀ ਪੂਰਾ ਨਹੀਂ ਮਿਲ ਰਿਹਾ।

ਐਸ.ਵਾਈ.ਐਲ. ਸ਼ੁਰੂ ਹੋਣ 'ਤੇ ਭੁੱਖਮਰੀ ਦੇ ਨਾਲ ਪਿਆਸੇ ਮਰਨ ਦੀ ਨੌਬਤ ਆਏਗੀ। ਕਿਉਂਕਿ ਜ਼ਮੀਨੀ ਪਾਣੀ ਖੇਤੀ ਤੇ ਪੀਣ ਦੇ ਕਾਬਲ ਨਹੀਂ ਹੈ। ਇਨ੍ਹਾਂ ਪਿੰਡਾਂ ਵਿਚ ਪੀਣ ਲਈ ਵੀ ਨਹਿਰੀ ਪਾਣੀ ਹੀ ਇਕਲੌਤਾ ਸਹਾਰਾ ਹੈ। ਪਿੰਡਾਂ ਦੇ ਵਾਟਰ ਵਰਕਸ ਨਹਿਰਾਂ ਨਾਲ ਸਿੱਧੇ ਜੁੜੇ ਹਨ, ਪਰ ਉਥੋਂ ਵੀ ਸਟੋਰੇਜ ਜ਼ਰੂਰਤ ਦੇ ਮੁਕਾਬਲੇ ਇਕ ਚੌਥਾਈ ਹੈ। ਪੰਜਾਬ-ਰਾਜਸਥਾਨ ਸਰਹੱਦ 'ਤੇ ਵਸੇ ਪਿੰਡ ਗੁਮਜਾਲ, ਉਮਾਨਖੇੜਾ, ਪੰਨੀ ਵਾਲਾ ਮਾਹਲਾਂ, ਜੰਡਵਾਲਾ, ਅੱਚਡਿਕੀ ਭੰਗਰ ਖੇੜਾ, ਕੱਲਰ ਖੇੜਾ, ਪੰਜਾਵਾ ਤੂਤਾਂ, ਦੀਵਾਨ ਖੇੜਾ, ਹਰੀਪੁਰਾ, ਸ਼ੇਰ ਗੜ ਸਮੇਤ ਦਰਜਨਾਂ ਅਜਿਹੇ ਪਿੰਡ ਹਨ ਜਿੱਥੋਂ ਦੀ ਕਰੀਬ 60 ਤੋਂ 70 ਫ਼ੀਸਦੀ ਖੇਤੀ ਵਾਲੀ ਜ਼ਮੀ, ਪਾਣੀ ਦੀ ਉਪਲਬਧਤਾ ਨਾ ਹੋਣ ਕਾਰਨ ਹਰ ਸਾਲ ਵੀਰਾਨ ਪਈ ਰਹਿੰਦੀ ਹੈ।

ਪਿੰਡ ਗੁਮਜਾਲ ਦਾ 25 ਸਾਲ ਦਾ ਵਿਕਰਮ, 25 ਏਕੜ ਜ਼ਮੀਨ ਦਾ ਮਾਲਕ ਹੈ। ਵਿਆਹ ਹੋ ਚੁੱਕਾ ਹੈ। ਪਰ ਘਰ ਚਲਾਉਣ ਲਈ ਮਜ਼ਦੂਰੀ ਕਰਨ ਲਈ ਮਜਬੂਰ ਹੈ। ਦੱਸਦਾ ਹੈ ਕਿ ਰੋਜ਼ ਸ਼੍ਰੀਗੰਗਾਨਗਰ ਜਾਂਦਾ ਹੈ। 300 ਰੁਪਏ ਦਿਹਾੜੀ 'ਤੇ ਕੰਮ ਮਿਲ ਜਾਂਦਾ ਹੈ। ਉਹ ਵੀ ਮਹੀਨੇ ਵਿਚ 20 ਦਿਨ। ਇਸ ਕਮਾਈ ਵਿਚੋਂ ਵੀ ਰੋਜ਼ਾਨਾ 50 ਰੁਪਏ ਆਉਣ-ਜਾਣ ਵਿਚ ਖ਼ਰਚ ਹੋ ਜਾਂਦੇ ਹਨ। ਬੋਲਿਆ, ਪਾਣੀ ਨਾ ਹੋਣ ਕਾਰਨ ਖੇਤ ਸੁੰਨੇ ਪਏ ਹਨ। 25 ਵਿਚੋਂ ਇਕ ਏਕੜ ਜ਼ਮੀਨ ਵਿਚ ਹੀ ਖੇਤੀ ਹੁੰਦੀ ਹੈ। ਉਹ ਵੀ ਪਸ਼ੂਆਂ ਦੇ ਚਾਰੇ ਲਈ ਹੀ। ਇਨਾਂ ਹਾਲਾਤ ਵਿਚ ਮਜ਼ਦੂਰੀ ਨਾਲ ਪੇਟ ਪਲ ਰਿਹਾ ਹੈ। ਪਿੰਡ ਗੁਮਜਾਲ ਦਾ ਹੀ ਗੁਰਤੇਜ ਸਿੰਘ ਵਿਆਹਿਆ ਹੋਇਆ ਹੈ। ਉਸ ਨੇ ਕਿਹਾ, ਪਰਿਵਾਰ ਕੋਲ 35 ਏਕੜ ਜ਼ਮੀਨ ਹੈ ਪਰ ਪਾਣੀ ਨਾ ਮਿਲਣ ਕਾਰਨ ਖੇਤੀ ਨਹੀਂ ਕਰ ਪਾਉਂਦੇ। ਪਿੰਡ ਨੂੰ ਉਸ ਦੇ ਹਿੱਸੇ ਦਾ ਨਹਿਰੀ ਪਾਣੀ ਨਹੀਂ ਮਿਲਦਾ। ਹਾਲਾਤ ਇਹ ਹਨ ਕਿ ਚਾਰ ਭਰਾ ਕੁਵਾਰੇ ਹਨ। ਸਭ ਤੋਂ ਵੱਡੇ ਕੁਵਾਰੇ ਭਰਾ ਦੀ ਉਮਰ 60 ਸਾਲ ਹੋ ਗਈ ਹੈ ਤੇ ਇਸ ਤੋਂ ਬਾਅਦ ਤਿੰਨ ਹੋਰ ਕੁਵਾਰੇ ਹਨ। ਰਿਸ਼ਤੇ ਇਸ ਲਈ ਨਹੀਂ ਹੋ ਸਕੀ ਕਿਉਂਕਿ ਉਨਾਂ ਕੋਲ ਸਿਰਫ਼ ਜ਼ਮੀਨ ਹੈ, ਸਿੰਜਾਈ ਲਈ ਪਾਣੀ ਨਹੀਂ।

ਪਿੰਡ ਦੇ 65 ਸਾਲ ਦੇ ਪੰਚ ਲਾਲ ਆਪਣੇ ਦੋ ਪੁੱਤਾਂ ਨਾਲ ਮਜ਼ਦੂਰੀ ਕਰਕੇ ਪਰਿਵਾਰ ਪਾਲਦੇ ਹਨ। 8 ਏਕੜ ਜ਼ਮੀਨ ਦੇ ਮਾਲਕ ਹਨ ਪਰ ਖੇਤੀ ਲਈ ਪਾਣੀ ਨਹੀਂ ਮਿਲਦਾ। ਹੰਸਰਾਜ 7 ਏਕੜ ਜ਼ਮੀਨ ਦੇ ਮਾਲਕ), ਦੇਵੀ ਲਾਲ 16 ਏਕੜ ਜ਼ਮੀਨ, ਬਨਵਾਰੀ ਲਾਲ 8 ਏਕੜ ਜ਼ਮੀਨ ਦੇ ਮਾਲਕ ਹਨ। ਪਾਣੀ ਨਾ ਹੋਣ ਕਾਰਨ ਜ਼ਮੀਨਾਂ ਬੰਜਰ ਹੋ ਚੁੱਕੀਆਂ ਹਨ। ਇਹ ਵੀ ਦਿਹਾੜੀ ਕਰਕੇ ਆਪਣਾ ਪੇਟ ਪਾਲਦੇ ਹਨ।

ਟੇਲ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਸੁਰਿੰਦਰ ਬਿਸ਼ਨੋਈ, ਜਤਿੰਦਰ ਕੁਮਾਰ, ਸੰਦੀਪ ਕੁਮਾਰ, ਹੰਸਰਾਜ ਕਹਿੰਦੇ ਹਨ ਕਿ ਪਿੰਡ ਨੂੰ ਟੇਲ ਨਹਿਰ ਵਿਚ 12 ਹਿੱਸੇ ਪਾਣੀ ਅਲਾਟ ਹੈ, ਪਰ ਸਿਰਫ਼ 4 ਤੋਂ 5 ਹਿੱਸੇ (4 ਤੋਂ 5 ਇੰਚ) ਪਾਣੀ ਹੀ ਮਿਲਦਾ ਹੈ। ਪਿੰਡ ਦੀ ਵਾਟਰ ਸਪਲਾਈ ਵੀ ਇਸੇ ਦੇ ਸਹਾਰੇ ਹੈ। ਐਸ.ਵਾਈ.ਐਲ. ਚਲੀ ਤਾਂ ਇਹ ਵੀ ਨਸੀਬ ਨਹੀਂ ਹੋਵੇਗਾ। ਸਿੰਜਾਈ ਦੂਰ, ਪਿਆਸੇ ਮਰਨ ਦੀ ਨੌਬਤ ਆ ਜਾਵੇਗੀ। ਸੁਰਿੰਦਰ ਬਿਸ਼ਨੋਈ ਨੇ ਕਿਹਾ ਕਿ 5000 ਏਕੜ ਜ਼ਮੀਨ ਵਾਲਾ ਇਹ ਪਿੰਡ ਉਨਾਂ ਦੇ ਦਾਦਾ ਮਰਹੂਮ ਮੋਟਾ ਰਾਮ ਨੇ ਬੀਕਾਨੇਰ ਤੋਂ ਆ ਕੇ ਕਰੀਬ 150 ਸਾਲ ਪਹਿਲਾਂ ਅੰਗਰੇਜ਼ਾਂ ਤੋਂ 5000 ਰੁਪਏ ਵਿਚ ਖ਼ਰੀਦਿਆ ਸੀ। ਪਹਿਲਾਂ ਹਾਲਾਤ ਠੀਕ ਸਨ ਪਰ ਹੁਣ ਪਾਣੀ ਘੱਟ ਹੈ। ਇਹੀ ਹਾਲ ਰਿਹਾ ਤਾਂ ਪਿੰਡ ਦੀ 3000 ਦੀ ਆਬਾਦੀ ਪਿਆਸੀ ਰਹੇਗੀ ਤੇ ਪਿੰਡ ਬੇਚੈਨੀ ਦੀ ਨੌਬਤ ਤਕ ਆ ਜਾਵੇਗਾ।

ਪਿੰਡ ਉਸਮਾਨਖੇੜਾ ਵਿਚ ਵੀ ਜ਼ਮੀਨ ਬਹੁਤ ਹੈ ਪਰ ਪਾਣੀ ਨਹੀਂ। ਪਿੰਡ ਦੇ ਸਾਬਕਾ ਸਰਪੰਚ ਬਲਦੇਵ ਸਿੰਘ, ਬਲਕਾਰ ਸਿੰਘ, ਅਮਰੀਕ ਪਾਲ, ਵਿਜੈਪਾਲ ਕਹਿੰਦੇ ਹਨ ਕਿ ਉਨਾਂ ਦੇ ਪਿੰਡ ਤੋਂ ਸਿਰਫ਼ 2 ਕਿਲੋਮੀਟਰ ਦੂਰੀ ਤੋਂ ਹਜ਼ਾਰਾਂ ਕਿਊਸਿਕ ਪਾਣੀ ਰਾਜਸਥਾਨ ਜਾ ਰਿਹਾ ਹੈ। ਉਨਾਂ ਦੇ ਪਿੰਡ ਵਿਚ ਇਕ-ਚੌਥਾਈ ਹੀ ਪਹੁੰਚ ਰਿਹਾ ਹੈ। ਖੇਤੀ ਲਾਇਕ ਜ਼ਮੀਨ ਵਿਚੋਂ 30 ਫ਼ੀਸਦੀ 'ਤੇ ਹੀ ਬਿਜਾਈ ਹੋ ਰਹੀ ਹੈ। ਇਸ ਨਾਲ ਗੁਜ਼ਾਰਾ ਨਹੀਂ ਚਲਦਾ। ਬਰਸਾਤ ਹੋਣ 'ਤੇ ਸਰੋਂ ਦਾ ਸਹਾਰਾ ਲੈਣਾ ਪੈਂਦਾ ਹੈ, ਜਾਂ ਬਾਜਰੇ, ਚਨੇ ਤੇ ਮੂੰਗੀ ਦੀ ਪੈਦਾਵਾਰ ਨਾਲ ਗੁਜ਼ਾਰਾ ਕਰਨਾ ਪੈਂਦਾ ਹੈ। ਕਣਕ ਤੇ ਝੋਨੇ ਦੀ ਗੱਲ ਦੂਰ ਦੀ ਹੈ। ਜੇਕਰ ਐਸ.ਵਾਈ.ਐਲ. ਵਿਚ ਪਾਣੀ ਗਿਆ ਤਾਂ ਇਹ ਫ਼ਸਲਾਂ ਵੀ ਨਹੀਂ ਹੋਣਗੀਆਂ। 3800 ਏਕੜ ਵਾਲੇ ਇਸ ਪਿੰਡ ਵਿਚੋਂ ਮੁਸ਼ਕਲ ਨਾਲ 1000 ਏਕੜ ਜ਼ਮੀਨ ਵਿਚ ਹੀ ਖੇਤੀ ਹੋ ਪਾ ਰਹੀ ਹੈ। ਨਹਿਰੀ ਪਾਣੀ ਦੇ ਹਾਲਾਤ ਇਥੇ ਵੀ ਅਜਿਹੇ ਹੀ ਹਨ। 12 ਹਿੱਸੇ ਪਾਣੀ ਵਿਚੋਂ 6 ਹਿੱਸੇ ਪਾਣੀ ਹੀ ਮਿਲ ਰਿਹਾ ਹੈ। ਉਨਾਂ ਲੋਕਾਂ ਨੂੰ ਵੀ ਸੰਘਰਸ਼ ਤੋਂ ਇਲਾਵਾ ਕੋਈ ਦੂਸਰਾ ਰਸਤਾ ਦਿਖਾਈ ਨਹੀਂ ਦੇ ਰਿਹਾ। ਪਾਣੀ ਦੀ ਜ਼ਰੂਰਤ ਸਾਨੂੰ ਹੈ। ਹਰਿਆਣਾ ਨੂੰ ਬਿਲਕੁਲ ਨਾ ਦਿੱਤਾ ਜਾਵੇ।

## ਰਾਜਸਥਾਨ ਮੁ.ਫਤ ਵਿਚ ਲੈ ਚੁੱਕਾ ਹੈ 15 ਲੱਖ ਕਰੋੜ ਤੋਂ ਜ਼ਿਆਦਾ ਦਾ ਪਾਣੀ

50 ਵਰਿਆਂ ਵਿਚ ਪੰਜਾਬ ਗਵਾਂਢੀ ਸੂਬੇ ਰਾਜਸਥਾਨ ਨੂੰ 15 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਪਾਣੀ ਮੁਫ਼ਤ ਵਿਚ ਦੇ ਚੁੱਕਾ ਹੈ। ਪੰਜਾਬ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਇਹ ਬਹੁਤ ਮਹੱਤਵ ਰੱਖਦਾ ਹੈ। 9 ਸਤੰਬਰ ਨੂੰ ਮੈਂ ਅਤੇ ਮੇਰੇ ਭਰਾ ਬਲਵਿੰਦਰ ਸਿੰਘ ਬੈਂਸ ਨੇ ਵਿਧਾਨ ਸਭਾ ਵਿਚ ਇਸ ਖ਼ਿਲਾਫ਼ ਆਵਾਜ਼ ਉਠਾਈ ਤਾਂ ਸਾਨੂੰ ਵਿਧਾਨ ਸਭਾ ਤੋਂ ਬਾਹਰ ਕੱਢ ਦਿੱਤਾ ਗਿਆ। ਜਦੋਂ ਸਪੀਕਰ ਨੇ ਮੈਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਕੁਝ ਕਾਂਗਰਸੀ ਵਿਧਾਇਕ ਮੇਰੇ ਹਕ ਵਿਚ ਖੜੇ ਹੋ ਗਏ। ਪਰ ਕਾਂਗਰਸੀ ਨੇਤਾ ਸੁਨੀਲ ਜਾਖੜ ਅਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਚਰਨਜੀਤ ਚੰਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਵਿਚ ਮੇਰੇ ਵਲੋਂ ਚੁੱਕੇ ਨੁਕਤੇ ਨੂੰ ਬਿਨਾਂ ਕਿਸੇ ਦਲੀਲ ਦੇ ਗ਼ਲਤ ਕਰਾਰ ਦਿੱਤਾ।



ਸਿਮਰਜੀਤ ਸਿੰਘ ਬੈਂਸ

ਆਜ਼ਾਦੀ ਤੋਂ ਪਹਿਲਾਂ ਪੰਜਾਬ ਦਾ ਨਹਿਰੀ ਪਾਣੀ ਬੀਕਾਨੇਰ ਰਿਆਸਤ ਨੂੰ ਜਾਂਦਾ ਸੀ, ਜੋ ਰਾਵੀ ਤੇ ਬਿਆਸ ਦਰਿਆ ਤੋਂ ਨਹਿਰਾਂ ਕੱਢ ਕੇ ਦਿੱਤਾ ਜਾਂਦਾ ਸੀ। ਇਹ ਦਰਿਆ ਪੰਜਾਬ ਤੋਂ ਹੋ ਕੇ ਸਿੱਧਾ ਪਾਕਿਸਤਾਨ ਚਲੇ ਜਾਂਦੇ ਹਨ ਤੇ ਰਿਪੇਰੀਅਨ ਸਿਧਾਂਤ ਮੁਤਾਬਕ ਬੀਕਾਨੇਰ ਰਿਆਸਤ ਦਾ ਇਸ ਪਾਣੀ 'ਤੇ ਕੋਈ ਹੱਕ ਨਹੀਂ ਬਣਦਾ ਸੀ। ਇਸ ਕਰਕੇ ਬੀਕਾਨੇਰ ਰਿਆਸਤ ਪੰਜਾਬ ਨੂੰ ਪਾਣੀ ਦੀ ਕੀਮਤ ਦਿੰਦੀ ਸੀ। 1947 ਮਗਰੋਂ ਬੀਕਾਨੇਰ ਰਿਆਸਤ ਰਾਜਸਥਾਨ ਸੂਬੇ ਦਾ ਹਿੱਸਾ ਬਣ ਗਈ। ਇਸ ਤਰਾਂ ਪੰਜਾਬ ਨੂੰ ਪਾਣੀ ਦੀ ਕੀਮਤ ਰਾਜਸਥਾਨ ਤੋਂ ਹੀ ਲੈਣੀ ਚਾਹੀਦੀ ਹੈ। 29 ਜਨਵਰੀ 1955 ਵਿਚ ਕੇਂਦਰ ਸਰਕਾਰ ਨੇ ਪੰਜਾਬ ਤੋਂ ਰਾਜਸਥਾਨ ਨੂੰ ਮਿਲਣ ਵਾਲੇ ਪਾਣੀ ਦੀ ਮਾਤਰਾ ਬਾਰੇ ਇਕ ਅੰਤਰਰਾਜੀ ਕਾਨਫਰੰਸ ਕੀਤੀ। ਉਸ ਵਕਤ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਕੇਂਦਰੀ ਸਿੰਜਾਈ ਮੰਤਰੀ ਗੁਲਜ਼ਾਰੀ ਲਾਲ ਨੰਦਾ ਅਤੇ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਸਨ। ਕਾਨਫਰੰਸ ਦਾ ਜੋ ਦਸਤਾਵੇਜ਼ ਮੌਜੂਦ ਹੈ, ਉਸ ਵਿਚ ਪੰਜਾਬ ਨੂੰ ਉਪਲਬਧ ਕੁਲ 15.85 ਮਿਲੀਅਨ ਏਕੜ ਫੁੱਟ ਵਿਚੋਂ ਰਾਜਸਥਾਨ ਨੂੰ 8 ਐਮ.ਏ.ਐਫ. ਪਾਣੀ ਅਲਾਟ ਕਰ ਦਿੱਤਾ ਗਿਆ। ਇਹ ਪੰਜਾਬ ਦੇ ਪਾਣੀ 'ਤੇ ਸਿੱਧਾ ਡਾਕਾ ਸੀ। ਇਸ ਦਸਤਾਵੇਜ਼ ਨੂੰ ਗੁਪਤ ਦੱਸਿਆ ਗਿਆ ਪਰ ਇਸ ਦੇ ਪੈਰਾ ਨੰਬਰ 5 ਵਿਚ ਲਿਖਿਆ ਗਿਆ ਕਿ ਪਾਣੀ ਦੀ ਪੰਜਾਬ ਨੂੰ ਦਿੱਤੀ ਜਾਣ ਵਾਲੀ ਕੀਮਤ ਬਾਅਦ ਵਿਚ ਤੈਅ ਕੀਤੀ ਜਾਵੇਗੀ, ਅੱਜ ਦੀ ਮੀਟਿੰਗ ਸਿਰਫ਼ ਪਾਣੀ ਦੀ ਅਲਾਟਮੈਂਟ ਬਾਰੇ ਹੀ ਹੈ।

ਵਿਧਾਨ ਸਭਾ ਵਿਚ ਪੇਸ਼ ਕਰਨ ਲਈ ਮੈਂ ਜੋ ਪ੍ਰਸਤਾਵ ਸਪੀਕਰ ਕੋਲ ਦਾਖ਼ਲ ਕਰਵਾਇਆ ਸੀ, ਉਸ ਵਿਚ 1955 ਤੋਂ ਅੱਜ ਤਕ ਰਾਜਸਥਾਨ ਨੂੰ ਵਹੇ ਪਾਣੀ ਦੀ ਕੀਮਤ 15 ਲੱਖ 34 ਹਜ਼ਾਰ 400 ਕਰੋੜ ਰੁਪਏ ਦੱਸੀ ਸੀ। 1955 ਤੋਂ ਹੁਣ ਤਕ ਪੰਜਾਬ ਦਾ ਪ੍ਰਤੀ ਸਾਲ 15 ਹਜ਼ਾਰ 344 ਕਿਊਸਿਕ ਪਾਣੀ ਰਾਜਸਥਾਨ ਨੂੰ ਜਾ ਰਿਹਾ ਹੈ। ਕੇਂਦਰੀ ਬਿਜਲੀ ਅਤੇ ਜਲ ਕਮਿਸ਼ਨ ਮੁਤਾਬਕ ਇਕ ਕਿਊਸਿਕ ਪਾਣੀ ਦੀ ਕੀਮਤ 2 ਕਰੋੜ ਰੁਪਏ ਬਣਦੀ ਹੈ। ਵੈਸੇ ਪਾਣੀ ਤਾਂ 1947 ਤੋਂ ਹੀ ਰਾਜਸਥਾਨ ਨੂੰ ਮੁਫ਼ਤ ਜਾ ਰਿਹਾ ਹੈ ਪਰ ਜ਼ਿਆਦਾ ਪਾਣੀ 1965 ਵਿਚ ਹਰੀਕੇ ਹੈੱਡਵਰਕਸ ਬਣਨ ਮਗਰੋਂ ਜਾਣਾ ਸ਼ੁਰੂ ਹੋਇਆ। ਜੇਕਰ 1965 ਤੋਂ ਹੀ ਸ਼ੁਰੂਆਤ ਮੰਨ ਲਈ ਜਾਵੇ ਤਾਂ ਵੀ 2016 ਤਕ 51 ਸਾਲ ਬਣਦੇ ਹਨ। 50 ਸਾਲ ਵੀ ਮੰਨ ਲਏ ਜਾਣ ਤਾਂ ਇਹ ਕੀਮਤ 30.688 ਕਰੋੜ ਗੁਣਾ 50 ਯਾਨੀ 15 ਲੱਖ 34 ਹਜ਼ਾਰ 400 ਕਰੋੜ ਰੁਪਏ ਬਣਦੀ ਹੈ। ਇਹ ਗਣਨਾ ਬਿਨਾਂ ਵਿਆਜ ਦੇ ਹੈ। 5 ਜੁਲਾਈ 2010 ਨੂੰ ਸੁਖਬੀਰ ਬਾਦਲ ਨੇ ਫਾਜ਼ਿਲਕਾ ਦੇ ਨਜ਼ਦੀਕ ਪਿੰਡ ਬੱਧਾ ਵਿਚ ਕਿਹਾ ਕਿ ਅਸੀਂ ਰਾਜਸਥਾਨ ਤੋਂ ਪੈਸੇ ਲੈ ਕੇ ਰਹਾਂਗੇ। 13 ਜੂਨ 2010 ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਗ ਬਾਦਲ ਨੇ ਵੀ ਆਦਮਪੁਰ ਵਿਚ ਇਸੇ ਤਰਾਂ ਦਾ ਬਿਆਨ ਦਿੱਤਾ ਸੀ। ਵੋਟਾਂ ਮੰਗਣ ਆਉਣ ਵਾਲੀਆਂ ਪਾਰਟੀਆਂ ਤੋਂ ਜਨਤਾ ਨੂੰ ਪੁਛਣਾ ਚਾਹੀਦਾ ਹੈ ਕਿ ਪੰਜਾਬ ਦੀ ਇਸ ਲੁੱਟ ਦਾ ਪੈਸਾ ਵਸੂਲਣ ਲਈ ਉਨਾਂ ਦਾ ਕੀ ਸਟੈਂਡ ਹੈ ?

## ਪਾਣੀ ਮਾਹਰ ਦੇ ਨਜ਼ਰੀਏ ਤੋਂ ਪਾਣੀ ਦੀ ਹਕੀਕਤ ਤੇ ਉਸ ਦੇ ਮਾਇਨੇ...

# 'ਫ਼ੈਸਲਾ ਸਿਰਫ਼ ਨਹਿਰ ਬਣਾਉਣ ਦਾ, ਪਾਣੀ ਦੇਣ ਦਾ ਨਹੀਂ'

### *ਪਾਣੀ ਦਾ ਇਹ ਬਟਵਾਰਾ ਸੁਪਰੀਮ ਕੋਰਟ ਨਹੀਂ, ਟ੍ਰਿਬਿਊਨਲ ਦੇ ਦਾਇਰੇ ਵਿਚ*



**ਪ੍ਰੀਤਮ ਸਿੰਘ ਕੁਮੇਦਾਨ**

ਜਲ ਮਾਹਰ, 50 ਸਾਲ ਤੋਂ ਭਾਰਤ ਦੇ ਜਲ ਸਬੰਧੀ ਝਗੜਿਆਂ 'ਤੇ ਕੰਮ ਕਰ ਰਹੇ ਹਨ।

**ਚੰਡੀਗੜ੍ਹ/ਇੰਦਰਪ੍ਰੀਤ ਸਿੰਘ :**

**• ਰਾਸ਼ਟਪਤੀ ਨੂੰ ਦਿੱਤੀ ਸੁਪਰੀਮ ਕੋਰਟ ਦੀ ਰਾਏ ਨੂੰ ਤੁਸੀਂ ਕਿਵੇਂ ਦੇਖਦੇ ਹੋ ? ਇਸ ਦਾ ਕੀ ਅਸਰ ਹੋਵੇਗਾ ?**

– ਹਾਲੇ ਸੁਪਰੀਮ ਕੋਰਟ ਨੇ ਸਿਰਫ਼ ਰਾਏ ਦਿੱਤੀ ਹੈ। ਉਨਾਂ ਨੇ ਸਿਰਫ਼ ਪੰਜਾਬ ਵਲੋਂ 2004 ਵਿਚ ਨਦੀ ਜਲ ਸਮਝੌਤੇ ਰੱਦ ਕਰਨ ਸਬੰਧੀ ਜੋ ਐਕਟ ਪਾਸ ਕੀਤਾ ਸੀ, ਉਸ ਨੂੰ ਗ਼ਲਤ ਠਹਿਰਾਇਆ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਸੁਪਰੀਮ ਕੋਰਟ ਨੇ ਪੰਜਾਬ ਨੂੰ ਪਾਣੀ ਦੇਣ ਲਈ ਕਹਿ ਦਿੱਤਾ ਹੈ।

**• ਤਾਂ ਕੀ ਇਹ ਰਾਏ ਪਾਣੀ ਦੇਣ 'ਤੇ ਨਹੀਂ ਹੈ ?**

– ਦਰਅਸਲ, ਇਸ ਦਾ ਪਿਛੋਕੜ ਸਮਝਣ ਦੀ ਲੋੜ ਹੈ। 1986 ਵਿਚ ਜਦੋਂ ਐਸ.ਵਾਈ.ਐਲ. ਨਹਿਰ ਬਣਾਉਣ ਦਾ ਵਿਰੋਧ ਕਰਨ ਵਾਲਿਆਂ ਨੇ ਚੀਫ਼ ਇੰਜਨੀਅਰਾਂ ਸਮੇਤ 30 ਮਜ਼ਦੂਰਾਂ ਨੂੰ ਮਾਰ ਦਿੱਤਾ ਤਾਂ ਇਹ ਪ੍ਰੋਜੈਕਟ ਰੋਕ ਦਿੱਤਾ ਗਿਆ। 1996 ਵਿਚ ਹਰਿਆਣਾ ਨੇ ਸੁਪਰੀਮ ਕੋਰਟ ਵਿਚ ਕਿਹਾ ਕਿ ਪੰਜਾਬ ਵਿਚ ਸ਼ਾਂਤੀ ਹੋ ਗਈ ਹੈ। ਨਹਿਰ ਬਣਾਈ ਜਾਵੇ। ਪੰਜ ਸਾਲ ਇਹ ਕੇਸ ਲਟਕਦਾ ਰਿਹਾ। ਪੰਜਾਬ ਨੇ ਇਤਰਾਜ਼ ਕੀਤਾ ਕਿ ਸੁਪਰੀਮ ਕੋਰਟ ਨੂੰ ਨਦੀ ਜਲ ਵਿਵਾਦ ਸੁਣਨ ਦਾ ਅਧਿਕਾਰ ਨਹੀਂ ਹੈ। 15 ਜਨਵਰੀ 2002 ਨੂੰ ਸੁਪਰੀਮ ਕੋਰਟ ਨੇ ਕਿਹਾ, 90 ਫ਼ੀਸਦੀ ਨਹਿਰ ਬਣ ਚੁੱਕੀ ਹੈ। ਪੰਜਾਬ ਬਾਕੀ ਦੀ ਨਹਿਰ ਪੂਰੀ ਕਰੇ। ਇਸ ਲਈ ਇਕ ਸਾਲ ਦਾ ਸਮਾਂ ਦਿੱਤਾ ਗਿਆ। ਪਰ ਪੰਜਾਬ ਨੇ ਕਿਹਾ–ਅਸੀਂ ਨਹੀਂ ਬਣਾ ਸਕਦੇ। ਹਰਿਆਣਾ ਨੇ ਇਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਤਾਂ ਜੂਨ 2004 ਵਿਚ ਅਦਾਲਤ ਨੇ ਕੇਂਦਰ ਨੂੰ ਕਿਹਾ ਕਿ ਇਕ ਮਹੀਨੇ ਦੇ ਅੰਦਰ ਕੇਂਦਰੀ ਲੋਕ ਨਿਰਮਾਣ ਵਿਭਾਗ ਇਸ 'ਤੇ ਕੰਮ ਸ਼ੁਰੂ ਕਰੇ। ਇਸ ਤੋਂ ਪਹਿਲਾਂ ਕਿ ਕੇਂਦਰ ਕੰਮ ਸ਼ੁਰੂ ਕਰਦਾ, ਕੈਪਟਨ ਸਰਕਾਰ ਨੇ 12 ਜੁਲਾਈ 2004 ਨੂੰ ਵਿਧਾਨ ਸਭਾ ਵਿਚ ਨਦੀ ਜਲ ਸਮਝੌਤਾ ਰੱਦ ਕਰਨ ਸਬੰਧੀ ਐਕਟ ਪਾਸ ਕਰ ਦਿੱਤਾ। 22 ਜੁਲਾਈ ਨੂੰ ਉਦੋਂ ਦੇ ਰਾਸ਼ਟਰਪਤੀ ਏ.ਪੀ.ਜੇ. ਅਬਦੁੱਲ ਕਲਾਮ ਨੇ ਇਸ ਨੂੰ ਸੁਪਰੀਮ ਕੋਰਟ ਵਿਚ ਸਲਾਹ ਲਈ ਭੇਜ ਦਿੱਤਾ। 12 ਸਾਲ ਮਗਰੋਂ ਅਦਾਲਤ ਨੇ ਸਮਝੌਤਾ ਰੱਦ ਕਰਨ ਵਾਲਾ ਐਕਟ ਖ਼ਤਮ ਕਰ ਦਿੱਤਾ।

**• ਪੰਜਾਬ ਕੋਲ ਕੀ ਬਦਲ ਹਨ ?**

– ਬਹੁਤ ਸਾਰੇ ਹਨ। ਪਰ ਸਭ ਤੋਂ ਅਹਿਮ ਅਸੀਂ ਪੰਜਾਬ ਪੁਨਰ ਗਠਨ ਕਾਨੂੰਨ ਦੀ ਧਾਰਾ 78 ਨੂੰ ਹੀ ਚੁਣੌਤੀ ਦਿੱਤੀ ਹੋਈ ਹੈ। ਇਸ ਅਨੁਸਾਰ ਦੋ ਸੂਬਿਆਂ ਵਿਚ ਪਾਣੀ ਦੇ ਝਗੜੇ ਨੂੰ ਸੁਲਝਾਉਣ ਲਈ ਕੇਂਦਰ ਦਖ਼ਲ ਦੇ ਸਕਦਾ ਹੈ। ਇਕ ਨਾਨ ਰਿਪੇਰੀਅਨ ਸਟੇਟ ਭਾਵ ਜਿਸ ਸੂਬੇ 'ਚੋਂ ਨਦੀ ਹੋ ਕੇ ਨਹੀਂ ਲੰਘਦੀ, ਉਸ ਨੂੰ ਕਿਵੇਂ ਪਾਣੀ ਦਿੱਤਾ ਜਾ ਸਕਦਾ ਹੈ ?

**• ਨਵਾਂ ਟ੍ਰਿਬਿਊਨਲ ਬਣਾਉਣ ਦੀ ਗੱਲ ਹੋ ਰਹੀ ਹੈ ?**

– ਮੈਂ ਇਸ ਹੱਕ ਵਿਚ ਨਹੀਂ ਹਾਂ। ਪਾਣੀ ਸੂਬੇ ਦਾ ਮਸਲਾ ਹੈ। ਦੋ ਰਿਪੇਰੀਅਨ ਸਟੇਟ ਵਿਚਾਲੇ ਪਾਣੀ ਦਾ ਝਗੜਾ ਹੈ ਤਾਂ ਟ੍ਰਿਬਿਊਨਲ ਹੀ ਉਸ ਨੂੰ ਸੁਣ ਸਕਦਾ ਹੈ। ਹਰਿਆਣਾ ਪੰਜਾਬ ਦੀਆਂ ਨਦੀਆਂ ਵਿਚ ਰਿਪੇਰੀਅਨ ਸਟੇਟ ਨਹੀਂ ਹੈ, ਜਿਵੇਂ ਅਸੀਂ ਯਮੁਨਾ ਵਿਚ ਨਹੀਂ ਹਾਂ।

**• 1986 ਵਿਚ ਇਰਾਡੀ ਟ੍ਰਿਬਿਊਨਲ ਕਿਉਂ ਬਣਾਇਆ ਗਿਆ ?**

– ਇਹੀ ਤਾਂ ਮੇਰਾ ਵੀ ਸਵਾਲ ਹੈ। ਨਰਮਦਾ ਦੇ ਪਾਣੀ ਦੇ ਬਟਵਾਰੇ ਨੂੰ ਲੈ ਕੇ ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਗੁਜਰਾਤ ਲਈ ਨਰਮਦਾ ਵਾਟਰ ਟ੍ਰਿਬਿਊਨਲ ਬਣਾਇਆ ਗਿਆ। ਰਾਜਸਥਾਨ ਨੇ ਵੀ ਇਸ ਵਿਚ ਹਿੱਸੇਦਾਰ ਬਣਨ ਲਈ ਅਰਜ਼ੀ ਦੇ ਦਿੱਤੀ। ਤਿੰਨਾਂ ਸੂਬਿਆਂ ਨੇ ਇਤਰਾਜ਼ ਕੀਤਾ ਕਿ ਰਾਜਸਥਾਨ ਰਿਪੇਰੀਅਨ ਸਟੇਟ ਨਹੀਂ ਹੈ। ਕੇਂਦਰ ਨੇ ਇਕ ਆਦੇਸ਼ ਜਾਰੀ ਕਰ ਕੇ ਰਾਜਸਥਾਨ ਨੂੰ ਵੀ ਪਾਰਟੀ ਬਣਵਾ ਦਿੱਤਾ। ਟ੍ਰਿਬਿਊਨਲ ਅੱਗੇ ਦੋ ਸਵਾਲ ਆਏ ਕਿ ਕੀ ਨਾਨ ਰਿਪੇਰੀਅਨ ਸਟੇਟ ਨੂੰ ਪਾਣੀ ਦੇ ਸਕਦੇ ਹਨ। ਦੂਸਰਾ ਕੀ ਭਾਰਤ ਸਰਕਾਰ ਕਿਸੇ ਨਾਨ ਰਿਪੇਰੀਅਨ ਸਟੇਟ ਨੂੰ ਇਕ ਨੋਟੀਫਿਕੇਸ਼ਨ ਰਾਹੀਂ ਮੈਂਬਰ ਬਣਾ ਸਕਦੀ ਹੈ। ਨਰਮਦਾ ਟ੍ਰਿਬਿਊਨਲ ਨੇ ਆਦੇਸ਼ ਵਿਚ ਸਾਫ਼ ਕਿਹਾ ਕਿ ਨਾਨ ਰਿਪੇਰੀਅਨ ਸਟੇਟ ਨੂੰ ਮੈਂਬਰ ਨਹੀਂ ਬਣਾਇਆ ਜਾ ਸਕਦਾ ਤੇ ਨਾ ਹੀ ਜਲ ਵਿਵਾਦ ਵਿਚ ਕੇਂਦਰ ਸਰਕਾਰ ਕੋਈ ਆਦੇਸ਼ ਕਰ ਸਕਦਾ ਹੈ। ਪੰਜਾਬ ਦੇ ਮਾਮਲੇ ਵਿਚ ਅਸੀਂ ਨਰਮਦਾ ਟ੍ਰਿਬਿਊਨਲ ਦੇ ਇਸੇ ਫ਼ੈਸਲੇ ਨੂੰ ਨਾਲ ਲਾਇਆ ਹੈ।

# ਕੀ ਹੈ ਐਸ.ਵਾਈ.ਐਲ. ?



## 212 ਕਿਲੋਮੀਟਰ ਨਹਿਰ 'ਤੇ 50 ਵਰਿਆਂ ਤੋਂ ਸਿਆਸਤ, ਮਾਸੂਮਾਂ ਦਾ ਕਤਲੇਆਮ

ਪੰਜਾਬ ਤੇ ਹਰਿਆਣਾ ਵਿਚ ਐਸ.ਵਾਈ.ਐਲ. ਨਹਿਰ ਦੀ ਕੁੱਲ ਲੰਬਾਈ 212 ਕਿਲੋਮੀਟਰ ਹੈ। ਇਸ ਵਿਚੋਂ ਨਹਿਰ ਦਾ 91 ਕਿਲੋਮੀਟਰ ਹਿਸਾ ਹਰਿਆਣਾ ਅਤੇ 121 ਕਿਲੋਮੀਟਰ ਹਿੱਸਾ ਪੰਜਾਬ ਵਿਚ ਹੈ। ਪੰਜਾਬ ਵਿਚ ਇਹ ਨਹਿਰ ਨੰਗਲ ਡੈਮ (ਜ਼ਿਲਾ ਰੋਪੜ) ਤੋਂ ਸ਼ੁਰੂ ਹੁੰਦੀ ਹੈ ਤੇ ਇਥੇ ਇਸ ਦਾ ਨਾਂ ਆਨੰਦਪੁਰ ਹਾਈਡਲ ਚੈਨਲ ਹੈ। ਚੈਨਲ ਵਿਚ ਪਾਣੀ ਕੀਰਤਪੁਰ ਸਾਹਿਬ ਤਕ ਜਾਂਦਾ ਹੈ ਤੇ ਉਥੋਂ ਡਾਇਵਰਟ ਹੋ ਕੇ ਸਤਲੁਜ ਵਿਚ ਡਿੱਗਦਾ ਹੈ। ਕੀਰਤਪੁਰ ਸਾਹਿਬ ਤੋਂ ਅੱਗੇ ਚੱਲ ਕੇ ਇਹ ਨਹਿਰ ਜ਼ਿਲਾ ਫਤਹਿਗੜ ਸਾਹਿਬ ਅਤੇ ਮੁਹਾਲੀ ਤੋਂ ਹੁੰਦੀ ਹੋਈ ਪਟਿਆਲਾ ਦੇ ਪਿੰਡ ਕਪੂਰੀ ਤਕ ਜਾਂਦੀ ਹੈ ਤੇ ਉਥੋਂ ਅੱਗੇ ਹਰਿਆਣਾ ਸਰਹੱਦ ਵਿਚ ਦਾਖ਼ਲ ਹੁੰਦੀ ਹੈ।

**1966** ਵਿਚ ਹਰਿਆਣਾ ਦੀ ਵੰਡ ਤੋਂ ਬਾਅਦ ਭਾਰਤ ਸਰਕਾਰ ਨੇ ਪੁਨਰਗਠਨ ਐਕਟ, 1966 ਦੀ ਧਾਰਾ 78 ਦੀ ਵਰਤੋਂ ਕੀਤੀ। ਪੰਜਾਬ ਦੇ ਪਾਣੀ (ਪੈਪਸੂ ਸਮੇਤ) ਵਿਚੋਂ 50 ਫ਼ੀਸਦੀ ਹਿੱਸਾ (3.5 ਐਮ.ਏ.ਐਫ.) ਹਰਿਆਣਾ ਨੂੰ ਦੇ ਦਿੱਤਾ ਗਿਆ ਜੋ 1955 ਵਿਚ ਪੰਜਾਬ ਨੂੰ ਮਿਲਿਆ ਸੀ। ਇਸ 'ਤੇ ਬਾਦਲ ਦਾ ਦੋਸ਼ ਹੈ ਕਿ ਉਸ ਵੇਲੇ ਦੀ ਕੇਂਦਰ ਸਰਕਾਰ ਵਲੋਂ ਪੁਨਰਗਠਨ ਐਕਟ ਦੀ ਧਾਰਾ 78 ਦੀ ਵਰਤੋਂ ਕਰਨਾ ਗੈਰ ਸੰਵਿਧਾਨਕ ਸੀ। ਸੰਵਿਧਾਨ ਦਾ ਉਲੰਘਣ ਕਰਕੇ ਅੰਤਰਰਾਜੀ ਜਲ ਵਿਵਾਦ ਐਕਟ, 1956 ਅਧੀਨ ਟ੍ਰਿਬਿਊਨਲ ਦੀ ਥਾਂ ਕੇਂਦਰ ਸਰਕਾਰ ਵਲੋਂ ਧਾਰਾ 78 ਤਹਿਤ ਹਰਿਆਣਾ ਨੂੰ ਪਾਣੀ ਦਿੱਤਾ ਗਿਆ।

------------------

**1976** ਵਿਚ ਐਸ.ਵਾਈ.ਐਲ. ਸ਼ੁਰੂ ਕੀਤੀ ਗਈ। ਨਿਰਮਾਣ 1981 ਵਿਚ ਸਮਝੌਤੇ ਮਗਰੋਂ ਹੋਇਆ। ਪੰਜਾਬ ਨੇ ਹਰਿਆਣਾ ਤੋਂ 18 ਨਵੰਬਰ 76 ਨੂੰ ਇਕ ਕਰੋੜ ਲਏ। 1977 ਨੂੰ ਪੰਜਾਬ ਨੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ। ਪਰ ਨਿਰਮਾਣ ਦਾ ਕੰਮ ਸ਼ੁਰੂ ਨਹੀਂ ਹੋਇਆ।

------------------

**1979** ਵਿਚ ਹਰਿਆਣਾ ਨਿਰਮਾਣ ਸ਼ੁਰੂ ਨਾ ਹੋਣ ਕਾਰਨ ਸੁਪਰੀਮ ਕੋਰਟ ਗਿਆ, ਜਿਸ ਵਿਚ ਨਿਰਮਾਣ ਸਬੰਧੀ ਦਿਸ਼ਾ ਨਿਰਦੇਸ਼ਾਂ ਦੀ ਮੰਗ ਕੀਤੀ। ਉਧਰ ਬਾਦਲ ਨੇ 11 ਜੁਲਾਈ 1979 ਨੂੰ ਪੁਨਰਗਠਨ ਐਕਟ ਦੀ ਧਾਰਾ 78 ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ। 1980 ਵਿਚ ਪੰਜਾਬ ਸਰਕਾਰ ਬਰਖ਼ਾਸਤ।

**1981** ਵਿਚ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ, ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਸ਼ਿਵਚਰਨ ਮਾਥੁਰ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਜੂਦਗੀ ਵਿਚ ਦਸੰਬਰ 1981 ਨੂੰ ਐਸ.ਵਾਈ.ਐਲ. ਦੇ ਨਿਰਮਾਣ ਦਾ ਫ਼ੈਸਲਾ ਲੈ ਕੇ ਸਮਝੌਤਾ ਕੀਤਾ ਗਿਆ।

------------------

**1982** ਵਿਚ ਇੰਦਰਾ ਗਾਂਧੀ ਨੇ ਸਰਹੱਦ 'ਤੇ ਪਟਿਆਲਾ ਦੇ ਪਿੰਡ ਕਪੂਰੀ ਵਿਚ ਟਕ ਲਾ ਕੇ ਨਹਿਰ ਦਾ ਨਿਰਮਾਣ ਸ਼ੁਰੂ ਕੀਤਾ। ਵਿਰੋਧ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਐਸ.ਵਾਈ.ਐਲ. ਦੀ ਖੁਦਾਈ ਵਿਰੁੱਧ ਮੋਰਚਾ ਖੋਲਿਆ। ਕਈ ਅਕਾਲੀ ਗ੍ਰਿਫ਼ਤਾਰ।

------------------

**1985** ਵਿਚ ਰਾਜੀਵ–ਲੌਂਗੋਵਾਲ ਸਮਝੌਤਾ। ਪੰਜਾਬ ਦੇ ਦਰਿਆਈ ਪਾਣੀਆਂ ਸਮੇਤ ਨਹਿਰ ਦੇ ਨਿਰਮਾਣ ਦਾ ਫ਼ੈਸਲਾ। ਐਸ.ਵਾਈ.ਐਲ. ਦਾ ਨਿਰਮਾਣ ਬਿਨਾਂ ਇਹ ਨਿਰਧਾਰਤ ਕਰਨ ਤੋਂ ਸ਼ੁਰੂ ਕੀਤਾ ਗਿਆ ਕਿ ਹਰਿਆਣਾ ਨੂੰ ਪਾਣੀ ਮਿਲੇਗਾ ਜਾਂ ਨਹੀਂ।

------------------

**1988** ਵਿਚ ਅੱਤਵਾਦ ਦੇ ਦੌਰ ਵਿਚ ਨਹਿਰ ਦੇ ਨਿਰਮਾਣ ਕਾਰਜ ਵਿਚ ਲੱਗੇ ਇੰਜਨੀਅਰਾਂ ਅਤੇ ਮਜ਼ਦੂਰਾਂ ਦਾ ਕਤਲ ਹੋਇਆ। 1988 ਦੇ ਮਈ ਮਹੀਨੇ ਦੌਰਾਨ ਮਜਾਟ ਵਿਚ 30 ਮਜ਼ਦੂਰਾਂ ਦੀ ਹੱਤਿਆ ਕਰ ਦਿੱਤੀ ਗਈ। ਇਸ ਤੋਂ ਬਾਅਦ 1990 ਵਿਚ 3 ਜੁਲਾਈ ਨੂੰ ਐਸ.ਵਾਈ.ਐਲ. ਦੇ ਨਿਰਮਾਣ ਨਾਲ ਜੁੜੇ 2 ਇੰਜਨੀਅਰਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਤੋਂ ਬਾਅਦ ਨਹਿਰ ਦਾ ਨਿਰਮਾਣ ਕਾਰਜ ਬੰਦ ਕੀਤਾ ਗਿਆ। ਹਰਿਆਣਾ ਦੇ ਉਸ ਵੇਲੇ ਦੇ ਮੁੱਖ ਮੰਤਰੀ ਚੌਧਰੀ ਹੁਕਮ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਸੀ ਕਿ ਨਹਿਰ ਨਿਰਮਾਣ ਦਾ ਕੰਮ ਸੀਮਾ ਸੁਰੱਖਿਆ ਸੰਗਠਨ ਨੂੰ ਸੌਂਪਿਆ ਜਾਵੇ।

------------------

**1996** ਵਿਚ ਹਰਿਆਣਾ ਫਿਰ ਸੁਪਰੀਮ ਕੋਰਟ ਵਿਚ। ਅਦਾਲਤ ਨੇ 2002 ਨੂੰ ਪੰਜਾਬ ਨੂੰ ਆਦੇਸ਼ ਦਿੱਤੇ ਕਿ ਜਾਂ ਤਾਂ ਇਕ ਸਾਲ ਵਿਚ ਐਸ.ਵਾਈ.ਐਲ. ਨਹਿਰ ਬਣਾਏ ਜਾਂ ਫਿਰ ਇਸ ਦਾ ਕੰਮ ਕੇਂਦਰ ਦੇ ਹਵਾਲੇ ਕਰੇ।

------------------

**2015** ਨੂੰ ਹਰਿਆਣਾ ਨੇ ਸੁਪਰੀਮ ਕੋਰਟ ਤੋਂ ਰਾਸ਼ਟਰਪਤੀ ਦੀ ਸਿਫ਼ਾਰਸ਼ 'ਤੇ ਸੁਣਵਾਈ ਲਈ ਸੰਵਿਧਾਨਕ ਬੈਂਚ ਬਣਾਉਣ ਦੀ ਅਪੀਲ ਕੀਤੀ। ਜਿਸ 'ਤੇ 2016 ਨੂੰ ਇਸ ਮਾਮਲੇ ਵਿਚ ਕਾਇਮ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਪਹਿਲੀ ਸੁਣਵਾਈ ਕੀਤੀ, ਜਿਸ ਦੌਰਾਨ ਸਾਰੀਆਂ ਧਿਰਾਂ ਨੂੰ ਬੁਲਾਇਆ ਗਿਆ। 8 ਮਾਰਚ ਨੂੰ ਦੂਸਰੀ ਸੁਣਵਾਈ ਹੋਈ।

------------------

**2016** ਤੋਂ ਪੰਜਾਬ ਵਿਚ 121 ਕਿਲੋਮੀਟਰ ਲੰਬੀ ਨਹਿਰ ਨੂੰ ਪੁੱਟਣ ਦਾ ਕੰਮ ਸ਼ੁਰੂ। 19 ਮਾਰਚ ਤਕ ਸੁਪਰੀਮ ਕੋਰਟ ਦੇ ਸਥਿਤੀ ਜਿਉਂ ਦੀ ਤਿਉਂ ਦੇ ਆਦੇਸ਼ ਆਉਣ ਤਕ ਜਾਰੀ ਰਿਹਾ। 110 ਜੇ.ਸੀ.ਬੀ. ਮਸ਼ੀਨਾਂ, 40 ਤੋਂ ਵੱਧ ਟਰੈਕਟਰ ਟਰਾਲੀਆਂ ਵਲੋਂ 19 ਥਾਵਾਂ 'ਤੇ ਵੱਡੇ ਪੱਧਰ 'ਤੇ ਨਹਿਰ ਦੇ ਕਿਨਾਰੇ ਤੋੜੇ ਗਏ ਤੇ ਕੁਝ ਥਾਵਾਂ 'ਤੇ ਨਹਿਰ ਦੇ ਕਿਨਾਰੇ ਤੋੜ ਕੇ ਇਨਾਂ ਨੂੰ ਪੱਧਰਾ ਕਰ ਦਿੱਤਾ ਗਿਆ।

## ਪਾਣੀਆਂ ਦਾ ਮਸਲਾ ਪੰਜਾਬ ਲਈ ਆਪਣੀ ਸੱਭਿਅਤਾ ਦੀ ਹੋਂਦ ਹਸਤੀ ਦਾ ਸਵਾਲ ਹੈ

### *ਪਾਣੀਆਂ ਦੇ ਮੁੱਦੇ 'ਤੇ ਭਾਰਤੀ ਸੁਪਰੀਮ ਕੋਰਟ ਦੇ ਫੈਸਲੇ ਬਾਰੇ ਭਾਈ ਮਨਧੀਰ ਸਿੰਘ ਨਾਲ ਖਾਸ ਗੱਲਬਾਤ*



**ਸਿੱਖ ਸਿਆਸਤ ਬਿਊਰੋ**

ਪਾਣੀਆਂ ਦੇ ਮੁੱਦੇ 'ਤੇ ਭਾਰਤੀ ਸੁਪਰੀਮ ਕੋਰਟ ਦੇ 10 ਨਵੰਬਰ, 2016 ਨੂੰ ਆਏ ਫੈਸਲੇ ਤੋਂ ਬਾਅਦ ਸਿੱਖ ਸਿਆਸਤ ਦੇ ਸੰਪਾਦਕ ਪਰਮਜੀਤ ਸਿੰਘ ਨੇ ਨੌਜਵਾਨ ਸਿੱਖ ਆਗੂ ਭਾਈ ਮਨਧੀਰ ਸਿੰਘ ਨਾਲ ਸਤਲੁਜ–ਯਮੁਨਾ ਲਿੰਕ ਨਹਿਰ ਬਾਰੇ ਗੱਲਬਾਤ ਕੀਤੀ। ਪੇਸ਼ ਹੈ ਗੱਲਬਾਤ ਦੀ ਪੂਰੀ ਵੀਡੀਓ:

Must Watch Interview on SYL Issue & River Water Issue @ http://bit.ly/2fFnZSF

ਅੰਮ੍ਰਿਤਸਰ ਟਾਈਮਜ਼ AMRITSAR TIMES

16 ਨਵੰਬਰ 2016 ਤੋਂ 22 ਨਵੰਬਰ 2016

## ਸੁੱਤੇ ਦਰਿਆਵਾਂ ਦੇ ਸੁਲਘਦੇ ਪਾਣੀ

ਪੰਜ ਦਰਿਆਵਾਂ ਦੀ ਧਰਤੀ ਹੋਣ ਕਾਰਨ 'ਪੰਜਾਬ' ਨਾਂਅ ਨਾਲ ਜਾਣੀ ਜਾਂਦੀ ਧਰਤੀ ਦੇ ਜਾਇਆਂ ਲਈ ਆਉਣ ਵਾਲੇ ਸਮੇਂ ਕਿੰਨੇ ਸੰਕਟ ਭਰੇ ਅਤੇ ਭਿਆਨਕ ਹੋ ਸਕਦੇ ਹਨ ਇਸ ਦਾ ਅੰਦਾਜ਼ਾ ਲਾਉਣਾ ਭਾਵੇਂ ਮੁਸ਼ਕਲ ਹੈ, ਪਰ ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਪੰਜਾਬ ਮੁੜ ਰਾਜਸੀ ਯੁੱਧ ਦਾ ਅਖਾੜਾ ਬਣਨ ਜਾ ਰਿਹੈ। ਭਾਰਤੀ ਸੁਪਰੀਮ ਕੋਰਟ ਵਲੋਂ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਤੁਰੰਤ ਕੀਤੇ ਜਾਣ ਸਬੰਧੀ ਦਿੱਤਾ ਹੁਕਮ ਪੰਜਾਬ ਦੇ ਲੋਕਾਂ ਦੇ ਹੱਕਾਂ ਉੱਤੇ ਇੱਕ ਹੋਰ ਡਾਕਾ ਮਾਰਨ ਦੀ ਤਿਆਰੀ ਦਾ ਮੁੱਢ ਹੈ। ਦਰਿਆਈ ਪਾਣੀਆਂ ਦੀ ਬਾਂਦਰ ਵੰਡ ਕਾਰਨ ਪਹਿਲਾਂ ਹੀ ਕੰਗਾਲ ਹੋਏ ਪੰਜਾਬੀ ਕਿਸਾਨਾਂ ਨਾਲ ਦਿੱਲੀ ਦਰਬਾਰ ਦੀ ਇਹ ਚਿਰਸਦੀਵੀ 'ਦੁਸ਼ਮਣੀ' ਅਚਾਨਕ ਪੈਦਾ ਹੋਈ ਭਾਵਨਾ ਜਾਂ ਮਹਿਜ਼ ਕਾਨੂੰਨੀ ਕਾਰਵਾਈ ਨਹੀਂ। ਅਣਖੀ, ਹਿੰਮਤੀ, ਬਹਾਦਰ ਅਤੇ ਮਿਹਨਤ ਦੇ ਬਲਬੂਤੇ ਬੁਲੰਦੀਆਂ ਛੂਹਣ ਲਈ ਸਦਾ ਚੜ੍ਹਦੀ ਕਲਾ ਵੱਲ ਵੱਧਣ ਵਾਲੇ ਪੰਜਾਬੀਆਂ ਦਾ ਆਰਥਿਕ ਪੱਖੋਂ ਲੱਕ ਤੋੜ ਕੇ ਰੱਖਣ ਦੀ ਬ੍ਰਾਹਮਣੀ 'ਚਾਣਕੀਆ' ਰਣਨੀਤੀ ਇਸ ਸਿਆਸੀ ਸਾਜ਼ਿਸ਼ ਦਾ ਮੂਲ ਹੈ। ਇਸ ਸਭ ਕੁਝ ਦੇ ਪਿਛੋਕੜ ਵਲ ਜਾਈਏ ਤਾਂ ਸਾਫ਼ ਨਜ਼ਰ ਆ ਜਾਂਦਾ ਹੈ ਕਿ ਦਿੱਲੀ ਵਿਚਲੇ ਹਾਕਮ ਅਪਣੇ ਹਿੱਤਾਂ ਲਈ ਪੰਜਾਬ ਨੂੰ 'ਬਲੀ ਦਾ ਬਕਰਾ ਬਣਾਉਣ' ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਸੰਨ 47 ਵਿੱਚ ਭਾਰਤ ਦੇ ਬਟਵਾਰੇ ਵੇਲੇ ਪੰਜ ਦਰਿਆਵਾਂ ਵਿਚਾਲੇ ਕੌਮਾਂਤਰੀ ਸਰਹੱਦ ਬਣ ਜਾਣ ਬਾਅਦ ਭਾਰਤ ਵਾਲੇ ਪੂਰਬੀ ਪੰਜਾਬ ਦੇ ਹਿੱਸੇ ਆਏ ਦਰਿਆਵਾਂ ਦੇ ਪਾਣੀਆਂ ਦੇ ਕਾਫ਼ੀ ਹਿੱਸੇ ਨੂੰ ਦਿੱਲੀ ਸਰਕਾਰ ਵਲੋਂ ਪਹਿਲਾਂ ਇਸ ਦੇ ਗੁਆਂਢੀ ਰਾਜ ਰਜਸਥਾਨ ਦੀ ਝੋਲੀ ਪਾ ਦੇਣਾ, ਇਸ ਦੇ ਮਿਹਨਤੀ ਕਿਸਾਨਾਂ ਨਾਲ ਵੱਡਾ ਵਿਤਕਰਾ ਅਤੇ ਵਧੀਕੀ ਸੀ। ਫਿਰ 70ਵਿਆਂ ਵਿੱਚ ਪੰਜਾਬੀ ਸੂਬੇ ਵਜੋਂ ਵੱਖਰੇ ਰਾਜ ਦੀ ਸਥਾਪਨਾ ਵੇਲੇ ਪੰਜਾਬ ਦੇ ਨਹਿਰੀ ਪਾਣੀਆਂ ਵਿਚੋਂ ਧੱਕੇ ਨਾਲ ਵੱਧ ਪਾਣੀ ਹਰਿਆਣਾ ਨੂੰ ਦੇਣਾ ਇੱਕ ਹੋਰ ਅਸਹਿ ਸੱਟ ਤੇ ਸ਼ਰੇਆਮ ਵਿਤਕਰਾ ਸੀ। ਭਾਰਤ ਦੀ ਸਰਕਾਰ ਨੇ ਪੰਜਾਬ ਦੀ ਮਾਲਕੀ ਵਾਲੇ ਪਾਣੀਆਂ ਨੂੰ ਗੈਰ-ਰਾਇਪੇਰੀਅਨ ਰਾਜਾਂ ਨੂੰ ਦੇਣ ਵਾਸਤੇ ਗੈਰ-ਕਾਨੂੰਨੀ ਅਤੇ ਗੈਰ ਸੰਵਿਧਾਨਕ ਸਮਝੌਤਿਆਂ ਨੂੰ ਲਾਗੂ ਕੀਤਾ। ਇਨ੍ਹਾਂ ਗ਼ੈਰ-ਸੰਵਿਧਾਨਕ ਸਮਝੌਤਿਆਂ ਵਿੱਚ 1955 ਅਤੇ 1976 ਦੇ ਕੇਂਦਰ ਸਰਾਕਰ ਦੇ ਨੋਟੀਫਿਕੇਸ਼ਨ, 1981 ਦਾ ਇੰਦਰਾ ਅਵਾਰਡ ਅਤੇ 1986 ਦਾ ਇਰਾਡੀ ਟ੍ਰਿਬਿਊਨਲ ਸ਼ਾਮਲ ਹਨ। ਸਤਲੁਜ ਯਮੁਨਾ ਲਿੰਕ ਦੀ ਜਿਸ ਉਸਾਰੀ ਦਾ ਸੁਪਰੀਮ ਕੋਰਟ ਨੇ ਹੁਕਮ ਚਾੜ੍ਹਿਆ ਹੈ, ਉਹ ਅਜਿਹੇ ਹੀ ਅਵਾਰਡਾਂ ਤੇ ਟ੍ਰਿਬਿਊਨਲੀ ਫੈਸਲਿਆਂ ਦੇ ਕੋਹਝੇ ਰੂਪ ਨੂੰ ਅਮਲੀ ਜਾਮਾ ਪਹਿਨਾਉਣ ਦਾ ਕਰਮ ਹੈ। ਵੈਸੇ ਕੇਂਦਰ ਸਰਕਾਰ ਲਈ ਇਸ ਅਦਾਲਤੀ ਹੁਕਮ ਨੂੰ ਲਾਗੂ ਕਰਨਾ ਇੰਨਾ ਸੁਖਾਲਾ ਨਹੀਂ। ਦੂਜੇ ਪਾਸੇ ਪੰਜਾਬ ਦੇ ਲੋਕ ਕਿਸੇ ਵੀ ਸੂਰਤ ਵਿੱਚ ਉਨ੍ਹਾਂ ਬਾਰੇ ਇਸ ਇਕਪਾਸੜ ਅਤੇ ਵਧੀਕੀ ਵਾਲੇ ਫੈਸਲੇ ਉੱਤੇ ਅਮਲ ਕਰਨ ਦੇਣਾ ਤਾਂ ਦੂਰ ਦੀ ਗੱਲ, ਇਸ ਬਾਂਦਰ ਵੰਡ ਨੂੰ ਕਦੇ ਵੀ ਕਬੂਲ ਨਹੀਂ ਕਰਨਗੇ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਵਕਤ ਐਨ ਸਿਰ ਉੱਤੇ ਆ ਜਾਣ ਕਾਰਨ ਪੰਜਾਬ ਦੀਆਂ ਰਾਜਸੀ ਪਾਰਟੀਆਂ ਵਲੋਂ ਸਿਰ ਜੋੜ ਕੇ ਬੈਠਣ, ਵਿਚਾਰ ਵਟਾਂਦਰਾ ਕਰਨ ਅਤੇ ਸਾਂਝੇ ਤੌਰ ਉੱਤੇ ਸੰਘਰਸ਼ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਵੈਸੇ ਵੀ ਦੋ ਮੁੱਖ ਰਾਜਸੀ ਧਿਰਾਂ ਅਕਾਲੀਆਂ ਅਤੇ ਕਾਂਗਰਸ ਵਿਚਕਾਰ ਵਰ੍ਹਿਆਂ ਤੋਂ ਚਲਿਆ ਆ ਰਹੇ 'ਇੱਟ-ਕੁੱਤੇ ਦਾ ਵੈਰ' ਵਾਲੇ ਰਿਸ਼ਤੇ ਨੂੰ ਵੇਖਦਿਆਂ ਅਜਿਹੇ ਕਿਸੇ ਸਹਿਯੋਗ ਦੀ ਕਲਪਨਾ ਕਰਨਾ ਹੀ ਮੂਰਖਤਾ ਹੋਵੇਗੀ। ਚੋਣਾਂ ਕਾਰਨ ਤਾਂ ਅਗੋਂ ਇੱਕ ਦੂਜੇ ਉੱਤੇ ਦੂਸ਼ਣਬਾਜ਼ੀ ਅਤੇ ਚਿੱਕੜ ਉਛਾਲਣ ਦੀ ਖੇਡ ਬੇਸ਼ਰਮੀ ਦੀਆਂ ਹੱਦਾਂ ਟੱਪ ਜਾਵੇਗੀ। ਇਸ ਦੇ ਮੁਕਾਬਲੇ ਹਰਿਆਣਾ ਦੀਆਂ ਰਾਜਸੀ ਪਾਰਟੀਆਂ ਸਤਲੁਜ ਯਮੁਨਾ ਲਿੰਕ ਨਹਿਰ ਬਿਨਾਂ ਕਿਸੇ ਦੇਰੀ ਦੇ ਬਣਵਾਉਣ ਲਈ ਸਾਂਝੀ ਸੁਰ ਨੂੰ ਹੋਰ ਉਚਾ ਕਰਨ ਵਿੱਚ ਲੱਗੀਆਂ ਹੋਈਆਂ ਹਨ। ਦੂਜੇ ਪਾਸੇ ਕੱਟੜ ਸਮਾਜਕ ਕਦਰਾਂ ਕੀਮਤਾਂ ਦੀਆਂ ਅਲੰਬਰਦਾਰ ਖਾਪ ਪੰਚਾਇਤਾਂ ਵਲੋਂ ਨਹਿਰ ਲਈ ਅਲਟੀਮੇਟਮ ਅਤੇ ਪੰਜਾਬ ਨੂੰ ਚਿਤਾਵਨੀ ਦੇ ਬਿਆਨ ਦੋਵਾਂ ਰਾਜਾਂ ਦੇ ਲੋਕਾਂ ਵਿੱਚ ਦੁਸ਼ਮਣੀ ਪੈਦਾ ਕਰਨ ਦਾ ਘਿਣਾਉਣਾ ਅਤੇ ਅਤਿ ਨਿੰਦਣਯੋਗ ਰੁਝਾਨ ਹੈ ਜਿਸ ਤੋਂ ਪੰਜਾਬ ਦੇ ਰਾਜਸੀ ਆਗੂਆਂ ਤੇ ਲੋਕਾਂ ਨੂੰ ਬੇਹੱਦ ਚੌਕਸ ਤੇ ਸੁਚੇਤ ਰਹਿਣਾ ਹੋਵੇਗਾ।

ਕੁਝ ਵੀ ਹੋਵੇ ਪੰਜਾਬ ਹੁਣ ਮੁੜ ਸਿਆਸੀ ਜੰਗ ਦਾ ਅਖ਼ਾੜਾ ਬਣੇਗਾ। ਇਹ ਵੀ ਸਪਸ਼ਟ ਹੈ ਕਿ ਗੱਲ ਇੱਥੇ ਨਹੀਂ ਰੁਕਣੀ। ਪੰਜਾਬ ਦੇ ਸਿਆਸੀ ਲੀਡਰਾਂ ਨੇ ਅਪਣੇ ਉਹੀ ਪੁਰਾਣੇ ਰੰਗ-ਢੰਗ ਵਿਖਾਉਂਦਿਆਂ/ਅਪਣਾਉਂਦਿਆਂ ਰਾਜਸੀ ਖੱਟੀ ਖੱਟਣ ਦੀ ਨੀਤ ਨਾਲ ਇੱਕ ਦੂਜੇ ਦੇ ਪੋਤੜੇ ਫਰੋਲਣੇ ਸ਼ੁਰੂ ਕਰ ਦਿੱਤੇ ਹਨ। ਕਾਂਗਰਸੀ ਬੇਸ਼ਰਮਾਂ ਵਾਂਗ ਸਾਰਾ ਦੋਸ਼ ਪ੍ਰਕਾਸ਼ ਸਿੰਘ ਬਾਦਲ ਉੱਤੇ ਲਾ ਰਹੇ ਹਨ ਅਤੇ ਸੱਤਾਧਾਰੀ ਬਾਦਲਾਂ ਵਲੋਂ ਸਭ ਕੁਝ ਲਈ ਕਾਂਗਰਸ ਦੇ ਦੋਸ਼ੀ ਹੋਣ ਦਾ ਵਰ੍ਹਿਆਂ ਤੋਂ ਪਿਟਿਆ ਜਾ ਰਿਹਾ ਢੰਡੋਰਾ ਹੁਣ ਹੋਰ ਉਚੀ ਸੁਰ ਵਿੱਚ ਕਰ ਦਿਤਾ ਗਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਖ਼ਾਸ ਕਰ ਇੰਦਰਾ ਗਾਂਧੀ ਨੇ ਪੰਜਾਬ ਨਾਲ ਵੈਰ ਕਮਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਸੀ ਜਾਣ ਦਿੱਤਾ ਅਤੇ ਉਸ ਦਾ ਇਹੋ ਰਵੱਈਆ ਉਸ ਦੀ ਜਾਣ ਦਾ ਖੌ ਬਣਿਆ। ਪਰ ਬਾਦਲ ਪਰਿਵਾਰ ਵਿਸ਼ੇਸ਼ ਕਰਕੇ 'ਫ਼ਖ਼ਰ-ਏ-ਕੌਮ' ਦਾ ਤਾਜ ਆਪੂੰ ਸਿਰ ਉੱਤੇ ਸਜਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੇ ਗੱਦੀ ਪ੍ਰਾਪਤੀ ਅਤੇ ਗੱਦੀ ਸੰਭਾਲੀ ਰੱਖਣ ਲਈ ਪੰਜਾਬ ਅਅਤੇ ਸਿੱਖਾਂ ਨਾਲ ਜਿਹੜਾ ਧ੍ਰੋਹ ਕਮਾਇਆ ਹੈ, ਉਸ ਦਾ ਲੇਖਾ ਜੋਖਾ ਵੀ ਆਉਣ ਵਾਲਾ ਵਕਤ ਜ਼ਰੂਰ ਕਰੇਗਾ। ਸੋਚਣ, ਸਮਝਣ ਵਾਲੀ ਫ਼ਿਕਰ ਵਾਲੀ ਗੱਲ ਇਹ ਹੈ ਕਿ ਪੰਜਾਬੀ ਜਿਹੜੇ ਆਪਣੇ ਸੁਭਾਅ ਕਾਰਨ ਅਕਸਰ ਬੇਪ੍ਰਵਾਹੀ ਦੇ ਆਲਮ ਵਿੱਚ ਲੰਮੀਆਂ ਤਾਣ ਕੇ ਸੌਣ ਵਾਲੀ ਅਵਸਥਾ ਵਿੱਚ ਚਲੇ ਜਾਂਦੇ ਹਨ, ਸੁੱਤੇ ਦਰਿਆਵਾਂ ਦੇ ਸੁਲਘਦੇ ਪਾਣੀਆਂ ਦੇ ਖੌਲ੍ਹਣ ਨਾਲ ਜਦੋਂ ਜਾਗਣਗੇ ਤਾਂ ਪਾਣੀਆਂ ਦਾ ਸੇਕ ਦਿੱਲੀ ਤੱਕ ਪਹੁੰਚੇਗਾ। ਨਿਸਚੇ ਹੀ ਜਾਗ ਬਾਅਦ ਉਨ੍ਹਾਂ ਦੀ ਰਾਜਸੀ ਅੰਗੜਾਈ ਨੇ ਜਾਇਜ਼ ਰੋਹ ਵਿੱਚ ਬਦਲਣਾ ਹੈ। ਦੁਆ ਕਰੀਏ ਕਿ ਪੰਜਾਬ ਦੇ ਜਾਏ ਆਪਣੇ ਇਸ ਰੋਹ, ਰੋਸ ਅਤੇ ਜੰਗਜੂ ਰੌਂਅ ਦੌਰਾਨ ਜੋਸ਼ ਵਿੱਚ ਹੁੰਦੇ ਹੋਏ ਹੋਸ਼ ਵਿੱਚ ਰਹਿਣ। ਰਾਜਸੀ ਦੁਸ਼ਮਣ ਹਮੇਸ਼ਾ ਹੀ ਅਣਖੀਲੇ ਤੇ ਬਹਾਦਰ ਪੰਜਾਬੀਆਂ ਨੂੰ ਜਿੱਤ ਵਲ ਵਧਣੋਂ ਰੋਕਣ ਲਈ ਆਪਣੇ ਸਾਜ਼ਿਸੀ ਜਾਲ ਵਿੱਚ ਉਲਝਾਉਣ ਦੀ ਖੇਡ ਖੇਡਦਾ ਅਤੇ ਕਾਮਯਾਬ ਵੀ ਹੋ ਜਾਂਦਾ। ਇਸ ਵਾਰ ਲੜਾਈ ਬੜੀ ਲੰਮੀ ਅਤੇ ਪਹਿਲਾਂ ਨਾਲੋਂ ਵੱਧ ਔਝੜਾਂ ਭਰੀ ਹੋਵੇਗੀ। ਦੇਸ਼ ਵਿਦੇਸ਼ ਵਿਚਲੇ ਪੰਜਾਬੀ ਸਿੱਖ ਭਾਈਚਾਰੇ ਲਈ ਇਹ ਪਰਖ ਦੀ ਘੜੀ ਤਾਂ ਹੈ ਹੀ, ਇਸ ਤੋਂ ਵੀ ਵੱਧ ਆਪਸੀ ਗੁੱਸੇ ਗਿਲੇ, ਨਿੱਜੀ ਝਗੜੇ, ਰਾਜਸੀ ਮੱਤਭੇਦਾਂ ਨੂੰ ਲਾਂਭੇ ਕਰਕੇ ਆਪਣੀ ਧਰਤੀ, ਆਪਣਾ ਧਰਮ ਅਤੇ ਆਪਣੀ ਹੋਂਦ ਬਚਾਉਣ ਲਈ ਇੱਕਮੁਠ ਹੋ ਕੇ ਸਹਿਜਤਾ ਤੇ ਸੂਝ ਬੂਝ ਨਾਲ ਮੈਦਾਨ ਵਿੱਚ ਨਿਤਰਣ ਦਾ ਵੇਲਾ ਹੈ।

# ਟਰੰਪ ਦੀ ਜਿੱਤ ਨਾਲ ਉਲਝੇਗਾ ਤਾਣਾ ਬਾਣਾ

## ਹੋਰ ਕੱਟੜ ਕਾਰਵਾਈਆਂ ਕਰੇਗੀ ਭਾਰਤ ਦੀ ਮੋਦੀ ਅਤੇ ਟਰੰਪ ਦੀ ਸਰਕਾਰ

### *ਸਿੱਖਾਂ ਸਮੇਤ ਸਭਨਾਂ ਘੱਟ ਗਿਣਤੀਆਂ ਲਈ ਸੋਚਣ ਦਾ ਸਮਾਂ*







**ਅਮਰੀਕਾ** ਵਿੱਚ ਡੋਨਲਡ ਟਰੰਪ ਦੀ ਜਿੱਤ ਨੂੰ ਇੱਕ ਨਵੇਕਲੀ ਘਟਨਾ ਵਜੋਂ ਨਹੀਂ ਵੇਖਿਆ ਜਾ ਸਕਦਾ ਸਗੋਂ ਇਹ ਦੁਨੀਆ ਵਿੱਚ ਇੱਕ ਚੱਲ ਰਹੀ ਵੱਖਰੀ ਕੱਟੜ ਲਹਿਰ ਦਾ ਹੀ ਹਿੱਸਾ ਹੈ। 2012 ਵਿੱਚ ਰੂਸ ਵਿਚ ਵਲਾਦੀਮੀਰ ਪੂਤਿਨ ਮੁੜ ਤਾਕਤ ਵਿਚ ਆਇਆ ਅਤੇ ਉਸ ਨੇ ਰੂਸ ਨੂੰ ਦੁਨੀਆ ਵਿਚ ਮੁੜ ਮਹਾਂ-ਤਾਕਤ ਵਜੋਂ ਉਭਾਰਨ ਦਾ ਹੋਕਾ ਦਿੱਤਾ। ਉਸ ਨੇ 20ਵੀਂ ਸਦੀ ਵਿੱਚ ਵਿਕਸਤ ਉਦਾਰਵਾਦੀ (Liberal), ਵਿਸ਼ਵੀਕਰਨ (Globalization), ਸਹਿਣਸ਼ੀਲਤਾ (Tolerance), ਧਾਰਮਿਕ ਆਜ਼ਾਦੀ (Freedom of Religion) ਅਤੇ ਮਨੁੱਖੀ ਅਧਿਕਾਰਾਂ (Human Rights) ਵਰਗੀਆਂ ਧਾਰਨਾਵਾਂ ਵਿਰੁੱਧ 19ਵੀਂ ਸਦੀ ਦੀਆਂ ਧਾਰਨਾਵਾਂ ਜਿਵੇਂ ਕਿ ਆਪਣੀ ਹੋਂਦ ਅਤੇ ਸਭਿਆਚਾਰ ਨੂੰ ਬਚਾਉਣ ਦੀ ਗੱਲ ਕੀਤੀ। ਇਹ ਇਕ ਨਵੀਨ ਨਾਜ਼ੀ ਫਾਸ਼ੀਵਾਦ ਵਰਗੀ ਸੋਚ ਉਭਰ ਕੇ ਆਈ ਹੈ ਅਤੇ ਇਸ ਲਹਿਰ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ ਹਨ। 2012 ਵਿੱਚ ਹੀ ਜਿੰਨਪਿੰਗ ਚੀਨ ਕਮਿਊਨਿਸਟ ਪਾਰਟੀ ਦਾ ਸੈਕਟਰੀ ਬਣਦਾ ਹੈ। ਇਸੇ ਤਰ੍ਹਾਂ ਜੁਲਾਈ 2013 ਵਿਚ ਮਿਸਰ ਅਜਿਹੀ ਹੀ ਲਹਿਰ ਮੁਸਲਿਮ ਬਰਦਰਹੁੱਡ ਨੂੰ ਲਾਂਭੇ ਕਰਦੀ ਹੈ ਅਤੇ ਅਗਲੇ ਹੀ ਸਾਲ ਤੁਰਕੀ ਵਿਚ ਇਰਲੋਜ਼ਨ ਪ੍ਰਧਾਨ ਮੰਤਰੀ ਬਣਦਾ ਹੈ। ਇਸੇ ਤਰ੍ਹਾਂ ਹੰਗਰੀ ਵਿਚ ਵਿਕਟਰ ਓਰਬਨ, ਪੋਲੈਂਡ ਵਿੱਚ ਜਰੋਸਲਾਅ, ਫਰਾਂਸ ਵਿੱਚ ਮਰੀਨ ਲੀ ਪੇਨ, ਇੰਗਲੈਂਡ ਵਿੱਚ ਨਾਈਗਲ ਫਰਾਗੇ, ਨਿਕਾਰਾਗੁਆ ਵਿੱਚ ਓਰਟੇਗਾ, 2014 ਵਿਚ ਭਾਰਤ ਵਿਚ ਨਰਿੰਦਰ ਮੋਦੀ, ਪਿਛਲੇ ਮਹੀਨੇ ਫਿਲਪਾਈਨ ਵਿਚ ਰਾਡਰੀਗੋ ਅਤੇ ਪਿਛਲੇ ਹਫ਼ਤੇ ਅਮਰੀਕਾ ਵਿਚ ਡੋਨਲਡ ਟਰੰਪ ਤਾਕਤ ਵਿੱਚ ਆਉਣ ਲਈ ਇਸੇ ਤਰ੍ਹਾਂ ਦੀ ਵਿਚਾਰਧਾਰਾ ਨਾਲ ਹੀ ਚੋਣਾਂ ਜਿੱਤਦੇ ਹਨ।



ਜਸਜੀਤ ਸਿੰਘ
ਫ਼ੋਨ: 510-875-3279

ਸੁਆਲ ਇਹ ਹੈ ਕਿ ਇਨ੍ਹਾਂ ਸਾਰਿਆਂ ਲੀਡਰਾਂ ਵਿਚ ਕੋਈ ਸਾਂਝ ਹੈ? ਜਾਂ ਇਹ ਸਾਰੇ ਕਿਸੇ ਲਹਿਰ ਦੀ ਨੁਮਾਇੰਦਗੀ ਕਰਦੇ ਹਨ? ਇਨ੍ਹਾਂ ਦੋਹਾਂ ਸੁਆਲਾਂ ਦਾ ਜੁਆਬ "ਹਾਂ" ਵਿਚ ਮਿਲਦਾ ਹੈ। ਇਹ ਸਾਰੇ ਲੀਡਰ ਹੀ ਨਿੱਜੀ ਤੌਰ 'ਤੇ ਕ੍ਰਿਸ਼ਮਈ ਸੁਭਾਅ, ਉੱਚੀ-ਸੁਰ ਤੇ ਧੱਕੜ ਹਨ, ਜਿਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਵਿੱਚ ਕੌਮੀਅਤ ਦਾ ਜਾਗ ਲਾ ਕੇ ਬਾਕੀ ਧਿਰਾਂ ਨੂੰ ਬਾਹਰਲੇ ਗਰਦਾਨ ਕੇ ਦੇਸ਼-ਭਗਤੀ ਦਾ ਅਲੰਬਰਦਾਰ ਹੋਣ ਦਾ ਦਾਅਵਾ ਕੀਤਾ ਹੈ। ਗੱਲ ਸਪਸ਼ਟ ਤੇ ਸਿੱਧੀ ਕੀਤੀ ਅਤੇ ਦੇਸ਼ ਵਾਸੀਆਂ ਨੂੰ ਇਹ ਅਹਿਸਾਸ ਦੁਆਇਆ ਕਿ ਇਸ ਦੇਸ਼ ਦੀ ਧਰਤੀ ਦੇ ਅਸਲੀ ਮਾਲਕ ਉਹੀ ਹਨ ਅਤੇ ਉਨ੍ਹਾਂ ਦੇ ਧਰਮ ਅਤੇ ਸੰਸਕਾਰਾਂ ਮੁਤਾਬਕ ਮੁਲਕ ਚੱਲਣਾ ਚਾਹੀਦਾ ਹੈ। ਬ੍ਰਿਟੇਨ ਦਾ ਯੂਰਪੀਅਨ ਯੂਨੀਅਨ ਤੋਂ ਅਲੱਗ ਹੋਣਾ ਵੀ ਇਸੇ ਵਿਚਾਧਾਰਾ ਦੀ ਚੜ੍ਹਤ ਦੇ ਰੂਪ ਵਜੋਂ ਲਿਆ ਜਾਣਾ ਚਾਹੀਦਾ ਹੈ।

ਇਸ ਸੰਦਰਭ ਵਿਚ ਮੈਂ ਸਿਰਫ਼ ਦੋ ਮੁਲਕਾਂ ਦੀਆਂ ਉਦਾਹਰਣਾਂ ਹੀ ਦੇਣੀਆਂ ਚਾਹਾਂਗਾ ਤਾਂ ਜੋ ਗੱਲ ਸੌਖੀ ਸਮਝ ਆ ਜਾਵੇ। ਭਾਰਤ ਵਿਚ ਮੋਦੀ, ਹਿੰਦੂਆਂ ਦਾ ਮਸੀਹਾ ਬਣ ਕੇ ਆਇਆ ਅਤੇ 'ਹਿੰਦੂਤਵ' ਦੀ ਨੀਤੀ ਅਨੁਸਾਰ ਦੇਸ਼ ਚਲਾਉਣ ਅਤੇ ਲੋਕਾਂ ਨੂੰ ਵਸਣ ਦੀ ਨਸੀਹਤ ਦੇਣ ਲੱਗਾ। ਇਸ ਲਹਿਰ ਵਿਚ ਉਦਾਰਵਾਦ, ਸਹਿਣਸ਼ੀਲਤਾ ਅਤੇ ਧਾਰਮਿਕ ਆਜ਼ਾਦੀ ਲਈ ਕੋਈ ਜਗ੍ਹਾ ਨਹੀਂ ਅਤੇ ਇਸ ਦੇ ਵਿਰੋਧ ਵਿੱਚ ਖੜ੍ਹਨ ਵਾਲਾ ਹਰ ਵਿਅਕਤੀ ਦੇਸ਼-ਧ੍ਰੋਹੀ ਅਤੇ ਅਤਿਵਾਦੀ ਹੈ ਅਤੇ ਕਿਸੇ ਅਦਾਲਤ ਵਿੱਚ ਉਸ ਨੂੰ ਇਨਸਾਫ ਮਿਲਣ ਦੀ ਕੋਈ ਗੁੰਜਾਇਸ਼ ਨਹੀਂ। ਇਸ ਲਹਿਰ ਵਿੱਚ ਆਪਣੇ ਧਰਮ, ਰੀਤਾਂ ਅਤੇ ਸੰਸਕਾਰਾਂ ਨੂੰ ਬਚਾਉਣ ਦੀ ਦੁਹਾਈ ਪਾਈ ਜਾਂਦੀ ਹੈ ਅਤੇ ਦੁਨੀਆ ਵਿੱਚ ਸਦੀਆਂ ਤੋਂ ਚੱਲ ਰਹੀ ਜੱਦੋ-ਜਹਿਦ ਰਾਹੀਂ ਮਨੁੱਖੀ ਅਧਿਕਾਰਾਂ, ਉਦਾਰਵਾਦ, ਸਹਿਣਸ਼ੀਲਤਾ, ਧਾਰਮਿਕ ਆਜ਼ਾਦੀ, ਨਸਲੀ ਵਿਤਕਰੇ ਰਹਿਤ ਸਮਾਜ ਨੂੰ ਦੇਸ਼ ਦੀ ਬਹੁਗਿਣਤੀ ਲਈ ਹਾਨੀਕਾਰਕ ਦਸਿਆ ਜਾਂਦਾ ਹੈ।

ਟਰੰਪ ਨੇ ਵੀ ਅਮਰੀਕਾ ਵਿਚ ਸੱਜੇ ਪੱਖੀ ਕੱਟੜਵਾਦੀਆਂ ਨੂੰ ਇਹੀ ਗੱਲ ਵੇਚੀ। ਉਸ ਨੇ ਸਾਫ਼-ਸਾਫ਼ ਪਿਛਲੇ 40 ਸਾਲ ਤੋਂ ਕਾਮਯਾਬ ਲਹਿਰਾਂ ਜਿਵੇਂ ਕਿ ਔਰਤ ਨੂੰ ਬਰਾਬਰ ਅਧਿਕਾਰ, ਧਾਰਮਿਕ ਤੇ ਨਸਲੀ ਘੱਟ ਗਿਣਤੀਆਂ ਨੂੰ ਅਧਿਕਾਰ, ਧਾਰਮਿਕ ਉਦਾਰ ਨੂੰ ਪੁੱਠਾ ਗੇੜਾ ਦੇ ਦਿੱਤਾ ਹੈ ਕਿਉਂਕਿ ਬਹੁਗਿਣਤੀ ਵਿੱਚ ਅਜਿਹੀਆਂ ਧਾਰਨਾਵਾਂ ਨਿਰੰਤਰ ਸਮਾਜ ਵਿੱਚ ਚੱਲੀਆਂ ਆ ਰਹੀਆਂ ਸਨ ਜਿਹੜੀਆਂ ਹੁਣ ਤੇਜ਼ੀ ਫੜ ਚੁੱਕੀਆਂ ਹਨ। ਟਰੰਪ ਨੇ ਮੋਦੀ ਦੇ ਭਾਰਤ ਵਰਗਾ ਹੀ ਅਮਰੀਕਾ ਬਣਾਉਣ ਦੇ ਸੁਪਨੇ ਲਏ ਹਨ। ਟਰੰਪ ਨੇ ਸਟੀਵ ਬੈਨਨ ਨੂੰ ਮੁੱਖ ਸਲਾਹਕਾਰ ਬਣਾ ਕੇ ਇਹ ਸਪਸ਼ਟ ਸੁਨੇਹਾ ਦਿੱਤਾ ਹੈ ਕਿ 'Trump America for Whites Only".

ਅਮਰੀਕਾ ਦੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਨੇ 2015 ਵਿੱਚ ਭਾਰਤ ਵਲੋਂ ਇਸ ਨੀਤੀ ਦੀ ਰਿਪੋਰਟ ਕੱਢੀ ਤੇ ਭਾਰਤ ਨੂੰ ਧਾਰਮਿਕ ਆਜ਼ਾਦੀ ਦੀ ਖੁੱਲ੍ਹ ਦੇਣ ਦੀ ਗੱਲ ਕੀਤੀ। ਪ੍ਰਧਾਨ ਬਰਾਕ ਉਬਾਮਾ ਨੇ ਭਾਰਤ ਦਾ ਜਨਵਰੀ 2015 ਵਿਚ ਦੌਰਾ ਕੀਤਾ ਅਤੇ ਉਸ ਨੇ ਵੀ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਗੱਲ ਕੀਤੀ ਜਿਸ ਦਾ ਹਿੰਦੂਤਵੀ ਤਾਕਤਾਂ ਵਲੋਂ ਰੱਜ ਕੇ ਵਿਰੋਧ ਹੋਇਆ। ਇਸ ਸਾਰੇ ਵਰਤਾਰੇ ਤੋਂ ਭਾਰਤ ਦੇ ਸੱਤਾਧਾਰੀਆਂ ਅਤੇ ਖਾਸ ਕਰਕੇ ਹਿੰਦੂ ਤਾਕਤਾਂ ਨੇ ਇਹ ਸਾਫ਼ ਫ਼ੈਸਲਾ ਲਿਆ ਕਿ ਉਨ੍ਹਾਂ ਦੀ ਨੀਤੀ ਡੈਮੋਕਰੇਟਿਕ ਪਾਰਟੀ ਦੇ ਹੁੰਦੇ ਚੱਲਣੀ ਔਖੀ ਹੈ, ਭਾਰਤੀਆਂ ਨੇ ਹਿਲੇਰੀ ਕਲਿੰਟਨ ਨਾਲ 20 ਸਾਲ ਦੀ ਦੋਸਤੀ ਤੋੜ ਕੇ ਟਰੰਪ ਨਾਲ ਯਾਰੀ ਲਾਈ ਹੈ ਅਤੇ ਇਸ ਵਾਰ ਭਾਰਤ ਦੀ ਜਗ੍ਹਾ ਹਿੰਦੂ ਸ਼ਬਦ ਨੇ ਲੈ ਲਈ ਹੈ। ਪਹਿਲੀ ਗੱਲ ਤਾਂ ਹਿੰਦੂ ਨੂੰ ਧੋਖਾ ਦੇਣ ਦੀ ਕ੍ਰਿਸ਼ਨ ਭਗਵਾਨ ਤੋਂ ਲੈ ਕੇ ਮੋਦੀ ਤੱਕ ਧਾਰਮਿਕ ਪ੍ਰਵਾਨਗੀ ਹੈ। ਇਸ ਲਈ ਉਸ ਦੀ ਆਤਮਾ 'ਤੇ ਧੋਖਾ ਦੇਣ ਵੇਲੇ ਕਦੇ ਵੀ ਬੋਝ ਨਹੀਂ ਪੈਂਦਾ ਪਰ ਹਿੰਦੂਆਂ ਵਲੋਂ ਟਰੰਪ ਦੀ ਮਦਦ ਦੇ ਕਾਰਨ ਸਿੱਖਾਂ ਨੂੰ ਸਮਝ ਆਉਣੇ ਜ਼ਰੂਰੀ ਹਨ।

ਜਿਵੇਂ ਕਿ ਉਪਰ ਦਸਿਆ ਹੈ ਕਿ ਭਾਰਤ ਦੀ ਵਿਚਾਰਧਾਰਾ ਅਤੇ ਟਰੰਪ ਦੀ ਲਹਿਰ ਵਿੰਚ ਇੱਕਸੁਰਤਾ ਹੈ ਜਿਸ ਵਿੱਚ ਉਦਾਰਵਾਦੀ (Liberal), ਸਹਿਣਸ਼ੀਲਤਾ (Tolerance), ਧਾਰਮਿਕ ਆਜ਼ਾਦੀ (Freedom of Religion) ਅਤੇ ਮਨੁੱਖੀ ਅਧਿਕਾਰਾਂ (Human Rights) ਨੂੰ ਕੋਈ ਜਗ੍ਹਾ ਨਹੀਂ। ਮੁਸਲਮਾਨਾਂ ਨੂੰ ਅਤਿਵਾਦ ਦੇ ਨਾਮ ਹੇਠ ਕੁੱਟਣ ਲਈ ਵੀ ਇੱਕ ਸਾਂਝਾ ਫਰੰਟ ਬਣਾਉਣਾ ਹੈ। ਟਰੰਪ, ਚੀਨ ਅਤੇ ਪਾਕਿਸਤਾਨ ਵਿਰੋਧੀ

ਬਾਕੀ ਸਫ਼ਾ 32 'ਤੇ

# ਨੋਟਬੰਦੀ, ਕਾਲਾ ਧਨ ਤੇ ਬੇਹਾਲ ਜਨਤਾ




## ਸੋਚਣ ਲਈ ਕੁਝ ਸਵਾਲ, ਜਾਣਨ ਲਈ ਕੁਝ ਗੱਲਾਂ

**ਮੋਦੀ ਸਰਕਾਰ ਵਲੋਂ ਕਾਲਾ ਧਨ ਖ਼ਤਮ ਕਰਨ ਦੇ ਨਾਂ 'ਤੇ ਜਿਸ ਤਰਾਂ ਅਚਨਚੇਤ 500 ਤੇ ਹਜ਼ਾਰ ਦੇ ਨੋਟ ਬੰਦ ਕਰਕੇ ਆਮ ਜਨਤਾ ਨੂੰ ਮੁਸ਼ਕਲਾਂ ਵਿਚ ਧੱਕ ਦਿੱਤਾ ਗਿਆ ਹੈ, ਇਸ ਦੇ ਗੁੱਝੇ ਭੇਤ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਮੀਡੀਆ ਭਾਵੇਂ ਮੋਦੀ ਸਰਕਾਰ ਪੱਖੀ ਹੋਵੇ ਪਰ ਸੋਸ਼ਲ ਮੀਡੀਆ 'ਤੇ ਇਸ ਦੇ ਨਾਹਪੱਖੀ ਵਰਤਾਰਿਆਂ ਦੀ ਖੂਬ ਚਰਚਾ ਹੋ ਰਹੀ ਹੈ। ਅੱਖਾਂ ਖੋਲਣ ਵਾਲਾ ਅਜਿਹਾ ਹੀ ਇਕ ਲੇਖ ਨੌਜਵਾਨ ਭਾਰਤ ਸਭਾ, ਇਸਤਰੀ ਮੁਕਤੀ ਸੰਗਠਨ, ਜਾਗਰੂਕ ਨਾਗਰਿਕ ਮੰਚ ਵਲੋਂ ਲਖਨਊ ਵਿਚ ਪਰਚੇ ਦੇ ਰੂਪ ਵਿਚ ਵੰਡਿਆ ਜਾ ਰਿਹਾ ਹੈ। ਇਹ ਲੇਖ ਅਸੀਂ ਆਪਣੀ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਦੀ ਨਜ਼ਰ ਕਰ ਰਹੇ ਹਾਂ।**

ਪਿਛਲੀ 8 ਨਵੰਬਰ ਦੀ ਰਾਤ ਤੋਂ ਦੇਸ਼ ਭਰ ਵਿਚ ਅਫ਼ਰਾ-ਤਫ਼ਰੀ ਦਾ ਆਲਮ ਹੈ। ਬੈਂਕਾਂ ਦੇਬਾਹਰ ਸਵੇਰ ਤੋਂ ਰਾਤ ਤਕ ਲੰਬੀਆਂ ਲੰਬੀਆਂ ਕਤਾਰਾਂ ਲੱਗੀਆਂ ਹਨ। ਸਾਰੇ ਕੰਮ ਛੱਡ ਕੇ ਲੋਕ ਆਪਣੀ ਹੀ ਮਿਹਨਤ ਤੇ ਬੱਚਤ ਦੀ ਕਮਾਈ ਹਾਸਲ ਕਰਨ ਲਈ ਧੱਕੇ ਖਾ ਰਹੇ ਹਨ। ਹਸਪਤਾਲਾਂ ਵਿਚ ਮਰੀਜ਼ਾਂ ਦਾ ਇਲਾਜ ਨਹੀਂ ਹੋ ਰਿਹਾ। ਖੇਤੀ-ਕਿਸਾਨੀ ਦੇ ਕੰਮ ਰੁਕੇ ਹੋਏ ਹਨ। ਕਾਮਿਆਂ ਨੂੰ ਮਜ਼ਦੂਰੀ ਨਹੀਂ ਮਿਲ ਰਹੀ। ਦੇਸ਼ ਵਿਚ ਕਈ ਥਾਈਂ ਸਦਮੇ ਕਾਰਨ ਲੋਕਾਂ ਦੀ ਮੌਤ ਤਕ ਹੋ ਜਾਣ ਦੀਆਂ ਖ਼ਬਰਾਂ ਆਈਆਂ ਹਨ। ਦਿਲਚਸਪ ਗੱਲ ਇਹ ਹੈ ਕਿ ਦੇਸ਼ ਦੇ ਵੱਡੇ ਪੂੰਜੀਪਤੀਆਂ, ਵਪਾਰੀਆਂ, ਅਫ਼ਸਰਸ਼ਾਹਾਂ-ਨੇਤਾਸ਼ਾਹਾਂ, ਫ਼ਿਲਮੀ ਅਭਿਨੇਤਾਵਾਂ ਵਿਚ ਕਾਲੇ ਧਨ 'ਤੇ ਇਸ ਤਥਾਕਥਿਤ 'ਸਰਜੀਕਲ ਸਟਰਾਈਕ' ਨਾਲ ਕੋਈ ਬੇਚੈਨੀ ਜਾਂ ਹਲਚਲ ਨਹੀਂ ਦਿਖਾਈ ਦੇ ਰਹੀ। ਜਿਨਾਂ ਕੋਲ ਕਾਲਾ ਧਨ ਹੋਣ ਦੀਆਂ ਸਭ ਤੋਂ ਵੱਧ ਸੰਭਾਵਨਾਵਾਂ ਹਨ, ਉਨਾਂ ਵਿਚੋਂ ਕੋਈ ਵੀ ਬੈਂਕਾਂ ਦੀਆਂ ਕਤਾਰਾਂ ਵਿਚ ਧੱਕੇ ਖਾਂਦਾ ਦਿਖਾਈ ਨਹੀਂ ਦੇ ਰਿਹਾ। ਉਲਟਾ ਉਹ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕਰ ਰਹੇ ਹਨ।

**ਆਖ਼ਰ ਮਾਜਰਾ ਕੀ ਹੈ ?**

ਆਉਣ ਵਾਲੇ ਦਿਨਾਂ ਵਿਚ ਇਹ ਪ੍ਰੇਸ਼ਾਨੀਆਂ ਘੱਟ ਨਹੀਂ ਬਲਕਿ ਵਧਣ ਹੀ ਵਾਲੀਆਂ ਹਨ। ਬੈਂਕ, ਏ.ਟੀ. ਐਮ. ਅਤੇ ਨੋਟਾਂ ਦੀ ਕਮੀ ਦੀਆਂ ਮੁਸ਼ਕਲਾਂ ਤਾਂ ਅਗਲੇ ਕਈ ਦਿਨਾਂ ਤਕ ਬਣੀਆਂ ਹੀ ਰਹਿਣਗੀਆਂ, ਅਰਥਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਪਹਿਲਾਂ ਤੋਂ ਹੀ ਸੰਕਟਗ੍ਰਸਤ ਚੱਲ ਰਹੀ ਅਰਥ ਵਿਵਸਥਾ ਨੂੰ ਇਸ ਝਟਕੇ ਤੋਂ ਉਭਰਨ ਵਿਚ ਕੁਝ ਮਹੀਨੇ ਲੱਗ ਸਕਦੇ ਹਨ। ਮਹਿੰਗਾਈ, ਬੇਰੁਜ਼ਗਾਰੀ ਕਾਰਨ ਤਬਾਹ ਜਨਤਾ ਦੇ ਜ਼ਖ਼ਮਾਂ 'ਤੇ ਹਾਲੇ ਕੁਝ ਹੋਰ ਨਮਕ ਰਕੜਿਆ ਜਾਵੇਗਾ। ਜੇਕਰ ਵਾਕਿਆ ਸਰਕਾਰ ਦੇ ਇਸ ਕਦਮ ਨਾਲ ਕਾਲਾ ਧਨ ਖ਼ਤਮ ਹੋ ਜਾਂਦਾ ਅਤੇ ਜਨਤਾ ਦੇ ਜੀਵਨ ਵਿਚ ਖ਼ੁਸ਼ਹਾਲੀ ਆ ਜਾਂਦੀ, 15 ਲੱਖ ਨਾ ਸਹੀ, ਦਸ-ਵੀਹ ਹਜ਼ਾਰ ਵੀ ਹਰੇਕ ਦੇ ਬੈਂਕ ਖਾਤੇ ਵਿਚ ਆ ਜਾਣ ਦੀ ਗਾਰੰਟੀ ਹੁੰਦੀ, ਤਾਂ ਵੀ ਲੋਕ 'ਕੁਰਬਾਨੀ' ਦਾ ਬੋਝ ਸਹਿ ਲੈਂਦੇ। ਆਖ਼ਰ ਆਜ਼ਾਦੀ ਤੋਂ ਬਾਅਦ ਤੋਂ ਸਰਕਾਰ ਦੇ ਹਰ 'ਸਖ਼ਤ ਫ਼ੈਸਲੇ' ਦਾ ਬੋਝ ਤਾਂ ਘੱਟ ਮਿਹਨਤਕਸ਼ ਜਨਤਾ ਹੀ ਉਠਾਉਂਦੀ ਰਹੀ ਹੈ। ਜੇਕਰ ਜਨਤਾ ਦੀ ਪਿੱਠ 'ਤੇ ਮੁਸੀਬਤਾਂ ਦਾ ਪਹਾੜ ਲੱਦਣ ਮਗਰੋਂ ਕਾਲੇ ਧਨ ਦੀ ਚੂਹੀ ਕੱਢਣ ਦੀ ਇਸ ਕਵਾਇਦ ਦਾ ਮਕਸਦ ਕੀ ਹੈ ? ਮੋਦੀ ਸਰਕਾਰ ਦੇ ਇਸ ਨਵੇਂ ਫਰਮਾਨ ਪਿਛੇ ਦੇ ਘੁਟਾਲਿਆਂ ਦੀ ਗੱਲ ਕਰਨ ਤੋਂ ਪਹਿਲਾਂ ਆਓ ਜ਼ਰਾ ਇਹ ਜਾਣ ਲਈਏ ਕਿ ਇਸ ਫ਼ੈਸਲੇ ਨਾਲ ਕਾਲਾ ਧਨ ਅਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਦੀਆਂ ਗੱਲਾਂ ਬੱਸ ਇਕ ਭੁਲੇਖਾ ਕਿਉਂ ਹੈ।

ਕਾਲਾ ਧਨ ਅਸਲ ਵਿਚ ਹੁੰਦਾ ਕੀ ਹੈ, ਕਿਉਂ ਅਤੇ ਕਿਵੇਂ ਪੈਦਾ ਹੁੰਦਾ ਹੈ ਤੇ ਇਸ ਦਾ ਕੀ ਕੀਤਾ ਜਾਂਦਾ ਹੈ ? ਕਾਲੇ ਧਨ ਦਾ ਅਰਥ ਹੈ ਗੈਰ ਕਾਨੂੰਨੀ ਕੰਮਾਂ ਜਿਵੇਂ ਤਸਕਰੀ, ਡਰੱਗਜ਼ ਅਤੇ ਨਾਜਾਇਜ਼ ਹਥਿਆਰਾਂ ਦਾ ਕਾਰੋਬਾਰ ਅਤੇ ਟੈਕਸ ਚੋਰੀ ਤੋਂ ਕਮਾਇਆ ਧਨ। ਅਕਸਰ ਜਨਤਾ ਦਾ ਸਾਹਮਣਾ ਹੇਠਲੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਨਾਲ ਹੁੰਦਾ ਹੈ ਜਾਂ ਚੋਣ ਨੇਤਾਵਾਂ ਦੀ ਹਨੇਰਗਰਦੀ ਉਨਾਂ ਨੂੰ ਦਿਖਾਈ ਦਿੰਦੀ ਹੈ। ਪਰ ਸਭ ਤੋਂ ਵੱਡੇ ਪੱਧਰ ਦਾ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੀ ਬਰਾਬਰ ਅਰਥ ਵਿਵਸਥਾ ਦਾ ਸਭ ਤੋਂ ਵੱਡਾ ਸਰੋਤ ਉਨਾਂ ਨੂੰ ਦਿਖਾਈ ਨਹੀਂ ਦਿੰਦਾ। ਇਸ ਲਈ ਉਹ ਇਸ ਭਰਮ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਵੱਡੇ ਨੋਟ ਬੰਦ ਹੋਣ ਨਾਲ ਕਾਲਾ ਧਨ ਰੋਂਦਾ-ਕੁਰਲਾਉਂਦਾ ਬਾਹਰ ਨਿਕਲ ਆਏਗਾ। ਸਚਾਈ ਇਹ ਹੈ ਕਿ ਦੇਸ਼ ਵਿਚ ਕਾਲੇ ਧਨ ਦਾ ਸਿਰਫ਼ 6 ਫ਼ੀਸਦੀ ਨਕਦੀ ਦੇ ਰੂਪ ਵਿਚ ਹੈ। ਵਿਦੇਸ਼ਾਂ ਵਿਚ ਜਮਾ ਲੱਖਾਂ-ਕਰੋੜਾਂ ਦੇ ਕਾਲੇ ਧਨ ਦੀ ਗੱਲ ਹੀ ਵੱਖਰੀ ਹੈ। ਇਸ ਨਕਦੀ ਦਾ ਵੀ ਬਹੁਤ ਹੀ ਛੋਟਾ ਜਿਹਾ ਹਿੱਸਾ ਬਾਹਰ ਨਿਕਲ ਸਕੇਗਾ ਕਿਉਂਕਿ ਕਾਲੇ ਧਨ ਦੇ ਅਸਲੀ ਖ਼ਿਡਾਰੀਆਂ ਨੂੰ ਉਸ ਨੂੰ ਸਫ਼ੇਦ ਕਰਨ ਦੀਆਂ ਤਮਾਮ ਤਿਕੜਮਾਂ ਆਉਂਦੀਆਂ ਹਨ ਤੇ ਉਹ ਸ਼ੁਰੂ ਵੀ ਹੋ ਗਈਆਂ ਹਨ। ਕੁਝ ਲੋਕਾਂ ਨੂੰ ਕੁਝ ਦਿਨਾਂ ਦੀ ਪ੍ਰੇਸ਼ਾਨੀ ਹੋਵੇਗੀ, ਪਰ ਸਰਕਾਰ ਨੇ 2000 ਦਾ ਨੋਟ ਕੱਢ ਕੇ ਅਤੇ ਇਕ ਹਜ਼ਾਰ ਦੇ ਨੋਟ ਦੀ ਵਾਪਸੀ ਦਾ ਵਾਅਦਾ ਕਰਕੇ ਅੱਗੇ ਦਾ ਇੰਤਜ਼ਾਮ ਵੀ ਕਰ ਦਿੱਤਾ ਹੈ।

ਵੱਡੀਆਂ ਵੱਡੀਆਂ ਕੰਪਨੀਆਂ ਬਰਾਮਦ-ਦਰਾਮਦ ਵਿਚ ਓਵਰ ਇਨਵਾਇਸਿੰਗ ਅਤੇ ਅੰਡਰ ਇਨਵਾਇਸਿੰਗ ਰਾਹੀਂ ਅਰਬਾਂ ਰੁਪਏ ਦਾ ਕਾਲਾ ਧਨ ਕਮਾਉਂਦੀਆਂ ਹਨ। ਰਿਜ਼ਰਵ ਬੈਂਕ ਮੁਤਾਬਕ 40 ਸਾਲ ਵਿਚ ਇਸ ਤਰੀਕੇ ਨਾਲ 170 ਖਰਬ ਰੁਪਏ ਦਾ ਕਾਲਾ ਧਨ ਵਿਦੇਸ਼ ਭੇਜਿਆ ਗਿਆ ਹੈ। ਜਿਵੇਂ ਪਿਛਲੇ ਦਿਨੀਂ ਜਿੰਦਲ, ਅਨਿਲ ਅੰਬਾਨੀ ਅਤੇ ਅਡਾਨੀ ਦੀਆਂ ਕੰਪਨੀਆਂ ਸਮੇਤ ਕਈ ਬਿਜਲੀ ਕੰਪਨੀਆਂ ਵਲੋਂ ਕੋਲੇ ਦੀ ਦਰਾਮਦ ਵਿਚ 60 ਹਜ਼ਾਰ ਕਰੋੜ ਦੇ ਘੁਟਾਲੇ ਦਾ ਮਾਮਲਾ ਸਾਹਮਣੇ ਆਇਆ। ਇਨਾਂ ਕੰਪਨੀਆਂ ਨੇ ਦੁਬਈ ਜਾਂ ਸਿੰਗਾਪੁਰ ਵਿਚ ਬਣਾਈਆਂ ਆਪਣੀਆਂ ਕੰਪਨੀਆਂ ਰਾਹੀਂ ਆਸਟਰੇਲੀਆ ਤੋਂ ਕੋਲਾ ਖ਼ਰੀਦਿਆ ਘੱਟ ਕੀਮਤਾਂ 'ਤੇ ਅਤੇ ਫਿਰ ਆਪਣੀ ਹੀ ਕੰਪਨੀ ਨਾਲ ਇਹੀ ਕੋਲਾ ਵੱਡੀਆਂ ਕੀਮਤਾਂ 'ਤੇ ਖ਼ਰੀਦ ਲਿਆ। ਇਸ ਤਰਾਂ ਭਾਰਤ ਤੋਂ ਜਿੰਨੀ ਰਕਮ ਬਾਹਰ ਗਈ, ਉਸ ਦਾ ਅੱਧਾ ਹੀ ਆਸਟਰੇਲੀਆ ਪਹੁੰਚਿਆ। ਵਿਚਾਰੇ ਦੀ ਰਕਮ ਦੁਬਈ-ਸਿੰਗਾਪੁਰ ਵਿਚ ਇਨਾਂ ਦੀਆਂ ਆਪਣੀਆਂ ਕੰਪਨੀਆਂ ਕੋਲ ਹੀ ਰਹਿ ਗਈ। ਇਹ ਅਸਲੀ ਕਾਲੇ ਧਨ ਦਾ ਇਕ ਰੂਪ ਹੈ। ਵਿਦੇਸ਼ ਵਿਚ ਰੱਖਿਆ ਇਹ ਕਾਲਾ ਧਨ ਹੀ ਸਵਿਸ ਬੈਂਕਾਂ ਜਾਂ ਪਨਾਮਾ ਵਰਗੇ ਟੈਕਸ ਚੋਰੀ ਦੀਆਂ ਪਨਾਹਗਾਹਾਂ ਵਿਚ ਜਮਾ ਹੁੰਦਾ ਹੈ ਅਤੇ ਬਾਅਦ ਵਿਚ ਘੁੰਮ-ਫਿਰ ਕੇ ਮਾਰੀਸ਼ਸ਼ ਵਰਗੀਆਂ ਥਾਵਾਂ ਵਿਚ ਸਥਾਪਤ ਫਰਜ਼ੀ ਕੰਪਨੀਆਂ ਦੇ ਪੀ-ਨੋਟਿਸ ਵਿਚ ਲਗ ਜਾਂਦਾ ਹੈ ਤੇ ਵਿਦੇਸ਼ੀ ਨਿਵੇਸ਼ ਵਜੋਂ ਬਿਨਾਂ ਕੋਈ ਟੈਕਸ ਚੁਕਾਇਆਂ ਭਾਰਤ ਪਹੁੰਚ ਜਾਂਦਾ ਹੈ। ਵਿਦੇਸ਼ੀ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਦੇ ਨਾਂ 'ਤੇ ਭਾਰਤ ਸਰਕਾਰ ਇਸ 'ਤੇ ਫਿਰ ਤੋਂ ਹੋਣ ਵਾਲੀ ਕਮਾਈ 'ਤੇ ਵੀ ਟੈਕਸ ਛੋਟ ਤਾਂ ਦਿੰਦੀ ਹੈ ਹੈ, ਇਹ ਹਜ਼ਾਰਾਂ ਕਰੋੜ ਰੁਪਇਆ ਕਿਸਦਾ ਹੈ, ਇਹ ਸਵਾਲ ਵੀ ਨਹੀਂ ਪੁੱਛਦੀ! ਜਦਕਿ ਅੱਜ 4000 ਰੁਪਏ ਦੇ ਨੋਟ ਬਦਲਣ ਲਈ ਵੀ ਸਾਧਾਰਨ ਲੋਕਾਂ ਤੋਂ ਪਛਾਣ ਦੇ ਸਬੂਤ ਮੰਗੇ ਜਾ ਰਹੇ ਹਨ।

ਵਿਦੇਸ਼ੀ ਬੈਂਕਾਂ ਤੋਂ ਬਹੁਤ ਜ਼ਿਆਦਾ ਕਾਲਾ ਧਨ ਦੇਸ਼ ਅੰਦਰ ਹੈ ਪਰ ਕੁਝ ਕੰਜੂਸ ਜਾਂ ਘੱਟ ਸਮਝਦਾਰ ਵਿਅਕਤੀਆਂ ਨੂੰ ਛੱਡ ਕੇ ਇਹ ਕਾਲਾ ਧਨ ਬੈਂਕ ਨੋਟਾਂ ਦੇ ਰੂਪ ਵਿਚ ਨਹੀਂ ਰੱਖਿਆ ਜਾਂਦਾ ਸਗੋਂ ਜ਼ਮੀਨ-ਮਕਾਨ ਵਰਗੀਆਂ ਸੰਪਤੀਆਂ, ਸ਼ੇਅਰ-ਬਾਂਡ, ਬਹੁਕੀਮਤੀ ਧਾਤੂਆਂ ਤੇ ਕਿਸਮ ਕਿਸਮ ਦੀਆਂ ਕੰਪਨੀਆਂ, ਟਰਸਟ , ਸੁਸਾਇਟੀਆਂ ਵਗੈਰਾ ਬਣਾ ਕੇ ਨਿਵੇਸ਼ ਕੀਤਾ ਜਾਂਦਾ ਹੈ ਜਿਸ ਨਾਲ ਹੋਰ ਵੀ ਕਮਾਈ ਹੁੰਦੀ ਰਹੇ। ਵੱਡੇ ਤਸਕਰ ਅਤੇ ਅਪਰਾਧੀ ਵੀ ਹੁਣ ਬਕਸਿਆਂ ਵਿਚ ਨੋਟ ਭਰ ਕੇ ਨਹੀਂ ਰੱਖਦੇ ਬਲਕਿ ਫ਼ਿਲਮ ਉਦਯੋਗ, ਬਿਲਡਿੰਗ, ਹੋਟਲ ਸਮੇਤ ਤਰਾਂ ਤਰਾਂ ਦੇ ਕਾਰੋਬਾਰਾਂ ਵਿਚ ਨਿਵੇਸ਼ ਕਰਦੇ ਹਨ। ਟਾਟਾ-ਬਿਰਲਾ-ਅੰਬਾਨੀ ਵਰਗੇ ਕਥਿਤ 'ਸਨਮਾਨਿਤ' ਘਰਾਣਿਆਂ ਤੋਂ ਲੈ ਕੇ ਛੋਟੇ ਉਦਯੋਗਪਤੀਆਂ-ਵਪਾਰੀਆਂ ਤਕ ਸਾਰੇ ਟੈਕਸ ਚੋਰੀ ਕਰਦੇ ਹਨ। ਅਤੇ ਚੋਰੀ ਦੀ ਉਸ ਰਕਮ ਨੂੰ ਵਾਰ ਵਾਰ ਨਿਵੇਸ਼ ਕਰਦੇ ਰਹਿੰਦੇ ਹਨ। ਇਨਾਂ ਨੂੰ ਟੈਕਸ ਵਕੀਲਾਂ, ਚਾਰਟਡ ਅਕਾਉਂਟੈਂਟਾਂ ਅਤੇ ਖ਼ੁਦ ਸਰਕਾਰੀ ਅਮਲੇ ਦੀ ਮਦਦ ਵੀ ਮਿਲਦੀ ਰਹਿੰਦੀ ਹੈ। ਉਪਰੋਂ ਇਹ ਬੈਂਕਾਂ ਦੇ ਵੀ ਖ਼ਰਬਾਂ ਰੁਪਏ ਦੱਬ ਕੇ ਬੈਠੇ ਹਨ। ਹਾਲ ਦੀ ਸਰਕਾਰੀ ਰਿਪੋਰਟ ਅਨੁਸਾਰ ਸਿਰਫ਼ 57 ਲੋਕਾਂ ਕੋਲ ਬੈਂਕਾਂ ਦੇ 85,000 ਕਰੋੜ ਰੁਪਏ ਬਾਕੀ ਹਨ। ਮੋਦੀ ਸਰਕਾਰ ਨੇ ਪਿਛਲੀ ਫਰਵਰੀ ਵਿਚ ਇਕ ਝਟਕੇ ਵਿਚ ਧੰਨਕੁਬੇਰਾਂ ਦੇ ਇਕ ਲੱਖ 14 ਹਜ਼ਾਰ ਕਰੋੜ ਦੇ ਕਰਜ਼ੇ ਮੁਆਫ਼ ਕਰ ਦਿੱਤੇ। ਇਹ ਸਾਰਾ ਕਾਲਾ ਧਨ ਅੱਜ ਵੀ ਸ਼ਾਨ ਨਾਲ ਬਾਜ਼ਾਰਾਂ ਵਿਚ ਘੁੰਮ ਰਿਹਾ ਹੈ ਤੇ ਆਪਣੇ ਮਾਲਕਾਂ ਲਈ ਕਮਾਈ ਕਰ ਰਿਹਾ ਹੈ।

ਇਸ ਲਈ ਨੋਟਬੰਦੀ ਨਾਲ ਅਸਲੀ ਕਾਲਾ ਧਨ ਵਾਲੇ ਕਾਰੋਬਾਰੀਆਂ ਨੂੰ ਨਾ ਤਾਂ ਕੁਝ ਨੁਕਸਾਨ ਹੋਣ ਵਾਲਾ ਹੈ, ਨਾ ਹੀ ਇਨਾਂ ਦਾ ਕਾਲੇ ਧਨ ਦਾ ਚੋਰੀ ਦਾ ਕਾਰੋਬਾਰ ਰੁਕਣ ਵਾਲਾ ਹੈ। ਜੇਕਰ ਇਨਾਂ ਕੋਲ ਤੁਰੰਤ ਜ਼ਰੂਰਤ ਲਈ ਕੁਝ ਨੋਟ ਇਕੱਠੇ ਹੋਣ ਵੀ ਤਾਂ ਵੀ ਸਿਆਸੀ ਨੇਤਾਵਾਂ, ਅਫ਼ਸਰਾਂ, ਪੁਲੀਸ, ਵਿੱਤੀ ਵਿਵਸਥਾ ਵਿਚ

**ਬਾਕੀ ਸਫ਼ਾ 32 'ਤੇ**

## ਭਾਰਤ ਦੇ ਇਤਿਹਾਸ ਦੀ ਸਭ ਤੋਂ ਵੱਡੀ ਖੇਡ

### *ਦੋ ਲੋਕਾਂ ਨੇ ਕਿਵੇਂ ਸਵਾ ਕਰੋੜ ਦੀ ਜਨਤਾ ਨੂੰ ਮੂਰਖ਼ ਬਣਾਇਆ ?*

ਕੀ ਮੁਕੇਸ਼ ਅੰਬਾਨੀ ਰੁਪਇਆਂ ਦੇ ਬਦਲਣ ਬਾਰੇ ਪਹਿਲਾਂ ਸਭ ਕੁਝ ਜਾਣਦੇ ਸਨ ? ਉਨਾਂ ਨੇ ਅਰਬਾਂ-ਖ਼ਰਬਾਂ ਰੁਪਏ 'ਜੀਓ' ਵਿਚ ਲਗਾ ਦਿੱਤੇ ਅਤੇ ਉਸ ਨੂੰ 30 ਦਸੰਬਰ ਤਕ ਮੁਫ਼ਤ ਕਰ ਦਿੱਤਾ ? ਅਤੇ ਹੈਰਾਨੀਜਨਕ ਗੱਲ ਹੈ ਕਿ ਤੁਸੀਂ 30 ਦਸੰਬਰ ਤਕ ਹੀ ਰੁਪਏ ਬਦਲ ਸਕਦੇ ਹੋ। ਉਸ ਮਗਰੋਂ ਜਨਵਰੀ 2017 ਤੋਂ 'ਜੀਓ' ਨੂੰ ਪੂਰਾ ਰਿਟਰਨ ਵਾਈਟ ਮਨੀ ਦੇ ਰੂਪ ਵਿਚ ਮਿਲੇਗਾ। ਇਸ ਨੂੰ ਕਹਿੰਦੇ ਹਨ- ਇਕ ਵੱਡੇ ਵਪਾਰੀ ਦਾ ਮਾਸਟਰ ਸਟਰੋਕ ਜਾਂ ਪੂਰੇ ਦੇਸ਼ ਨੂੰ ਮੂਰਖ਼ ਬਣਾਉਣ ਵਾਲੀ ਇਕ ਹੋਰ ਸ਼ਾਤਰ ਚਾਲ...ਇਹ ਤਾਂ ਵਕਤ ਹੀ ਦੱਸੇਗਾ। ਤੁਹਾਨੂੰ ਇਹ ਜਾਣ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਕਿਉਂ ਰਘੁਰਾਮ ਰਾਜਨ ਵਰਗੇ ਇਮਾਨਦਾਰ, ਦੇਸ਼ ਭਗਤ ਵਿਅਕਤੀ ਨੂੰ ਹਟਾ ਕੇ ਉਨਾਂ ਦੀ ਥਾਂ ਮੁਕੇਸ਼ ਅੰਬਾਨੀ ਦੇ ਜੀਜੇ ਤੇ ਰਿਲਾਇੰਸ ਕੰਪਨੀ ਦੇ ਸੀ.ਈ.ਓ. ਨੂੰ ਬੜੀ ਜਲਦਬਾਜ਼ੀ ਕਰਕੇ ਰਿਜ਼ਰਵ ਬੈਂਕ ਆਫ਼ ਇੰਡੀਆ ਦਾ ਗਵਰਨਰ ਬਣਾ ਦਿੱਤਾ ਗਿਆ। ਕੁਝ ਤਾਂ ਦੇਸ਼ ਹਿਤ ਵਿਚ ਸੋਚੋ 'ਦੇਸ਼ ਭਗਤੋ'।

## ਨਵੇਂ ਨੋਟਾਂ ਦਾ ਪੰਗਾ

ਇਹ ਜਾਣਨਾ ਮਜ਼ੇਦਾਰ ਹੋਵੇਗਾ ਕਿ ਨਵੇਂ ਨੋਟਾਂ ਦਾ ਡਿਜ਼ਾਈਨ ਕਿਸ ਨੇ ਤਿਆਰ ਕੀਤਾ ਹੈ ਤੇ ਕਿਸ ਨੇ ਮਨਜ਼ੂਰੀ ਦਿੱਤੀ ਹੈ। ਏਨਾ ਤਾਂ ਤੈਅ ਹੈ ਕਿ ਇਹ ਕੰਮ ਸਿੱਖਿਅਤ ਪ੍ਰੋਫੈਸ਼ਨਲ ਦਾ ਨਹੀਂ ਹੈ। ਡਿਜ਼ਾਈਨ ਕਿਸੇ ਦਾ ਵੀ ਹੋਵੇ, ਲੇਆਊਟ ਵਿਚ ਸਾਈਜ਼ ਦਾ ਨਿਰਧਾਰਨ ਤਾਂ ਤਜਰਬੇਕਾਰ ਲੋਕ ਹੀ ਕਰਦੇ ਹਨ। ਉਨਾਂ ਨੂੰ ਪਤਾ ਹੁੰਦਾ ਹੈ ਕਿ ਏ.ਟੀ. ਐਮ. ਅਤੇ ਕਾਉਂਟਿੰਗ ਮਸ਼ੀਨਾਂ ਵਿਚ ਕਿਸ ਸਾਈਜ਼ ਦੇ ਨੋਟ ਪੈਣਗੇ ਅਤੇ ਕਿਸ ਸਾਈਜ਼ ਦੇ ਨਹੀਂ। ਸ਼ੱਕ ਹੈ ਕਿ ਪਰੂਫ਼ਰੀਡਰ ਜੋ ਭਾਸ਼ਾਈ ਗਲਤੀਆਂ ਜਾਂਚਦਾ ਹੈ ਅਤੇ ਪ੍ਰਿੰਟਰ ਜੋ ਨੋਟ ਛਾਪਦੇ ਹਨ, ਇਨਾਂ ਨੋਟਾਂ ਦੀਆਂ ਗ਼ਲਤੀਆਂ ਜਾਣ ਗਏ ਹੋਣਗੇ ਪਰ ਡਿਜ਼ਾਈਨਰ ਸਰਕਾਰ ਦਾ ਚਹੇਤਾ ਹੋਣ ਕਾਰਨ ਸਰਕਾਰ ਨੂੰ ਗ਼ਲਤੀਆਂ ਦੱਸਣ ਦੀ ਹਿੰਮਤ ਨਹੀਂ ਕਰ ਸਕੇ ਹੋਣਗੇ। ਹੁਣ ਤੁਸੀਂ ਇਹ ਨਾ ਕਹਿਣਾ ਕਿ ਇਹ ਤਾਂ ਗਵਰਨਰ ਨੇ ਦੇਖਣਾ ਸੀ। ਪੌਣੇ ਤਿੰਨ ਸਾਲਾਂ ਬਾਅਦ ਵੀ ਤੁਹਾਨੂੰ ਸ਼ੱਕ ਹੈ ਕਿ ਸਰਕਾਰ ਵਿਚ ਕਿਸ ਦੀ ਮਨਮਾਨੀ ਹੈ ? 2 ਲੱਖ ਤੋਂ ਜ਼ਿਆਦਾ ਏ.ਟੀ.ਐਮ. ਮਸ਼ੀਨਾਂ ਵਿਚ ਬਦਲਾਅ ਲਿਆਉਣ ਦੀ ਜ਼ਰੂਰਤ ਕਿਸ ਦੀ ਗ਼ਲਤੀ ਹੈ ? ਜ਼ਾਹਰ ਹੈ ਸਰਕਾਰ ਦੀ। ਹੁਣ ਫ਼ਜ਼ੂਲ ਬਿਆਨ ਸੁਣਦੇ ਰਹੋ। ਅੱਖਰ ਗਿਆਨ ਹੋਣ ਨਾਲ ਬੰਦਾ ਪੜ੍ਹਿਆ-ਲਿਖਿਆ ਨਹੀਂ ਬਣਦਾ।

- ਪ੍ਰਣਬ ਮੁਖਰਜੀ ਦੇ ਜਾਣ ਦਾ ਇੰਤਜ਼ਾਰ ਕਰ ਰਹੀ ਜਨਤੰਤਰ ਵਿਰੋਧੀ ਆਰ.ਐਸ.ਐਸ. ਦੀ ਮੋਦੀ ਸਰਕਾਰ!! ਉਸ ਤੋਂ ਬਾਅਦ ਐਲਾਨੀ ਐਮਰਜੈਂਸੀ ਲਾਈ ਜਾ ਸਕਦੀ ਹੈ। 2019 ਦੀਆਂ ਲੋਕ ਸਭਾ ਚੋਣਾਂ ਖ਼ਤਰੇ ਵਿਚ ਹਨ!!
- ਭਾਰਤ ਦਾ ਰਾਸ਼ਟਰਪਤੀ ਜਿੰਨਾ ਵੀ ਰਬੜ ਸਟੈਂਪ ਹੋਵੇ, ਪਰ ਉਸ ਅਹੁਦੇ ਵਿਚ ਨਿੱਜੀ ਅਧਿਕਾਰ ਕੇਂਦਰ ਸਰਕਾਰ ਨੂੰ ਪੂਰਨ ਤਾਨਾਸ਼ਾਹੀ ਤੋਂ ਰੋਕਦਾ ਹੈ!! ਇਸ ਲਈ ਇਨਾਂ ਨੂੰ ਕਠਪੁਤਲੀ ਰਾਸ਼ਟਰਪਤੀ ਚਾਹੀਦਾ ਹੈ।
- ਇਕ ਇਕ ਕਰਕੇ ਸਾਰੇ ਸੰਵਿਧਾਨਕ ਅਹੁਦਿਆਂ 'ਤੇ ਆਪਣੀਆਂ ਕਠਪੁਤਲੀਆਂ ਬਿਠਾ ਰਹੀ ਮੋਦੀ ਸਰਕਾਰ! ਰਾਜਨ ਨੂੰ 'ਹਟਾਉਣ' ਮਗਰੋਂ ਕਿਵੇਂ ਜਨਵਿਰੋਧੀ ਆਰਥਿਕ ਐਮਰਜੈਂਸੀ ਲੱਦੀ ਗਈ, ਦਿਖਾਈ ਦੇ ਰਿਹਾ ਹੈ!!
- ਸੁਪਰੀਮ ਕੋਰਟ ਭਾਵ ਅਦਾਲਤ ਨੂੰ ਕਿਸੇ ਤਰਾਂ ਪ੍ਰੇਸ਼ਾਨ ਕਰ ਰਹੀ ਮੋਦੀ ਸਰਕਾਰ, ਇਹ ਵੀ ਦਿਖਾਈ ਦੇ ਰਿਹਾ ਹੈ! ਅਦਾਲਤਾਂ ਵਿਚ ਵੀ ਆਪਣੀਆਂ ਕਠਪੁਤਲੀਆਂ ਬਿਠਾਉਣ ਦੀ ਸਾਜ਼ਿਸ਼ ਕਰ ਰਹੀ ਹੈ ਆਰ.ਐਸ.ਐਸ. ਸਰਕਾਰ!!
- ਲੋਕ ਪਾਲ ਕਾਨੂੰਨ ਲਾਗੂ ਨਹੀਂ ਕੀਤਾ ਜਾ ਰਿਹਾ। ਕੋਈ ਪਾਲਤੂ ਮਿਲਦੇ ਹੀ ਲੋਕਪਾਲ ਦੀ ਨਿਯੁਕਤੀ ਹੋ ਜਾਵੇਗੀ, ਉਦੋਂ ਇਕ ਵਾਰ ਫੇਰ ਮੋਦੀ ਦੀ ਭ੍ਰਿਸ਼ਟਾਚਾਰ ਵਿਰੋਧੀ ਲਫ਼ਾਜ਼ੀ ਸੁਣਨ ਨੂੰ ਮਿਲੇਗੀ!!
- ਈ.ਵੀ.ਐਮ. ਮਸ਼ੀਨਾਂ ਸਮੇਤ ਚੋਣ ਕਮਿਸ਼ਨ 'ਤੇ ਜੇਕਰ ਮੋਦੀ ਸਰਕਾਰ ਦਾ ਪੂਰਾ ਕੰਟਰੋਲ ਹੋ ਗਿਆ ਤਾਂ ਫੇਰ ਉਹ 'ਸ਼ੁੱਧ ਜਮਹੂਰੀ' ਮਖੌਟਾ ਪਾਈ ਰੱਖੇਗੀ!! ਵਰਨਾ...2017 ਅਤੇ 2018 ਵਿਚ ਉਤਰ ਪ੍ਰਦੇਸ਼, ਪੰਜਾਬ ਸਮੇਤ ਕਈ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਤੇ ਭਾਜਪਾ ਅਤੇ ਮੋਦੀ ਸਰਕਾਰ ਦੀ ਖ਼ਾਸ ਨਜ਼ਰ!! ਨਤੀਜੇ ਜ਼ਿਆਦਾਤਰ ਉਸ ਖ਼ਿਲਾਫ਼ ਗਏ ਤਾਂ ਫਿਰ...ਤਾਂ ਫਿਰ 25 ਜੁਲਾਈ 20 17 ਮਗਰੋਂ ਕਦੇ ਵੀ ਫਾਸਿਸਟ ਐਮਰਜੈਂਸੀ ਲਗਾ ਸਕਦੀ ਹੈ ਮੋਦੀਸਰਕਾਰ!! ਅਤੇ ਇਹ ਫ਼ਾਸਿਜ਼ਮ ਵੀ ਹੋਵੇਗਾ 'ਦੇਸ਼ ਹਿਤ' ਵਿਚ। ਸਮਝੇ ਕਿ ਨਹੀਂ ?!!

# ਲੁੱਟੇ ਜਾ ਰਹੇ ਹਾਂ, ਫਿਰ ਭੀ ਨੀਂਦ ਕਿਉਂ ਆ ਰਹੀ ਹੈ ?

**ਸਾਡੇ ਆਗੂ ਕਿਵੇਂ ਇੱਕ ਦੂਜੇ ਤੋਂ ਅੱਗੇ ਵੱਧ ਕੇ ਟਾਹਰਾਂ ਮਾਰ ਰਹੇ ਹਨ ਕਿ ਅਸੀਂ ਗੋਲੀਆਂ ਖਾ ਲਵਾਂਗੇ, ਅਸੀਂ ਖੂਨ ਬਹਾ ਦੇਵਾਂਗੇ ਪਰ ਪਾਣੀ ਦੀ ਇੱਕ ਬੂੰਦ ਵੀ ਨਹੀਂ ਜਾਣ ਦੇਵਾਂਗੇ। ਪਰ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਸਭਨਾਂ ਨੇ ਨਹਿਰ ਤਾਂ ਕੱਢਵਾ ਹੀ ਦਿੱਤੀ ਸੀ। ਜਦੋਂ ਪਹਿਲਾਂ ਟੱਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਲਾਇਆ ਤਾਂ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਕੋਲ ਖੜ੍ਹੇ ਸਨ। ਸੁਰਜੀਤ ਸਿੰਘ ਬਰਨਾਲਾ ਦੀ ਗੱਦਾਰੀ ਸਾਰਿਆਂ ਨੇ ਵੇਖ ਹੀ ਲਈ ਹੈ ਅਤੇ ਬਾਦਲ ਸਾਬ ਨੇ ਵੀ ਹਰਿਆਣੇ ਤੋਂ 2 ਕਰੋੜ ਲੈ ਲਏ ਸਨ ਅਤੇ ਦਰਬਾਰਾ ਸਿੰਘ ਨੇ ਵੀ ਇੰਦਰਾ ਗਾਂਧੀ ਦੇ ਕਹਿਣ 'ਤੇ ਸੁਪਰੀਮ ਕੋਰਟ ਤੋਂ ਕੇਸ ਵਾਪਸ ਲੈ ਲਿਆ ਸੀ। ਲੇਕਿਨ ਇਨ੍ਹਾਂ ਜੁਝਾਰੂ ਨੌਜਵਾਨਾਂ ਨੇ ਅਸਲ ਵਿੱਚ ਆਪਣਾ ਖੂਨ ਵਹਾ ਕੇ ਨਹਿਰ ਨੂੰ ਰੋਕਿਆ ਸੀ, ਉਨ੍ਹਾਂ ਨੂੰ ਅੱਜ ਕੋਈ ਵੀ ਯਾਦ ਨਹੀਂ ਕਰਦਾ। ਇਹ ਕੈਸੇ ਆਗੂ ਹਨ ਜੋ ਉਨ੍ਹਾਂ ਦੇ ਡੁੱਲੇ ਖੂਨ ਉੱਤੇ ਅੱਜ ਆਪਣੀਆਂ ਆਪਣੀਆਂ ਰੋਟੀਆਂ ਸੇਕ ਰਹੇ ਹਨ। ਇਤਿਹਾਸ ਇਨ੍ਹਾਂ ਦੀ ਜਵਾਬਦੇਹੀ ਕਦੋਂ ਲਵੇਗਾ।**



**ਕਰਮਜੀਤ ਸਿੰਘ**
ਸੀਨੀਅਰ ਪੱਤਰਕਾਰ ਚੰਡੀਗੜ੍ਹ

ਵੀਰਵਾਰ 10 ਨਵੰਬਰ ਨੂੰ ਸਵੇਰੇ ਛੇ ਵਜੇ ਫੋਨ ਦੀ ਘੰਟੀ ਖੜਕ ਗਈ। ਦੂਜੇ ਪਾਸੇ ਤੋ ਸਨ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ। ਇਹ ਉਹ ਢਿੱਲੋਂ ਸਾਹਿਬ ਹਨ, ਜਿਹੜੇ ਕਿਸੇ ਸਮੇਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਇਤਿਹਾਸ



ਵਿਭਾਗ ਦੇ ਚੇਅਰਮੈਨ ਰਹਿ ਚੁੱਕੇ ਹਨ। ਇਹ ਉਹ ਢਿੱਲੋਂ ਸਾਹਿਬ ਹਨ, ਜਿਨ੍ਹਾਂ ਨੇ ਪੰਜਾਬ ਦੇ ਦਰਦ ਦੀ ਕਹਾਣੀ ਉੱਤੇ ਪ੍ਰਸਿੱਧ ਕਿਤਾਬ 'ਇੰਡੀਆ ਕਮਿਟਸ ਸੁਸਾਈਡ' ਲਿਖੀ। ਇਹ ਉਹ ਢਿੱਲੋਂ ਸਾਹਿਬ ਹਨ, ਜੋ ਉਨ੍ਹਾਂ ਚੰਦ ਵਿਅਕਤੀਆਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਪੰਜਾਬ ਦੇ ਲੁੱਟੇ ਪਾਣੀਆਂ ਦੀ ਤੱਥਾਂ ਅਤੇ ਦਲੀਲਾਂ ਸਮੇਤ ਇਤਿਹਾਸਕ ਸਮਝ ਹੈ ਅਤੇ ਜੋ ਹਰ ਦੂਜੇ ਤੀਜੇ ਦਿਨ ਜਿਸ ਸਟੇਜ ਉੱਤੇ ਵੀ ਉਨ੍ਹਾਂ ਨੂੰ ਸਮਾਂ ਮਿਲਦਾ ਹੈ, ਉੱਥੇ ਹੀ ਇਸ ਦਰਦ ਭਰੀ ਦਾਸਤਾਨ ਉੱਤੇ ਡੂੰਘੇ ਵੈਣ ਪਾਉਂਦੇ ਰਹਿੰਦੇ ਹਨ। ਅੱਜ ਫੋਨ ਉੱਤੇ ਉਨ੍ਹਾਂ ਦਾ ਸਾਰਾ ਗੁੱਸਾ ਪਹਿਲਾਂ ਮੇਰੇ ਉੱਤੇ ਨਾਜ਼ਲ ਹੋਇਆ। ਫੇਰ ਲੀਡਰਾਂ ਉੱਤੇ। ਫੇਰ ਰੈਡੀਕਲ ਲੀਡਰਾਂ ਉੱਤੇ। ਫੇਰ ਪੰਜਾਬ ਦੇ ਇਤਿਹਾਸਕਾਰਾਂ ਉੱਤੇ ਅਤੇ ਫੇਰ ਪੰਜਾਬ ਦੇ ਲੇਖਕਾਂ ਉੱਤੇ ਜਿਨ੍ਹਾਂ ਨੇ ਚਿੜੀ-ਕਾਂ ਦੀਆਂ ਕਹਾਣੀਆਂ ਪਾ ਕੇ ਢੇਰਮ-ਢੇਰ ਕਿਤਾਬਾਂ ਲਿਖੀਆਂ ਹਨ, ਪਰ ਆਪਣੀ ਕਲਪਨਾ ਨਾਲ ਕਦੇ ਵੀ ਪੰਜਾਬ ਦੇ ਲੁੱਟੇ ਗਏ ਪਾਣੀਆਂ ਉੱਤੇ ਦੋ ਅੱਖਰ ਨਹੀਂ ਲਿਖੇ, ਦੋ ਹੰਝੂ ਨਹੀਂ ਕੇਰੇ।

"ਕਰਮਜੀਤ! ਤੂੰ ਮਰ ਗਿਐਂ....ਤੈਨੂੰ ਨੀਂਦ ਕਿਵੇਂ ਆ ਰਹੀ ਐ... ਅਸੀਂ ਲੁੱਟੇ ਜਾ ਰਹੇ ਆਂ...ਸਭ ਪੱਤਰਕਾਰ ਮਰ ਗਏ ਨੇ...ਏਥੇ ਪੰਜਾਬ ਦਾ ਹੁਣ ਕੋਈ ਬਾਲੀਵਾਰਸ ਨਹੀਂ ਰਿਹਾ... ਬਣਾ ਲਓ ਤੁਸੀਂ ਆਪਣਾ ਖਾਲਿਸਤਾਨ... ਜਦੋਂ ਪਾਣੀ ਹੀ ਨਾ ਰਿਹਾ ਤਾਂ ਰੇਗਿਸਤਾਨ ਵਿੱਚ ਕਰ ਲਿਓ ਤੁਸੀਂ ਆਪਣਾ ਰਾਜ... ਵੱਡੇ ਆਏ ਖਾਲਿਸਤਾਨੀ...।"

ਉਨ੍ਹਾਂ ਦਾ ਪਿਆਰ ਭਰਿਆ ਗੁੱਸਾ ਜਾਰੀ ਸੀ, "ਤੈਨੂੰ ਪਤਾ ਹੈ 2009 ਵਿੱਚ ਲੁਧਿਆਣਾ ਵਿੱਚ ਰੈਲੀ ਹੋਈ ਸੀ। ਬੜੀ ਵੱਡੀ ਰੈਲੀ ਸੀ। ਉੱਥੇ ਮੋਦੀ ਵੀ ਆਇਆ ਸੀ ਅਤੇ ਨਿਤੀਸ਼ ਕੁਮਾਰ ਵੀ ਸੀ। ਉਦੋਂ ਉਹ ਐਨ.ਡੀ.ਏ. ਵਿੱਚ ਸੀ, ਯਾਨੀ ਭਾਜਪਾ ਨਾਲ ਸੀ। ਰੈਲੀ ਵਿੱਚ ਬਾਦਲ ਵੀ ਬੈਠਾ ਸੀ। ਮੋਦੀ ਨੇ ਕਿਹਾ ਕਿ ਅਸੀਂ ਹੁਣ ਸਾਰੇ ਭਾਰਤ ਦੇ ਦਰਿਆਵਾਂ ਨੂੰ ਇੱਕ ਕਰ ਦੇਣਾ ਹੈ ਯਾਨੀ ਨੈਸ਼ਨਲ ਗਰਿੱਡ ਬਣਾ ਦੇਣਾ ਹੈ। ਤੈਨੂੰ ਪਤਾ ਹੈ ਗਰਿੱਡ ਕੀ ਹੁੰਦਾ ਏ? ਤੈਨੂੰ ਪਤਾ ਏ ਮੋਦੀ ਨੇ ਕੀ ਆਖਿਆ? ਤੈਨੂੰ ਪਤਾ ਏ ਦਰਿਆਵਾਂ ਨੂੰ ਇਕੱਠੇ ਕਰਨ ਨਾਲ ਸਭ ਤੋਂ ਵੱਧ ਰਾਇਪੇਰੀਅਨ ਰਾਜਾਂ ਨੂੰ ਨੁਕਸਾਨ ਹੁੰਦਾ ਹੈ। ਪੰਜਾਬ ਨੇ ਤਾਂ ਸਭ ਤੋਂ ਪਹਿਲਾਂ ਮਰਨਾ ਹੀ ਮਰਨਾ ਏ ਕਿਉਂਕਿ ਅਸੀਂ ਰਾਇਪੇਰੀਅਨ ਰਾਜ ਹਾਂ। ਪਰ ਮੋਦੀ ਨੇ ਇੱਕ ਗੱਲ ਕਰਕੇ ਹੈਰਾਨ ਕਰ ਦਿੱਤਾ, ਕਹਿੰਦਾ ਸਾਡੇ ਫੈਸਲੇ ਦੀ ਬਾਦਲ ਸਾਹਿਬ ਵੀ ਪੂਰੀ ਹਮਾਇਤ ਕਰ ਰਹੇ ਹਨ। ਹੋਰ ਸੁਣ। ਇਹ ਬਾਦਲ ਘਸਲ ਮਾਰ ਕੇ ਬੈਠਾ ਰਿਹਾ। ਇੱਕ ਅੱਖਰ ਵੀ ਮੂੰਹੋਂ ਨਾ ਬੋਲ ਸਕਿਆ। ਜਦੋਂ ਮੈਂ ਪਿੱਟਿਆ ਤਾਂ ਤੀਜੇ ਦਿਨ ਇਸ ਨੂੰ ਹੋਸ਼ ਆਈ ਤੇ ਫੇਰ ਮੋਦੀ ਦੀ ਗੱਲ ਦਾ ਮਰੀਅਲ ਜਿਹਾ ਵਿਰੋਧ ਕੀਤਾ। ਇਹ ਬਾਦਲ ਕੇਂਦਰ ਦੇ ਹੱਥ ਵਿੱਚ ਪੰਜਾਬ ਦੇ ਵਿਰੁੱਧ ਆਸਾਨੀ ਨਾਲ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਬੰਦਾ ਹੈ।"

ਢਿੱਲੋਂ ਸਾਹਿਬ ਦੀ ਦਰਦ ਭਰੀ ਦਾਸਤਾਨ ਵਿੱਚ ਮੈਂ ਕੋਈ ਵਿਘਨ ਨਹੀਂ ਸੀ ਪਾਉਣਾ ਚਾਹੁੰਦਾ ਅਤੇ ਨਾ ਹੀ ਕੋਈ ਸਵਾਲ ਕਰਨਾ ਚਾਹੁੰਦਾ ਸੀ। ਇਸ ਲਈ ਸਿਖਰ ਦੁਪਹਿਰ ਵਾਂਗ ਉਨ੍ਹਾਂ ਦਾ ਚਮਕਦਾ ਗੁੱਸਾ ਜਾਰੀ ਰਿਹਾ, "ਤੈਨੂੰ ਪਤੈ ਆਸਟਰੇਲੀਆ ਵਿੱਚ ਕੀ ਹੁੰਦੈ? ਉਨ੍ਹਾਂ ਕੋਲ ਪਾਣੀ ਨਹੀਂ। ਸਾਰਾ ਦੇਸ਼ ਖਾਲੀ ਪਿਐ। ਵੱਡੇ ਵੱਡੇ ਪਾਣੀਆਂ ਦੇ ਮਾਹਰ ਦੁਹਾਈ ਦੇ ਰਹੇ ਹਨ ਕਿ ਤੀਜੀ ਜੰਗ ਪਾਣੀ ਤੋਂ ਹੋਣੀ ਏ। ਪਰ ਅਸੀਂ ਚੁੱਪ ਕਰਕੇ ਬੈਠੇ ਆਂ ਅਤੇ ਹੋਰਨਾਂ ਨੂੰ ਪਾਣੀ ਦੇ ਰਹੇ ਆਂ। ਤੈਨੂੰ ਪਤਾ ਏ ਕੈਨੇਡਾ ਕੋਲ ਸਭ ਤੋਂ ਵੱਧ ਪਾਣੀ ਹੈ। ਉਨ੍ਹਾਂ ਦੇ ਦੇਸ਼ ਵਿੱਚ 20-20 ਮੀਲ ਲੰਮੀਆਂ ਝੀਲਾਂ ਹਨ। ਤੂੰ ਕਿਊਬੇਕ ਬਾਰੇ ਜਾਣਦਾ ਏਂ। ਸਭ ਤੋ ਵੱਧ ਪਾਣੀ ਕੈਨੇਡਾ ਵਿੱਚ ਕਿਊਬੇਕ ਕੋਲ ਏ। ਨਾਲ ਦੇ ਰਾਜਾਂ ਨੇ ਪਾਣੀ ਮੰਗਿਆ, ਉਨ੍ਹਾਂ ਨੇ ਸਾਫ਼ ਜਵਾਬ ਦੇ ਦਿੱਤਾ ਕਿ ਇੱਕ ਬੂੰਦ ਵੀ ਨਹੀਂ ਦੇ ਸਕਦੇ। ਪਰ ਆਪਾਂ ਸਾਰਾ ਪਾਣੀ ਬਾਹਰ ਵੰਡ ਦਿੱਤਾ। ਹੁਣ ਸਾਡਾ ਖੂਨ ਹੋਰ ਲੋਕ ਪੀਂਦੇ ਜਾ ਰਹੇ ਹਨ। ਬਸ ਹੁਣ ਅਸੀਂ ਲਾਸ਼ਾਂ ਹੀ ਬਣਾਂਗੇਂ।"

ਮੈਂ ਝਿਜਕਦਿਆਂ ਝਿਜਕਦਿਆਂ ਸਵਾਲ ਕਰਨ ਦਾ ਹੌਸਲਾ ਕਰ ਲਿਆ। ਢਿੱਲੋਂ ਸਾਬ, ਹੁਣ ਆਪਾਂ ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਹੋਰ ਕਿੱਥੇ ਜਾਵਾਂਗੇਂ? ਡਾਕਟਰ ਸਾਹਿਬ ਨੇ ਹੁਣ ਬੇਬਸੀ ਦੇ ਲਹਿਜ਼ੇ ਵਿੱਚ ਆਪਣਾ ਸਹਿੰਦਾ ਸਹਿੰਦਾ ਇਤਰਾਜ਼ ਕੁੱਛ ਇਵੇਂ ਜ਼ਾਹਰ ਕੀਤਾ, "ਉਦੋਂ ਸੁਪਰੀਮ ਕੋਰਟ ਕਿੱਥੇ ਸੀ ਜਦੋਂ 3 ਹਜ਼ਾਰ ਸਿੱਖ ਦਿੱਲੀ ਵਿੱਚ ਮਾਰੇ? ਨਿੱਕੇ ਨਿੱਕੇ ਮਸਲਿਆਂ 'ਤੇ ਸੂਔ ਮੋਟੋ ਨੋਟਿਸ ਜਾਰੀ ਕਰ ਦਿੰਦੇ ਹਨ। ਪਰ 3 ਹਜ਼ਾਰ ਮਾਰੇ ਸਿੱਖਾਂ ਸਮੇਂ ਕੋਈ ਸੂਔ ਮੋਟੋ ਨੋਟਿਸ ਕਿਉਂ ਨਾ ਜਾਰੀ ਹੋਇਆ? ਸਾਡੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ, ਉਦੋਂ ਸੁਪਰੀਮ ਕੋਰਟ ਕਿੱਥੇ ਸੀ? ਸਾਡੇ ਗੁਰੂ ਗ੍ਰੰਥ ਸਾਹਿਬ ਸਾੜੇ ਗਏ ਸਾਡੇ ਗੁਰੂ ਘਰਾਂ ਨੂੰ ਅੱਗਾਂ ਲਾਈਆਂ ਗਈਆਂ, ਉਦੋਂ ਸੁਪਰੀਮ ਕੋਰਟ ਕਿੱਥੇ ਸੀ? ਕਰਮਜੀਤ! ਸਾਡੀ ਟਰੈਜ਼ਡੀ ਬਹੁਤ ਵੱਡੀ ਹੈ... ਬਹੁਤ ਪਾਸਿਆਂ ਤੋਂ...ਅਸੀਂ ਤਬਾਹ ਹੋ ਰਹੇ ਹਾਂ...ਸਾਰੀਆਂ ਬਿਜਲੀਆਂ ਸਾਡੇ ਉੱਤੇ ਹੀ ਕਿਉਂ ਡਿੱਗਦੀਆਂ ਨੇ...? ਸਾਨੂੰ ਅੱਖਾਂ ਖੋਲ੍ਹ ਕੇ ਪੜ੍ਹਨਾ ਪੈਣਾ ਹੈ...ਦਿਮਾਗਾਂ ਉੱਤੇ ਬੋਝ ਪਾਉਣਾ ਪੈਣਾ ਹੈ...ਇੰਟਰਨੈਸ਼ਨਲ ਲਾਅ ਦੇਖਣੇ ਪੈਣੇ... ਰਾਇਪੇਰੀਅਨ ਰਾਈਟਸ ਕੀ ਕਹਿੰਦੇ ਹਨ...ਉਪਰੋਂ ਉਪਰੋਂ ਇਹ ਲੀਡਰ ਕਿੰਨਾ ਬਕਵਾਸ ਕਰ ਰਹੇ ਨੇ...ਇੱਕ ਦੂਜੇ ਉੱਤੇ ਤੋਹਮਤਾਂ ਲਾਅ ਰਹੇ ਨੇ...ਅਸਲ ਵਿੱਚ ਇਹ ਸਾਰੇ ਦੋਸ਼ੀ ਨੇ... ਹੁਣ ਸਾਰੇ ਲੀਡਰ ਲੋਕਾਂ ਦੇ ਜਜ਼ਬਿਆਂ ਨੂੰ ਭੜਕਾਉਣਗੇ ਅਤੇ ਕਹਿੰਦੇ ਰਹਿਣਗੇ ਕਿ ਇੱਕ ਬੂੰਦ ਵੀ ਪਾਣੀ ਨਹੀਂ ਜਾਣ ਦੇਵਾਂਗੇ। ਇਹ ਗੱਲ ਹੁਣ ਇਨ੍ਹਾਂ ਦੀ ਤਕੀਆ ਕਲਾਮ ਬਣ ਚੁੱਕੀ ਹੈ...ਮੈਂ ਤੈਨੂੰ ਕਹਿੰਨਾ ਕਿ ਕਿਸੇ ਨੇ ਲੜਾਈ ਨਹੀਂ ਲੜਨੀ ਨਾ ਕਾਂਗਰਸ ਨੇ, ਨਾ ਬਾਦਲ ਨੇ ਅਤੇ ਨਾ 'ਆਪ' ਨੇ। ਉੱਪਰੋਂ ਉੱਪਰੋਂ ਬਕਵਾਸ ਜਾਰੀ ਰਹੇਗੀ ਪਰ ਅੰਦਰਲੀ ਤਹਿ ਤੱਕ ਕਿਸੇ ਨੇ ਨਹੀਂ ਜਾਣਾ... ਹਾਂ ਸ਼ਾਇਦ ਅਮਰਿੰਦਰ ਕੁਛ ਕਰ ਸਕਦਾ ਏ ਪਰ ਮੈਨੂੰ ਪਤਾ ਲੱਗਿਆ ਉਸ ਦੀ ਸਿਹਤ ਵੀ ਬਹੁਤੀ ਚੰਗੀ ਨਹੀਂ। ਉਸ ਨੂੰ ਸਾਹ ਚੜ੍ਹਦਾ ਏ।"

ਡਾਕਟਰ ਗੁਰਦਰਸ਼ਨ ਸਿੰਘ ਫੇਰ ਸੰਗਤ ਸਿੰਘ ਉੱਤੇ ਵਰ੍ਹਨ ਲੱਗੇ। ਕੀ ਲਿਖਿਐ ਉਸ ਨੇ? ਅਖਬਾਰਾਂ ਦੀਆਂ ਕਾਤਰਾਂ ਕੱਟ ਕੱਟ ਕੇ ਕਿਤਾਬ ਲਿਖ ਦਿੱਤੀ 'ਸਿੱਖਸ ਇਨ ਹਿਸਟਰੀ'। ਇਤਿਹਾਸ ਅਖਬਾਰਾਂ ਤੋਂ ਨਕਲ ਮਾਰ ਕੇ ਲਿਖੇ ਜਾਂਦੇ। ਪਾਣੀ ਬਾਰੇ ਉਸ ਨੇ ਇੱਕ ਅੱਖਰ ਨਹੀਂ ਲਿਖਿਆ। ਪਾਣੀ ਨੇ ਹੀ ਸਾਡੇ ਭਵਿੱਖ ਦਾ ਫੈਸਲਾ ਕਰਨਾ ਹੈ। ਪਾਣੀ ਨੇ ਹੀ ਸਾਡਾ ਅੱਜ, ਸਾਡੀ ਹਸਤੀ ਤੈਅ ਕਰਨੀ ਹੈ। ਮੈਂ ਹਰ ਰੋਜ਼ ਰੌਲਾ ਪਾਉਂਦਾਂ, ਲੋਕ ਮੈਨੂੰ ਪਾਗਲ ਕਹਿੰਦੇ ਨੇ...ਆਖੀ ਜਾਣ ਪਰ ਮੈਂ ਤਾਂ ਬੋਲਦਾ ਹੀ ਰਵਾਂਗਾਂ। ਤੈਨੂੰ ਪਤੈ ਪੁਲੀਟੀਕਲ ਸਾਇੰਸ ਵਿੱਚ 'ਸਟੇਟ' ਕਿਸ ਨੂੰ ਕਹਿੰਦੇ ਹਨ? 'ਸਟੇਟ' ਕੋਲ ਆਪਣੀ ਜ਼ਮੀਨ (ਟੈਰੀਟਰੀ) ਹੁੰਦੀ ਹੈ, ਆਪਣੀ ਵੱਸੋਂ ਹੁੰਦੀ ਹੈ। ਇਹੋ ਗੱਲ ਉਸ ਨੂੰ ਸੌਵਰਨ ਬਣਾਉਂਦੀ ਹੈ, ਜਿਸ ਨੂੰ ਤੂੰ ਪ੍ਰਭੂ ਸੰਪੰਨ ਕਹਿੰਦਾ ਆ। ਕੇਂਦਰ ਸਰਕਾਰ ਕੋਲ ਕੋਈ ਟੈਰੀਟਰੀ ਨਹੀਂ ਹੁੰਦੀ। ਰਾਜਾਂ ਕੋਲ ਟੈਰੀਟਰੀ ਹੁੰਦੀ ਹੈ। ਏਸੇ ਲਈ ਉਹ ਸੌਵਰਨ ਹੁੰਦੀਆਂ ਹਨ। ਅਮਰੀਕਾ ਵਿੱਚ ਫੈਡਰਲ ਢਾਂਚਾ ਹੈ ਪਰ ਉੱਥੇ ਕੇਂਦਰ ਕੋਲ ਕੋਈ ਟੈਰੀਟਰੀ ਨਹੀਂ। ਉਨ੍ਹਾਂ ਕੋਲ ਕਰੰਸੀ ਹੋ ਸਕਦੀ ਹੈ, ਫੌਜ ਹੋ ਸਕਦੀ ਹੈ ਪਰ ਟੈਰੀਟਰੀ ਨਹੀਂ ਹੁੰਦੀ। ਉੱਥੇ ਰਾਜ ਅਰਥਾਤ ਸੂਬੇ ਆਜ਼ਾਦ ਹਨ। ਉਹ ਆਪਣੇ ਅਧਿਕਾਰਾਂ ਉੱਤੇ ਕੇਂਦਰ ਨੂੰ ਛਾਪਾ ਮਾਰਨ ਦੀ ਖੁੱਲ੍ਹ ਹੀ ਨਹੀਂ ਦਿੰਦੇ। ਪਰ ਅਸੀਂ?...ਅਸੀਂ ਬੋਲਦੇ ਹੀ ਨਹੀਂ, ਜੇ ਬੋਲਦੇ ਹਾਂ ਤਾਂ ਗ਼ਲਤ-ਮਲਤ ਬੋਲਦੇ ਹਾਂ। ਨਾ ਹੀ ਸੀਰੀਅਸ ਗੱਲਾਂ ਪੜ੍ਹਦੇ ਹਾਂ। ਤੈਨੂੰ ਪਤੈ ਬਾਦਲ ਸਾਬ ਤਾਂ ਖੁਦ ਹੀ ਮੰਨਦੇ ਨੇ ਕਿ ਮੈਂ ਤਾਂ ਕਿਤਾਬ ਪੜ੍ਹਦਾ ਈ ਨਹੀਂ, ਦੱਸੋ ਜਿਸ ਨੇ ਕਿਤਾਬ ਈ ਨਹੀਂ ਪੜ੍ਹਨੀ ਉਸ ਨੂੰ ਪਾਣੀ ਦੇ ਗੁੰਝਲਦਾਰ ਮਸਲੇ ਦਾ ਕਿਵੇਂ ਪਤਾ ਲੱਗੂ? ਤੇ ਉਹ ਲੋਕਾਂ ਨੂੰ ਕੀ ਦੱਸੂ?

ਜਦੋਂ ਡਾਕਟਰ ਗੁਰਦਰਸ਼ਨ ਸਿੰਘ ਦਾ ਫ਼ੋਨ ਖ਼ਤਮ ਹੋਇਆ ਤਾਂ ਮੈਨੂੰ ਪਾਣੀਆਂ ਦੇ ਮੁੱਦੇ ਉੱਤੇ ਬਰਨਾਲਾ ਸਰਕਾਰ ਦੌਰਾਨ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਪੰਜਾਬ ਨਾਲ ਕੀਤੀ ਸਭ ਤੋਂ ਵੱਡੀ ਗੱਦਾਰੀ ਯਾਦ ਆਈ। ਉਨ੍ਹਾਂ ਦਿਨਾਂ ਵਿੱਚ ਮੈਨੂੰ 'ਸਿੱਖ ਇਨਕਲਾਬ' ਕਿਤਾਬ ਦੇ ਮਹਾਨ ਲੇਖਕ ਸਰਦਾਰ ਜਗਜੀਤ ਸਿੰਘ, ਸਰਦਾਰ ਦਲਜੀਤ ਸਿੰਘ ਆਈ.ਏ.ਐਸ., ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਅਤੇ ਉੱਘੇ ਪੱਤਰਕਾਰ ਸਰਦਾਰ ਸੁਖਦੇਵ ਸਿੰਘ ਨੂੰ ਕਈ ਵਾਰ ਮਿਲਣ ਦੇ ਮੌਕੇ ਮਿਲਦੇ ਰਹਿੰਦੇ ਸਨ। ਇਨ੍ਹਾਂ ਹੀ ਸੱਜਣਾਂ ਨੇ ਪਾਣੀਆਂ ਦੇ ਲੁੱਟੇ ਜਾਣ ਦੀ ਦਾਸਤਾਨ ਪੰਜਾਬ ਦੇ ਲੋਕਾਂ ਨੂੰ ਸਭ ਤੋ ਪਹਿਲਾਂ ਦੱਸੀ ਸੀ। ਉਦੋਂ ਤੱਕ ਅਕਾਲੀਆਂ ਦੇ ਵੱਡੇ ਵੱਡੇ ਲੀਡਰਾਂ ਨੂੰ ਵੀ ਪਾਣੀਆਂ ਬਾਰੇ ਹੋਏ ਵਿਤਕਰੇ ਸੰਬੰਧੀ ੳ, ਅ ਵੀ ਨਹੀਂ ਸੀ ਆਉਂਦਾ ਤੇ ਸ਼ਾਇਦ ਹਾਲਤ ਅੱਜ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ। ਉਨ੍ਹਾਂ ਹੀ ਦਿਨਾਂ ਵਿੱਚ ਮੈਂ ਸਰਦਾਰ ਦਲਜੀਤ ਸਿੰਘ ਦੇ ਘਰ 9 ਸੈਕਟਰ ਵਿੱਚ ਗਿਆ। ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਐਲਆਰ ਦੇ ਹੱਥ ਫਾਈਲ ਭੇਜੀ ਤੇ ਉਨ੍ਹਾਂ ਤੋਂ ਪਾਣੀਆਂ ਦੇ ਮੁੱਦੇ 'ਤੇ ਟ੍ਰਿਬਿਊਨਲ ਕਾਇਮ ਕਰਨ ਬਾਰੇ ਸਲਾਹ ਮੰਗੀ। ਦਲਜੀਤ ਸਿੰਘ ਨੇ ਦੁਹਾਈ ਦਿੱਤੀ ਕਿ ਰੱਬ ਦੇ ਵਾਸਤੇ ਇਹ ਮਾਮਲਾ ਭੁੱਲ ਕੇ ਵੀ ਟ੍ਰਿਬਿਊਨਲ ਨੂੰ ਨਾ ਸੌਂਪ ਦੇਣਾ। ਜੇ ਸੌਂਪ ਦਿੱਤਾ ਤਾਂ ਸੁਪਰੀਮ ਕੋਰਟ ਵਿੱਚ ਜਾਣ ਦਾ ਹੱਕ ਸਦਾ ਲਈ ਗੁਆ ਬੈਠੋਗੇ। ਪਰ ਬਰਨਾਲੇ ਨੇ ਦਲਜੀਤ ਸਿੰਘ ਦੀ ਸਲਾਹ ਨਹੀ ਮੰਨੀ ਤੇ ਕੇਂਦਰ ਦੇ ਦਬਾਅ ਹੇਠ ਆ ਕੇ ਆਪਣੀ ਸਰਕਾਰ ਨੂੰ ਬਚਾਉਣ ਲਈ ਟ੍ਰਿਬਿਊਨਲ ਮੰਨ ਲਿਆ। ਜਦੋਂ ਮੈਂ ਦਲਜੀਤ ਸਿੰਘ ਦੇ ਘਰ ਗਿਆ ਤਾਂ ਉਹ ਬੇਹੱਦ ਮਾਯੂਸ ਸਨ। ਜ਼ਿੰਦਗੀ ਵਿੱਚ ਏਨਾ ਉਦਾਸ ਉਹ ਕਦੇ ਵੀ ਨਹੀਂ ਸਨ ਹੋਏ। ਉਨ੍ਹਾਂ ਦਾ ਅੰਦਰ ਧਾਹਾਂ ਮਾਰ ਕੇ ਰੋ ਰਿਹਾ ਸੀ। ਰਾਜੀਵ ਗਾਂਧੀ ਨੇ ਛੇਤੀ ਹੀ ਬਰਨਾਲਾ ਸਰਕਾਰ ਨੂੰ ਚੱਲਦਾ ਕਰ ਦਿੱਤਾ। ਲੇਕਿਨ ਸਦੀਵੀਂ ਗੱਦਾਰੀ ਦਾ ਦਾਗ਼ ਉਸ ਦੇ ਮੱਥੇ 'ਤੇ ਲੱਗ ਗਿਆ। ਅੱਜ ਕਿਸੇ ਨੂੰ ਵੀ ਨਹੀਂ ਪਤਾ ਕਿ ਪਾਣੀਆਂ ਦੇ ਸਵਾਲ 'ਤੇ ਉਹ ਵੀ ਇੱਕ ਦੋਸ਼ੀ ਹੈ। ਹਾਲਾਂਕਿ ਉਸ ਦੇ ਨਰਮ ਦਿਸਦੇ ਸੁਭਾਅ ਪਿੱਛੇ ਇਹ ਵੱਡਾ ਗੁਨਾਹ ਕਿਸੇ ਨੂੰ ਵੀ ਨਜ਼ਰ ਨਹੀਂ ਆਉਂਦਾ।

ਖੈਰ ਮੈਂ ਸਰਦਾਰ ਦਲਜੀਤ ਸਿੰਘ ਦੀ ਗੱਲ ਕਰਦਾ ਹਾਂ ਜੋ ਅਕਸਰ ਹੀ ਅਫਸਰਸ਼ਾਹੀ ਪ੍ਰਣਾਲੀ ਦੇ ਉੱਚੇ ਪਦ ਉੱਤੇ ਹੋਣ ਕਾਰਨ ਆਪਣੇ ਸੁਭਾਵ ਮੁਤਾਬਕ ਵੀ ਬੜੇ ਸੰਕੋਚ ਅਤੇ ਸੰਜਮ ਨਾਲ ਹੀ ਆਪਣੀ ਗੱਲ ਕਰਦੇ ਸਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਹੁਣ ਕੁਝ ਹੋ ਸਕਦਾ ਹੈ। ਉਨ੍ਹਾਂ ਨੇ ਮੱਥੇ ਉੱਤੇ ਹੱਥ ਮਾਰਿਆ ਅਤੇ ਕਿਹਾ ਨਹੀਂ ਹੁਣ ਕੁਝ ਨਹੀਂ ਹੋ ਸਕਦਾ। ਮੈਂ ਫਿਰ ਸੁਆਲ ਕੀਤਾ ਕਿ ਤੁਹਾਡਾ ਐਨਾ ਵੱਡਾ ਅਤੇ ਵਿਸ਼ਾਲ ਅਨੁਭਵ ਹੈ, ਕ੍ਰਿਪਾ ਪਰਕੇ ਕੁਛ ਤਾਂ ਦੱਸੋ। ਉਨ੍ਹਾਂ ਜਵਾਬ ਦਿੱਤਾ ਕਿ ਜੇਕਰ ਸੁਪਰੀਮ ਕੋਰਟ ਵਿੱਚ ਪੰਜਾਬ ਪੁਨਰਗਠਨ ਐਕਟ ਨੂੰ ਹੀ ਚੈਲੰਜ ਕਰ ਦਿੱਤਾ ਜਾਵੇ ਤਾਂ ਸ਼ਾਇਦ ਕੁਝ ਰਾਹਤ ਮਿਲ ਸਕਦੀ ਹੈ। ਪਰ ਕਿਸੇ ਨੇ ਵੀ ਇਸ ਐਕਟ ਨੂੰ ਚੈਲੰਜ ਕਰਨ ਦੀ ਲੋੜ ਨਾ ਸਮਝੀ। ਕੁੱਝ ਹੀ ਮਿੰਟਾਂ ਪਿੱਛੋਂ ਦਲਜੀਤ ਸਿੰਘ ਮੈਨੂੰ ਕਹਿਣ ਲੱਗੇ ਕਿ ਮੁੰਡਿਆਂ ਦਾ ਅੰਦੋਲਨ ਵੀ ਤਾਂ ਚੱਲ ਹੀ ਰਿਹਾ ਹੈ। ਉਨ੍ਹਾਂ ਦਾ ਇਸ਼ਾਰਾ ਜੁਝਾਰੂ ਲਹਿਰ ਵੱਲ ਸੀ ਜੋ ਪੰਜਾਬ ਦੀ ਆਜ਼ਾਦੀ ਲਈ ਮੈਦਾਨੇ ਜੰਗ ਵਿੱਚ ਜੂਝ ਰਹੇ ਸਨ। ਪਤਾ ਨਹੀਂ ਇਹ ਗੁਪਤ ਇਸ਼ਾਰਾ ਮੁੰਡਿਆਂ ਤੱਕ ਕਦੋਂ ਅਤੇ ਕਿਵੇਂ ਪਹੁੰਚ ਗਿਆ ਅਤੇ ਫੇਰ ਉਹ ਦਿਨ ਆ ਗਿਆ ਜਦੋਂ ਜੁਝਾਰੂਆਂ ਨੇ ਵੱਡਾ ਕਾਰਨਾਮਾ ਕਰਕੇ ਨਹਿਰ ਨੂੰ ਰੋਕ ਦਿੱਤਾ ਅਤੇ ਫੇਰ ਉਸ ਤੋਂ ਪਿੱਛੋਂ ਨਹਿਰ ਪੂਰੀ ਕਰਨ ਦਾ ਕਿਸੇ ਨੇ ਵੀ ਹੌਸਲਾ ਨਾ ਕੀਤਾ।

ਫੇਰ ਇੱਕ ਦਿਨ ਮੈਂ ਕਿਸੇ ਹੋਰ ਕੰਮ ਸਰਦਾਰ ਦਲਜੀਤ ਸਿੰਘ ਦੇ ਘਰ ਗਿਆ ਤਾਂ ਐਸਵਾਈਐਲ ਨਹਿਰ ਦੇ ਰੋਕੇ ਜਾਣ ਬਾਰੇ ਸਰਸਰੀ ਗੱਲ ਚੱਲ ਨਿਕਲੀ। ਦਲਜੀਤ ਸਿੰਘ ਨੇ ਮੁਸਕਰਾਉਂਦਿਆਂ ਅੰਗਰੇਜ਼ੀ ਵਿੱਚ ਕਿਹਾ 'ਸਮਟਾਈਮਸ ਵਾਇਲੈਂਸ ਇਜ਼ ਗਰੇਟ ਕਮਨੀਕੇਸ਼ਨ' ਯਾਨੀ ਕਈ ਵਾਰ ਹਿੰਸਾ ਵੀ ਇੱਕ ਵੱਡਾ ਸੁਨੇਹਾ ਦੇ ਜਾਂਦੀ ਹੈ। ਮੈਂ ਮੋੜਵਾਂ ਜਵਾਬ ਦਿੱਤਾ :ਸਰ, ਹਿੰਸਾ ਨਹੀਂ ਇਨਕਲਾਬੀ ਹਿੰਸਾ। ਉਹ ਫਿਰ ਮੁਸਕਰਾਏ ਤੇ ਹੁਣ ਮੇਰੇ ਲਈ ਇਹ ਸਮਝਣਾ ਔਖਾ ਨਹੀਂ ਸੀ ਕਿ ਉਨ੍ਹਾਂ ਦੀ ਮੁਸਕਰਾਹਟ ਵਿੱਚ ਬਿਨਾਂ ਬੋਲਿਆਂ ਹੀ ਮੇਰੇ ਨਾਲ ਸਹਿਮਤੀ ਸੀ।

ਇਸ ਗੱਲ ਨੂੰ ਕਿੰਨੇ ਸਾਲ ਬੀਤ ਗਏ ਹਨ। ਸਰਦਾਰ ਦਲਜੀਤ ਸਿੰਘ ਵੀ ਇਸ ਦੁਨੀਆ ਵਿੱਚ ਨਹੀਂ ਰਹੇ। ਪਰ ਅੱਜ ਜਦੋਂ ਮੈਂ ਆਪਣੀਆਂ ਅੱਖਾਂ ਨਾਲ ਦੇਖ ਰਿਹਾ ਹਾਂ ਕਿ ਸਾਡੇ ਆਗੂ ਕਿਵੇਂ ਇੱਕ ਦੂਜੇ ਤੋਂ ਅੱਗੇ ਵੱਧ ਕੇ ਟਾਹਰਾਂ ਮਾਰ ਰਹੇ ਹਨ ਕਿ ਅਸੀਂ ਗੋਲੀਆਂ ਖਾ ਲਵਾਂਗੇ, ਅਸੀਂ ਖੂਨ ਬਹਾ ਦੇਵਾਂਗੇ ਪਰ ਪਾਣੀ ਦੀ ਇੱਕ ਬੂੰਦ ਵੀ ਨਹੀਂ ਜਾਣ ਦੇਵਾਂਗੇ। ਪਰ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਸਭਨਾਂ ਨੇ ਨਹਿਰ ਤਾਂ ਕੱਢਵਾ ਹੀ ਦਿੱਤੀ ਸੀ। ਜਦੋਂ ਪਹਿਲਾਂ ਟੱਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਲਾਇਆ ਤਾਂ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਕੋਲ ਖੜ੍ਹੇ ਸਨ। ਸੁਰਜੀਤ ਸਿੰਘ ਬਰਨਾਲਾ ਦੀ ਗੱਦਾਰੀ ਸਾਰਿਆਂ ਨੇ ਵੇਖ ਹੀ ਲਈ ਹੈ ਅਤੇ ਬਾਦਲ ਸਾਬ ਨੇ ਵੀ ਹਰਿਆਣੇ ਤੋਂ 2 ਕਰੋੜ ਲੈ ਲਏ ਸਨ ਅਤੇ ਦਰਬਾਰਾ ਸਿੰਘ ਨੇ ਵੀ ਇੰਦਰਾ ਗਾਂਧੀ ਦੇ ਕਹਿਣ 'ਤੇ ਸੁਪਰੀਮ ਕੋਰਟ ਤੋਂ ਕੇਸ ਵਾਪਸ ਲੈ ਲਿਆ ਸੀ। ਲੇਕਿਨ ਇਨ੍ਹਾਂ ਜੁਝਾਰੂ ਨੌਜਵਾਨਾਂ ਨੇ ਅਸਲ ਵਿੱਚ ਆਪਣਾ ਖੂਨ ਵਹਾ ਕੇ ਨਹਿਰ ਨੂੰ ਰੋਕਿਆ ਸੀ, ਉਨ੍ਹਾਂ ਨੂੰ ਅੱਜ ਕੋਈ ਵੀ ਯਾਦ ਨਹੀਂ ਕਰਦਾ। ਇਹ ਕੈਸੇ ਆਗੂ ਹਨ ਜੋ ਉਨ੍ਹਾਂ ਦੇ ਡੁੱਲੇ ਖੂਨ ਉੱਤੇ ਅੱਜ ਆਪਣੀਆਂ ਆਪਣੀਆਂ ਰੋਟੀਆਂ ਸੇਕ ਰਹੇ ਹਨ। ਇਤਿਹਾਸ ਇਨ੍ਹਾਂ ਦੀ ਜਵਾਬਦੇਹੀ ਕਦੋਂ ਲਵੇਗਾ। ਇਨ੍ਹਾਂ ਆਗੂਆਂ ਬਾਰੇ ਹੇਠ ਲਿਖਿਆ ਸ਼ੇਅਰ ਕਾਫੀ ਠੀਕ ਰਹੇਗਾ:

ਹਾਲਾਤ ਕੀ ਤਬਦੀਲੀ ਸ਼ਾਇਦ ਇਸੇ ਕਹਿਤੇ ਹੈ
ਜੋ ਬਾਗ ਕਾ ਦੁਸ਼ਮਨ ਹੈ ਵਹੀ ਬਾਗ ਕਾ ਮਾਲੀ ਹੈ

ਪਰ ਜਿਨ੍ਹਾਂ ਨੇ ਖੂਨ ਡੋਲ੍ਹ ਕੇ ਇਸ ਨਹਿਰ ਨੂੰ ਰੋਕਿਆ ਸੀ ਉਨ੍ਹਾਂ ਦੀਆਂ ਰੂਹਾਂ ਅੱਜ ਇਹ ਕਹਿ ਰਹੀਆਂ ਹਨ:

ਗੁਲਿਸਤਾਂ ਕੋ ਲਹੂ ਕੀ ਜ਼ਰੂਰਤ ਪੜੀ
ਸਬਸੇ ਪਹਿਲੇ ਹਮਾਰੀ ਹੀ ਗਰਦਨ ਕਟੀ
ਫਿਰ ਭੀ ਕਹਿਤੇ ਹੈ ਮੁਝਸੇ, ਯੇ ਅਹਿਲੇ ਚਮਨ
ਯੇ ਚਮਨ ਹੈ ਹਮਾਰਾ, ਤੁਮਹਾਰਾ ਨਹੀਂ।

# ਪਾਣੀਆਂ ਦਾ ਮੁੱਦਾ ਜਾਰੀ ਹੈ 'ਜੰਗ ਹਿੰਦ-ਪੰਜਾਬ'

**ਭਾਈ ਗਜਿੰਦਰ ਸਿੰਘ, ਦਲ ਖਾਲਸਾ**

ਭਾਰਤੀ ਸੁਪਰੀਮ ਕੋਰਟ ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣਾ ਨੂੰ ਦੇਣ ਦੇ ਹੱਕ ਵਿੱਚ ਫੈਸਲਾ ਦੇ ਕੇ ਸਿੱਖਾਂ ਨਾਲ ਵਧੀਕੀਆਂ ਦਾ ਇੱਕ ਹੋਰ ਸਬੂਤ ਦਿੱਤਾ ਹੈ। ਉਚ ਅਦਾਲਤ ਦੀ ਪੰਜਾਬ ਵਿਰੋਧੀ ਕਾਰਵਾਈ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇੱਕ ਦੂਜੇ ਤੋਂ ਅੱਗੇ ਵੱਧ ਕੇ ਇਸ ਵਿਸ਼ੇ 'ਤੇ ਬਿਆਨ ਦੇਣ ਵਿੱਚ ਲੱਗੀਆਂ ਹੋਈਆਂ ਹਨ। ਪੰਜਾਬ ਲਈ ਕਿਹੜੀ ਪਾਰਟੀ ਕਿੰਨੀ ਕੁ ਸਮਰਪਤ ਹੈ, ਇਹ ਇਹਨਾਂ ਦੇ ਬੀਤੇ ਦੇ ਅਮਲਾਂ ਤੋਂ ਪਤਾ ਲੱਗ ਹੀ ਜਾਂਦਾ ਹੈ। ਇਸ ਵੇਲੇ ਤਾਂ ਸਭ ਦੇ ਬਿਆਨ ਅਤੇ ਅਸਤੀਫੇ ਕੇਵਲ ਆ ਰਹੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੋਟਰਾਂ ਨੂੰ ਪ੍ਰਭਾਵਤ ਕਰਨ ਤੋਂ ਵੱਧ ਕੁੱਝ ਨਹੀਂ ਹਨ।



ਸਿੱਖ/ਪੰਜਾਬੀ ਜੇ ਭਾਰਤੀ ਸੁਪਰੀਮ ਕੋਰਟ ਤੋਂ ਆਪਣੇ ਹੱਕ ਵਿੱਚ ਕਿਸੇ ਚੰਗੇ ਫੈਸਲੇ ਦੀ ਉਡੀਕ ਕਰ ਰਹੇ ਸਨ, ਤਾਂ ਮੈਂ ਕਹਾਂਗਾ ਕਿ ਠੀਕ ਨਹੀਂ ਸਨ ਕਰ ਰਹੇ।

ਭਾਰਤੀ ਸਿਸਟਮ ਵਿੱਚ ਯਕੀਨ ਰੱਖ ਕੇ ਚੱਲਣ ਵਾਲੀਆਂ ਜਮਾਤਾਂ ਦੀ ਗੱਲ ਵੱਖਰੀ ਹੈ, ਉਹਨਾਂ ਦੀ ਸੋਚ ਵੱਖਰੀ ਹੈ, ਤੇ ਮਜਬੂਰੀਆਂ ਵੀ ਵੱਖਰੀਆਂ ਹਨ। ਉਹ ਇੱਕ ਹੋਰ ਅਪੀਲ ਤੋਂ ਵੱਧ ਕੀ ਕਰ ਸਕਦੇ ਹਨ, ਚਾਹੇ ਸੁਪਰੀਮ ਕੋਰਟ ਦੇ ਵੱਡੇ ਬੈਂਚ ਕੋਲ ਕਰਨ, ਜਾਂ ਭਾਰਤ ਦੇ ਪ੍ਰਧਾਨ ਕੋਲ ਕਰਨ। ਇਸ ਤੋਂ ਬਾਅਦ ਵੀ ਫੈਸਲਾ ਦਿੱਲੀ ਦੇ ਹੀ ਹੱਥ ਵਿੱਚ ਰਹੇਗਾ। ਇੱਕ ਵਾਰ ਚੋਣਾਂ ਹੋ ਗਈਆਂ, ਨਤੀਜੇ ਨਿਕਲ ਆਏ, ਫਿਰ ਇਹਨਾਂ ਸਿਆਸੀ ਜਮਾਤਾਂ ਦੇ ਗੱਲਾਂ ਕਰਨ ਦੇ ਢੰਗ ਵੀ ਬਦਲ ਜਾਣਗੇ।

ਅਗਰ ਪੰਜਾਬ, ਆਪਣੇ ਆਪ ਨੂੰ ਦਿੱਲੀ ਸਾਮਰਾਜ ਦਾ ਇੱਕ ਹਿੱਸਾ ਮੰਨ ਕੇ ਚੱਲੇਗਾ ਅਤੇ ਆਪਣੇ ਆਪ ਨੂੰ 'ਹਰਿਆਣਾ' ਦੇ ਬਰਾਬਰ ਰੱਖ ਕੇ ਦੇਖੇਗਾ ਤਾਂ ਫਿਰ ਫੈਸਲਾ ਕਰਨ ਦੀ ਤਾਕਤ ਦਿੱਲੀ ਦੀ ਸੁਪਰੀਮ ਕੋਰਟ ਜਾਂ ਹਕੂਮਤ ਕੋਲ ਹੀ ਰਹੇਗੀ। ਅਗਰ ਪੰਜਾਬ ਆਪਣੇ ਆਪ ਵਿੱਚ ਆਜ਼ਾਦ ਦੇਸ਼ ਮੰਨੇਗਾ ਤੇ ਆਪਣੇ ਆਪ ਨੂੰ ਭਾਰਤ ਦੇ ਬਰਾਬਰ ਇੱਕ ਧਿਰ ਬਣ ਕੇ ਚੱਲੇਗਾ ਤਾਂ ਫਿਰ ਇਹਨਾਂ ਦੋਹਾਂ ਦੇਸ਼ਾਂ ਵਿੱਚ ਝਗੜਿਆਂ ਦੇ ਫੈਸਲੇ ਇੰਟਰਨੈਸ਼ਨਲ ਕਾਨੂੰਨਾਂ ਤਹਿਤ ਇੰਟਰਨੈਸ਼ਨਲ ਅਦਾਲਤਾਂ ਕਰਨਗੀਆਂ।

ਇਹ ਠੀਕ ਹੈ ਕਿ ਅੱਜ ਅਸੀਂ ਆਜ਼ਾਦ ਨਹੀਂ, ਪਰ ਆਜ਼ਾਦੀ ਲਈ ਸੰਘਰਸ਼-ਸ਼ੀਲ ਤਾਂ ਹਾਂ। ਆਜ਼ਾਦੀ ਪਸੰਦ ਜੱਥੇਬੰਦੀਆਂ ਲਈ ਪਾਣੀਆਂ ਦਾ ਮੁੱਦਾ ਹਰਿਆਣੇ ਨਾਲ ਝਗੜੇ ਦਾ ਨਹੀਂ ਭਾਰਤ ਨਾਲ ਲੜਾਈ ਦਾ ਹੈ ਅਤੇ ਇਹ ਲੜਾਈ ਨਾਲ ਹੀ ਹੱਲ ਹੋਣ ਵਾਲਾ ਹੈ। ਖਾਲਿਸਤਾਨੀ ਜੁਝਾਰੂਆਂ ਨੇ ਪਹਿਲਾਂ ਵੀ ਹਰਿਆਣੇ ਨੂੰ ਜਾਣ ਵਾਲਾ ਪਾਣੀ ਤਾਕਤ ਨਾਲ ਹੀ ਰੋਕਿਆ ਸੀ ਤੇ ਹੁਣ ਵੀ ਉਹਨਾਂ ਕੋਲ ਇਹੀ ਰਸਤਾ ਹੈ। ਹਾਂ, ਵਿਦੇਸ਼ਾਂ ਵਿੱਚ ਸਰਗਰਮ ਸਿੱਖ ਜੱਥੇਬੰਦੀਆਂ, ਸਿੱਖ ਫੈਡਰੈਸ਼ਨ ਅਤੇ ਸਿਖਸ ਫਾਰ ਜਸਟਿਸ ਨੂੰ ਚਾਹੀਦਾ ਹੈ ਕਿ ਉਹ ਆਜ਼ਾਦੀ ਲਈ ਭਾਰਤ ਖਿਲਾਫ ਲੜ ਰਹੇ ਪੰਜਾਬ ਦੇ ਪਾਣੀਆਂ ਦਾ ਕੇਸ ਆਲਮੀ ਅਦਾਲਤਾਂ ਕੋਲ ਲੈ ਕੇ ਜਾਣ ਦਾ ਕੋਈ ਰਸਤਾ ਕੱਢਣ।

ਦੋਸਤੋ, ਇਸ ਨੂੰ ਹਰਿਆਣੇ ਅਤੇ ਪੰਜਾਬ ਦਾ ਮੁੱਦਾ ਨਾ ਸਮਝਿਆ ਜਾਵੇ ਬਲਕਿ 'ਹਿੰਦ-ਪੰਜਾਬ' ਦੀ ਜੰਗ ਦਾ ਇੱਕ ਹਿੱਸਾ ਸਮਝਿਆ ਜਾਵੇ। ਅਸੀਂ ਇਹ ਜੰਗ ਹਰ ਫਰੰਟ ਤੇ ਲੜਨੀ ਹੈ ਚਾਹੇ ਪਾਣੀਆਂ ਦਾ ਫਰੰਟ ਹੋਵੇ ਜਾਂ ਇਲਾਕਿਆਂ ਤੇ ਸਰਹੱਦਾਂ ਦਾ।

ਜੰਗ ਹਿੰਦ-ਪੰਜਾਬ ਦਾ ਧੁਰੋਂ ਆਉਂਦੈ, ਇਹ ਕੋਈ ਨਵੀਆਂ ਨਹੀਂ ਤਿਆਰੀਆਂ ਨੇ

ਤੱਕ ਸਕੇਂ ਸਰਕਾਰ ਤਾਂ ਤੱਕ ਲੈ ਤੂੰ,
ਅੱਜ ਰੁਲਦੀਆਂ ਕਿਵੇਂ ਸਰਦਾਰੀਆਂ ਨੇ
ਜੰਗ ਹਿੰਦ ਪੰਜਾਬ ਦਾ ਮੁੜ੍ਹ ਹੋਸੀ,
ਸਾਥੋਂ ਖੁਸੀਆਂ ਭਾਵੇਂ ਸਰਦਾਰੀਆਂ ਨੇ
ਉਦੋਂ ਤੱਕ ਨਹੀਂ ਜੰਗ ਇਹ ਖਤਮ ਹੋਣੀ,
ਜਦ ਤੱਕ ਜਿੱਤਦੀਆਂ ਨਹੀਂ, ਜੋ ਹਾਰੀਆਂ ਨੇ।

# ਦਰਿਆਈ ਪਾਣੀਆਂ ਬਾਰੇ ਫਤਵੇ ਨੇ ਲਿਆਂਦਾ ਸਿਆਸੀ ਉਬਾਲ



**ਚੰਡੀਗੜ੍ਹ/ਹਮੀਰ ਸਿੰਘ:**
ਪੰਜਾਬੀ ਸੂਬੇ ਦੇ ਪੰਜਾਹ ਸਾਲਾ ਜਸ਼ਨਾਂ ਤੋਂ 10 ਦਿਨ ਬਾਅਦ ਸੁਪਰੀਮ ਕੋਰਟ ਵੱਲੋਂ ਰਾਸ਼ਟਰਪਤੀ ਨੂੰ ਦਿੱਤੀ ਗਈ ਸਲਾਹ ਨੇ ਸਤਲੁਜ-ਯਮੁਨਾ ਲਿੰਕ ਨਹਿਰ (ਐਸਵਾਈਐਲ) ਨੇ ਸੂਬੇ ਦੇ ਸਿਆਸੀ ਮਾਹੌਲ ਨੂੰ ਗਰਮਾ ਦਿੱਤਾ ਹੈ। ਸੂਬੇ ਦੀ ਹਰ ਪਾਰਟੀ ਖੁਦ ਨੂੰ ਪੰਜਾਬ ਦੇ ਪਾਣੀਆਂ ਦੇ ਰਾਖੇ ਵਜੋਂ ਪੇਸ਼ ਕਰਨ ਲਈ ਤਿਆਗ ਅਤੇ ਕੁਰਬਾਨੀਆਂ ਦੇਣ ਦੇ ਐਲਾਨ ਕਰਨ ਵਿੱਚ ਜੁਟ ਗਈ ਹੈ। ਸੱਚਾਈ ਇਹ ਹੈ ਕਿ ਪੰਜਾਹ ਸਾਲਾਂ ਦੌਰਾਨ ਪੰਜਾਬ ਦੇ ਪਾਣੀਆਂ ਨੂੰ ਲੱਗੀ ਅੱਗ ਵਿੱਚ ਸੂਬੇ ਦੇ ਲੋਕਾਂ ਨੂੰ ਵੱਡੀ ਕੀਮਤ ਉਤਾਰਨੀ ਪਈ ਹੈ। ਇਸ ਮੁੱਦੇ ਉੱਤੇ ਅਨੇਕ ਸਰਕਾਰਾਂ ਬਣੀਆਂ ਅਤੇ ਟੁੱਟੀਆਂ ਪਰ ਪੰਜਾਬੀਆਂ ਦੇ ਪੱਲੇ ਕੁੱਝ ਨਹੀਂ ਪਿਆ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ 2004 ਵਿੱਚ ਜਲ ਸਮਝੌਤੇ ਰੱਦ ਕਰਨ ਲਈ ਬਣਾਏ ਕਾਨੂੰਨ ਨੂੰ ਸੁਪਰੀਮ ਕੋਰਟ ਵੱਲੋਂ ਨਾਵਾਜਬ ਕਰਾਰ ਦਿੱਤਾ ਗਿਆ ਹੈ। ਇਹ ਬਿੱਲ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਪਾਸ ਕੀਤਾ ਸੀ ਅਤੇ ਧਾਰਾ 5 ਸ਼ਾਮਲ ਕਰਨ ਕਰਕੇ ਉਸ ਵਕਤ ਤੋਂ ਹੀ ਸਵਾਲਾਂ ਦੇ ਘੇਰੇ ਵਿੱਚ ਸੀ। ਧਾਰਾ ਪੰਜ ਅਨੁਸਾਰ ਜਿੰਨਾ ਪਾਣੀ ਕਾਨੂੰਨ ਬਣਨ ਤੱਕ ਕਿਸੇ ਰਾਜ ਨੂੰ ਜਾਂਦਾ ਸੀ ਇਹ ਜਾਂਦਾ ਰਹਿਣਾ ਸੀ। ਪੰਜਾਬ ਦੇ ਕਾਨੂੰਨੀ ਮਾਹਰਾਂ ਨੇ ਇਸ ਉੱਤੇ ਸਵਾਲ ਉਠਾਉਂਦਿਆਂ ਕਿਹਾ ਸੀ ਕਿ ਪੰਜਾਬ ਨੇ ਪਹਿਲੀ ਵਾਰ ਆਪਣੇ ਰੀਪੇਰੀਅਨ ਸਿਧਾਂਤ ਦੇ ਸਟੈਂਡ ਨਾਲ ਸਮਝੌਤਾ ਕਰ ਲਿਆ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ 2007 ਵਾਲੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਣ ਉੱਤੇ ਉਹ ਜਲ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ ਦੀ ਧਾਰਾ 5 ਨੂੰ ਰੱਦ ਕਰ ਦੇਣਗੇ ਪਰ ਨੌਂ ਸਾਲਾਂ ਦੇ ਕਾਰਜਕਾਲ ਦੌਰਾਨ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ। ਪਾਣੀਆਂ ਦੇ ਮੁੱਦੇ ਉੱਤੇ ਮਾਹਰ ਅਤੇ ਪਾਣੀਆਂ ਸਬੰਧੀ ਪੰਜਾਬ ਸਰਕਾਰ ਦੇ ਸਲਾਹਕਾਰ ਪ੍ਰੀਤਮ ਸਿੰਘ ਕੁੰਮੇਦਾਨ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਰਾਇ ਨੇ ਪੰਜਾਬ ਦਾ ਫਾਇਦਾ ਹੀ ਕੀਤਾ ਹੈ ਕਿਉਂਕਿ ਇਸ ਨਾਲ ਧਾਰਾ ਪੰਜ ਵੀ ਖ਼ਤਮ ਹੋ ਜਾਵੇਗੀ। ਇਹ ਰਾਇ ਤਾਂ ਐਸਵਾਈਐਲ ਦੇ ਮੁੱਦੇ ਬਾਰੇ ਹੈ, ਪਾਣੀਆਂ ਦਾ ਕੇਸ ਅਲੱਗ ਤੋਂ ਸੁਪਰੀਮ ਕੋਰਟ ਵਿੱਚ ਚੱਲ ਰਿਹਾ ਹੈ, ਜਿਸ ਵਿੱਚ ਬੁਨਿਆਦੀ ਸੰਵਿਧਾਨਕ ਸਵਾਲ ਉਠਾਏ ਗਏ ਹਨ। ਐਸਵਾਈਐਲ ਬਣਾਉਣ ਜਾਂ ਨਾ ਬਣਾਉਣ ਉੱਤੇ ਪੰਗਾ ਪਾਉਣ ਦੇ ਬਜਾਏ ਪਾਣੀਆਂ ਦੇ ਸੰਵਿਧਾਨਕ ਤਰੀਕੇ ਨਾਲ ਬਟਵਾਰੇ ਉੱਤੇ ਸਟੈਂਡ ਲੈਣ ਦੀ ਲੋੜ ਹੈ।

ਅਕਾਲੀ-ਭਾਜਪਾ ਸਰਕਾਰ, ਕਾਂਗਰਸ ਅਤੇ ਸਿਆਸਤ ਦੇ ਨਵੇਂ ਖਿਡਾਰੀ ਆਮ ਆਦਮੀ ਪਾਰਟੀ ਵੱਲੋਂ ਅੰਦੋਲਨਾਂ, ਅਸਤੀਫ਼ਿਆਂ ਅਤੇ ਹਰ ਕੁਰਬਾਨੀ ਦੇਣ ਤੱਕ ਦੇ ਐਲਾਨਾਂ ਨੇ ਪੰਜਾਬ ਨੂੰ ਮੁੜ ਪੰਜਾਹ ਸਾਲ ਪੁਰਾਣੀ ਸਥਿਤੀ ਵਿੱਚ ਲਿਆ ਖੜ੍ਹਾ ਕੀਤਾ ਹੈ। ਭਾਸ਼ਾ ਦੇ ਆਧਾਰ ਉੱਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਉੱਤੇ ਹੋਏ ਅੰਦੋਲਨ ਤੋਂ ਬਾਅਦ ਜੋ ਸੂਬਾ ਮਿਲਿਆ ਪਾਣੀਆਂ ਦੀ ਵੰਡ ਦਾ ਮਾਮਲਾ ਉਸ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਪੰਜਾਬ ਪੁਨਰਗਠਨ ਕਾਨੂੰਨ 1966 ਦੇ ਅਧੀਨ ਪੰਜਾਬ ਦੇ ਪਾਣੀਆਂ ਅਤੇ ਹੈੱਡ ਵਰਕਸਾਂ ਉੱਤੇ ਕੇਂਦਰ ਸਰਕਾਰ ਦਾ ਦਖ਼ਲ ਵਧਾ ਦਿੱਤਾ ਸੀ। ਕੁੰਮੇਦਾਨ ਅਨੁਸਾਰ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਗੈਰ ਸੰਵਿਧਾਨਕ ਹੈ। ਸੰਵਿਧਾਨਕ ਤੌਰ ਉੱਤੇ ਪਾਣੀ ਰਾਜਾਂ ਦਾ ਵਿਸ਼ਾ ਹੈ। ਇਸ ਬਾਰੇ ਕੇਂਦਰ ਸਰਕਾਰ ਫੈਸਲਾ ਨਹੀਂ ਲੈ ਸਕਦੀ ਪਰ ਐਮਰਜੰਸੀ ਦੇ ਦੌਰਾਨ 24 ਮਾਰਚ 1976 ਨੂੰ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਰਾਵੀ ਅਤੇ ਬਿਆਸ ਦੇ 7.20 ਮਿਲੀਅਨ ਏਕੜ ਫੁੱਟ ਪਾਣੀ ਵਿੱਚੋਂ 3.5-3.5 ਮਿਲੀਅਨ ਏਕਡਫੁੱਟ ਪਾਣੀ ਪੰਜਾਬ ਅਤੇ ਹਰਿਆਣਾ ਦਰਮਿਆਨ ਵੰਡ ਦਿੱਤਾ ਅਤੇ .2 ਮਿਲੀਅਨ ਏਕੜ ਫੁੱਟ ਪਾਣੀ ਦਿੱਲੀ ਨੂੰ ਦੇ ਦਿੱਤਾ। ਪੰਜਾਬ ਸਰਕਾਰ ਨੇ 1979 ਵਿੱਚ ਸੁਪਰੀਮ ਕੋਰਟ ਵਿੱਚ ਕਾਨੂੰਨ ਦੀ ਧਾਰਾ 78 ਨੂੰ ਚੁਣੌਤੀ ਵੀ ਦਿੱਤੀ। ਸੁਪਰੀਮ ਕੋਰਟ ਤੋਂ ਫੈਸਲਾ ਕਰਵਾਉਣ ਦੇ ਬਜਾਏ 31 ਦਸੰਬਰ 1981 ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਤੋਂ ਜਬਰੀ ਸਮਝੌਤਾ ਕਰਵਾ ਕੇ ਕੇਸ ਵਾਪਸ ਕਰਵਾ ਦਿੱਤਾ।

ਇੰਦਰਾ ਗਾਂਧੀ ਵੱਲੋਂ ਕਪੂਰੀ ਪਿੰਡ ਵਿਖੇ ਐਸਵਾਈਐਲ ਨਹਿਰ ਕੱਢਣ ਲਈ 8 ਅਪਰੈਲ 1982 ਨੂੰ ਲਗਾਏ ਟੱਕ ਮੌਕੇ ਅਕਾਲੀ ਦਲ ਅਤੇ ਸੀਪੀਐਮ ਨੇ ਜਿਹੜਾ ਸਾਂਝਾ ਮੋਰਚਾ ਸ਼ੁਰੂ ਕੀਤਾ ਸੀ ਉਹੀ ਮੋਰਚਾ ਧਰਮ ਯੁੱਧ ਮੋਰਚੇ ਵਿੱਤ ਤਬਦੀਲ ਹੁੰਦਾ ਹੋਇਆ ਅਤੇ ਖਾੜਕੂਵਾਦ ਤੱਕ ਚਲਾ ਗਿਆ। ਇਸ ਵਿੱਚ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਗਈਆਂ, ਅਕਾਲ ਤਖ਼ਤ ਸਾਹਿਬ ਉੱਤੇ ਹਮਲਾ, ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਅਤੇ ਬਾਅਦ 'ਚ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਇਕ ਤੋਂ ਤਿੰਨ ਨਵੰਬਰ ਤੱਕ ਹੋਏ ਸਿੱਖਾਂ ਦੇ ਕਤਲੇਆਮ ਦੇ ਜਖ਼ਮ ਅਜੇ ਵੀ ਅੱਲ੍ਹੇ ਹਨ। ਇਨ੍ਹਾਂ ਸਭ ਤਰਾਸਦੀਆਂ ਤੋਂ ਬਾਅਦ 24 ਜੁਲਾਈ 1985 ਨੂੰ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਫੈਸਲਾ ਕੀਤਾ ਗਿਆ ਕਿ 1 ਜੁਲਾਈ 1985 ਨੂੰ ਕਿਸੇ ਵੀ ਰਾਜ ਨੂੰ ਜਾਂਦਾ ਹੈ ਉਹ ਜਾਂਦਾ ਰਹੇਗਾ ਅਤੇ ਵਾਧੂ ਪਾਣੀ ਦੀ ਵੰਡ ਲਈ ਜਸਟਿਸ ਇਰਾਡੀ ਦੀ ਅਗਵਾਈ ਵਿੱਚ ਇੱਕ ਟ੍ਰਿਬਿਊਨਲ ਬਣਾ ਦਿੱਤਾ ਗਿਆ। ਆਪੋ ਆਪਣੀਆਂ ਸਰਕਾਰਾਂ ਬਣਾਉਣ ਲਈ ਇਨ੍ਹਾਂ ਗੈਰ ਕਾਨੂੰਨੀ ਸਮਝੌਤਿਆਂ ਅਤੇ ਵਰਤਾਰਿਆਂ ਨੂੰ ਪ੍ਰਵਾਨ ਕਰਨ ਵਿੱਚ ਅਕਾਲੀ, ਕਾਂਗਰਸੀ ਅਤੇ ਭਾਜਪਾ ਦੇ ਆਗੂਆਂ ਨੇ ਸਵੀਕਾਰ ਕੀਤਾ।

ਅਕਾਲੀ ਦਲ ਦੀ ਤਰਫ਼ੋਂ ਲੰਬੇ ਸਮੇਂ ਤੱਕ ਪਾਣੀਆਂ ਦੇ ਮੁੱਦੇ ਦੀ ਪੈਰਵੀ ਕਰਦੇ ਰਹੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਮਨਜੀਤ ਸਿੰਘ ਖਹਿਰਾ ਨੇ ਕਿਹਾ ਹੈ ਕਿ ਪਾਣੀਆਂ ਦੇ ਮੁੱਦੇ ਉੱਤੇ ਸੁਪਰੀਮ ਕੋਰਟ ਪ੍ਰਭੂਸੱਤਾ ਸੰਪਨ ਨਹੀਂ ਹੈ। ਇਹ ਮੁੱਦਾ ਵਿਧਾਨ ਪਾਲਿਕਾ ਅਤੇ ਨਿਆਂਪਾਲਿਕਾ ਦੇ ਦਰਮਿਆਨ ਹੈ। ਸੰਵਿਧਾਨਕ ਤੌਰ ਉੱਤੇ ਪ੍ਰਭੂਸੱਤਾ ਲੋਕਾਂ ਕੋਲ ਹੈ ਅਤੇ ਵਿਧਾਨ ਪਾਲਿਕਾ ਲੋਕਾਂ ਦੀ ਪ੍ਰਤੀਨਿਧ ਹੈ। ਪੰਜਾਬ ਦੇ ਪਾਣੀਆਂ ਬਾਰੇ ਕਿਸੇ ਵੀ ਸਮਝੌਤੇ ਨੂੰ ਨਾਂ ਤਾਂ ਕੈਬਿਨਟ ਤੋਂ ਮਨਜ਼ੂਰੀ ਮਿਲੀ ਹੈ ਅਤੇ ਨਾ ਹੀ ਵਿਧਾਨ ਪਾਲਿਕਾ ਵੱਲੋਂ ਮਨਜ਼ੂਰ ਕੀਤਾ ਗਿਆ ਹੈ। ਸੰਵਿਧਾਨਕ ਤੌਰ ਉੱਤੇ ਪਾਣੀ ਸੂਬਾਈ ਸੂਚੀ ਦਾ ਵਿਸ਼ਾ ਹੈ। ਇਸ ਬਾਰੇ ਸੁਪਰੀਮ ਕੋਰਟ ਫੈਸਲਾ ਨਹੀਂ ਕਰ ਸਕਦੀ। ਰੀਪੇਰੀਅਨ ਰਾਜਾਂ ਦੇ ਪਾਣੀ ਉੱਤੇ ਟ੍ਰਿਬਿਊਨਲ ਬਣਾਇਆ ਜਾ ਸਕਦਾ ਹੈ ਪਰ ਪੰਜਾਬ ਦਾ ਝਗੜਾ ਗੈਰ ਰੀਪੇਰੀਅਨ ਰਾਜਾਂ ਨਾਲ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਰਾਸ਼ਟਰਪਤੀ ਨੂੰ ਰਾਏ ਦੇਣ ਤੋਂ ਬਾਅਦ ਐਸਵਾਈਐਲ ਨਾ ਬਣਾਉਣ ਕਾਰਨ 2004 ਵਿੱਚ ਮਾਣਹਾਨੀ ਦਾ ਕੇਸ ਖੁੱਲ੍ਹ ਜਾਵੇਗਾ।

ਸੁਪਰੀਮ ਕੋਰਟ ਵਿੱਚ ਰਾਸ਼ਟਰਪਤੀ ਦੇ ਰੈਫਰੈਂਸ ਬਾਰੇ ਸੁਣਵਾਈ ਸ਼ੁਰੂ ਹੋਣ ਦੇ ਨਾਲ ਹੀ ਪੰਜਾਬ ਸਰਕਾਰ ਦੀ ਪਹਿਲਕਦਮੀ ਉੱਤੇ 14 ਮਾਰਚ 2016 ਨੂੰ ਪੰਜਾਬ ਵਿਧਾਨ ਸਭਾ ਨੇ 'ਦਿ ਪੰਜਾਬ ਸਤਲੁਜ ਯਮੁਨਾ ਲਿੰਕ ਕਨਾਲ ਲੈਂਡ ਬਿੱਲ, 2016' (The Punjab Satluj Yamuna Link Canal Land Bill 2016) ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ। ਅਕਾਲੀ-ਭਾਜਪਾ ਸਰਕਾਰ ਨੇ ਜਲਦਬਾਜ਼ੀ ਵਿੱਚ ਕਿਸਾਨਾਂ ਨੂੰ ਜ਼ਮੀਨ ਰੋਕ ਲੈਣ ਲਈ ਵੀ ਉਤਸ਼ਾਹਿਤ ਕੀਤਾ।

ਇਸੇ ਦੌਰਾਨ ਸੁਪਰੀਮ ਕੋਰਟ ਵੱਲੋਂ ਲਗਾਈ ਰੋਕ ਤੋਂ ਬਾਅਦ ਹੁਣ ਯਥਾਸਥਿਤੀ ਬਣੀ ਹੋਈ ਹੈ। ਮਿਸ਼ਨ 17 ਦੇ ਤਹਿਤ ਹਰ ਹੀਲੇ ਸੱਤਾ ਪ੍ਰਾਪਤ ਕਰਨ ਵਿੱਚ ਲੱਗੀਆਂ ਪਾਰਟੀਆਂ ਇਸ ਗਹਿਰ ਗੰਭੀਰ ਮਾਮਲੇ ਉੱਤੇ ਸਿਰ ਜੋੜ ਕੇ ਬੈਠਣ ਦੀ ਥਾਂ ਇੱਕ ਦੂਸਰੇ ਤੋਂ ਤਿੱਖੇ ਸ਼ਬਦਬਾਣ ਚਲਾਉਣ ਦੀ ਦੌੜ ਵਿੱਚ ਹਨ।

# ਐਸ.ਵਾਈ.ਐਲ. ਦਾ ਮੁੱਦਾ : ਪਟਿਆਲਾ ਵਿੱਚ ਰੈਪਿਡ ਐਕਸ਼ਨ ਫੋਰਸ ਤਾਇਨਾਤ ਅਤੇ ਫਲੈਗ ਮਾਰਚ

**ਪਟਿਆਲਾ/ ਸਿੱਖ ਸਿਆਸਤ ਬਿਊਰੋ:** ਐਸ.ਵਾਈ.ਐਲ14 ਨਵੰਬਰ ਨੂੰ ਪਟਿਆਲਾ ਸਮੇਤ ਸਮਾਣਾ, ਰਾਜਪੁਰਾ ਅਤੇ ਪਾਤੜਾਂ ਇਲਾਕਿਆਂ ਵਿੱਚ ਫਲੈਗ ਮਾਰਚ ਕੀਤਾ ਗਿਆ। ਦੋ ਕੰਪਨੀਆਂ 'ਤੇ ਆਧਾਰਿਤ ਇਸ ਫੋਰਸ ਵਿਚਲੇ 216 ਅਧਿਕਾਰੀਆਂ ਅਤੇ ਜਵਾਨਾਂ ਨੂੰ ਪੁਲਿਸ ਲਾਈਨ ਪਟਿਆਲਾ ਠਹਿਰਾਇਆ ਗਿਆ ਹੈ। ਇਸ ਫੋਰਸ ਨਾਲ ਮੌਜੂਦ ਰਹੇ ਪਟਿਆਲਾ ਦੇ ਡੀ.ਐਸ.ਪੀ. ਸਿਟੀ-1 ਹੰਸ ਰਾਜ ਦਾ ਕਹਿਣਾ ਸੀ ਕਿ ਇਸ ਫੋਰਸ ਵੱਲੋਂ ਪਟਿਆਲਾ ਸ਼ਹਿਰ ਵਿਚਲੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਕਾਲੀ ਮਾਤਾ ਮੰਦਰ, ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਆਦਿ ਇਲਾਕਿਆਂ ਵਿੱਚ 'ਫਲੈਗ ਮਾਰਚ' ਕੀਤਾ ਗਿਆ। ਫੋਰਸ ਵਿੱਚ ਐਸ.ਪੀ., ਡੀ.ਐਸ.ਪੀ., ਇੰਸਪੈਕਟਰ, ਐਸ.



ਆਈ. ਅਤੇ ਏ.ਐਸ.ਆਈ. ਸਮੇਤ ਹੋਰ ਮੁਲਾਜ਼ਮ ਸ਼ਾਮਲ ਹਨ। ਪੁਲਿਸ ਅਧਿਕਾਰੀ ਦਾ ਕਹਿਣਾ ਸੀ ਕਿ ਫੋਰਸ ਦੀ ਅਜਿਹੀ ਤਾਇਨਾਤੀ ਸੁਰੱਖਿਆ ਪੱਖੋਂ ਚੌਕਸੀ 'ਤੇ ਆਧਾਰਿਤ ਹੈ। ਇਸ ਫੋਰਸ ਨੂੰ 'ਫਲੈਗ ਮਾਰਚ' ਕਰਵਾਉਣ ਜਾਂ ਕਿਸੇ ਥਾਂ 'ਤੇ ਭਿਜਵਾਉਣ ਲਈ ਪੁਲਿਸ ਲਾਈਨ ਪਟਿਆਲਾ ਦੇ ਆਰ.ਆਈ. ਇੰਸਪੈਕਟਰ ਇੰਦਰਬੀਰ ਸ਼ਰਮਾ ਨੂੰ ਵੀ ਨਾਲ ਤਾਇਨਾਤ ਕੀਤਾ ਗਿਆ। ਸੰਪਰਕ ਕਰਨ 'ਤੇ ਸਮਾਣਾ ਦੇ ਡੀ.ਐਸ.ਪੀ. ਕ੍ਰਿਸ਼ਨ ਕੁਮਾਰ ਪੈਂਥੇ ਦਾ ਕਹਿਣਾ ਸੀ ਕਿ ਇਸ ਫੋਰਸ ਵੱਲੋਂ ਸਮਾਣਾ ਵਿੱਚ ਵੀ 'ਫਲੈਗ ਮਾਰਚ' ਕੀਤਾ ਗਿਆ ਹੈ। ਘਨੌਰ, ਦੇ ਡੀ.ਐਸ.ਪੀ. ਗੋਬਿੰਦਰ ਸਿੰਘ ਚੌਹਾਨ ਨੇ ਵੀ ਸੁਰੱਖਿਆ ਪੱਖੋਂ ਇਲਾਕੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਾ ਹੋਣ ਦੀ ਗੱਲ ਆਖੀ।

# CHAAT BHAVAN®

CHAAT BHAVAN RESTAURANT

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

ਦੀਨ ਦੂਨੀ ਦੇ ਵਾਲੀ ਸਭ ਦੇ ਸਾਂਝੇ ਪੀਰ, ਮਨੁੱਖਤਾ ਦੇ ਗੁਰੂ, ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਗੁਰਦਵਾਰਾ ਸਾਹਿਬ ਫਰੀਮਾਂਟ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਜਾ ਰਿਹਾ ਹੈ



# ਗੁਰਦਵਾਰਾ ਸਾਹਿਬ ਫਰੀਮਾਂਟ

300 Gurdwara Road Fremont CA 94536

Website : www.gurdwarasahibfremont.org, Email :info@ gurdwarasahibfremont.org

ਫੋਨ :510-790-0177, 510-790-3755

**ਅਰੰਭ ਸ਼੍ਰੀ ਅਖੰਡਪਾਠ ਸਾਹਿਬ : 8 ਨਵੰਬਰ ਦਿਨ ਸ਼ੁਕਰਵਾਰ ਸਵੇਰੇ 10:00 ਵਜੇ**

**ਭੋਗ ਸ਼੍ਰੀ ਅਖੰਡਪਾਠ ਸਾਹਿਬ : 20 ਨਵੰਬਰ ਦਿਨ ਐਤਵਾਰ ਸਵੇਰੇ 10:00 ਵਜੇ**

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ ਅਤੇ ਸਿੱਖ ਸਕਾਲਰ ਹਾਜਰੀਆਂ ਭਰਨਗੇ। ਜਿਨ੍ਹਾਂ ਵਿੱਚ

ਪੰਥ ਦੇ ਪ੍ਰਸਿੱਧ ਕੀਰਤਨੀਏ : ਡਾਕਟਰ ਗੁਰਨਾਮ ਸਿੰਘ ਜੀ

ਪ੍ਰਸਿੱਧ ਕੀਰਤਨੀਏ : ਭਾਈ ਸੁਰਜੀਤ ਸਿੰਘ ਜੀ ਮਜਬੂਰ

ਪੰਥ ਦੇ ਪ੍ਰਸਿੱਧ ਕਥਾਵਾਚਕ : ਗਿਆਨੀ ਸਾਹਿਬ ਸਿੰਘ ਜੀ ਕੈਨੇਡਾ ਵਾਲੇ

ਕੀਰਤਨੀ ਜਥਾ : ਭਾਈ ਭਾਈ ਦਿਲਬਾਗ ਸਿੰਘ ਜੀ ਦਮਦਮੀ ਟਕਸਾਲ ਵਾਲੇ

ਕੀਰਤਨੀ ਜਥਾ : ਭਾਈ ਗੁਰਪ੍ਰੀਤ ਸਿੰਘ ਜੀ ਸਾਬਕਾ ਹਜੂਰੀ ਰਾਗੀ ਸਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ

ਉਪਰੰਤ ਪੰਥਕ ਬੁਲਾਰੇ ਸੰਗਤਾ ਨਾਲ ਵਿਚਾਰ ਸਾਂਝੇ ਕਰਨਗੇ

ਨਿਸ਼ਾਨ ਸਾਹਿਬ ਜੀ ਦੀ ਸੇਵਾ ਐਤਵਾਰ ਸਵੇਰੇ : 8:30 ਵਜੇ ਹੋਵੇਗੀ

## ਹੋਰ ਜਾਣਕਾਰੀ ਲਈ ਕਾਲ ਕਰੋ

**ਫੋਨ :510-790-0177, 510-750-5757, 510-493-8566**



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport · India Visa in 1 Day · OCI · US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



# Travel for Less Inc.

SPECIALIZED IN DISCOUNT FARES WORLDWIDE

ASIANA AIRLINES
A STAR ALLIANCE MEMBER

ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ




BUY TRAVEL TICKETS ON WHOLESALE PRICES

CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |

Serving the Bay Area Since 1996
39156-State Street, Fremont CA-94538
Email: info@travelforlessinc.com
www.letsflyhome.com

(510) 791-3300
(408) 791-2600

ੴ ਸਤਿਗੁਰ ਪ੍ਰਸਾਦਿ॥

## ਆਪ ਸਭ ਨੂੰ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ!

ਦੱਖਣੀ ਕੈਲੀਫੋਰਨੀਆ ਵਿੱਚ ਸਿੱਖਾਂ ਦਾ ਆਪਣਾ ਸਭ ਤੋਂ ਪਹਿਲਾ ਮਹਾਨ ਸਮਾਗਮ

## ਹੌਲੀਵੁੱਡ ਸਿੱਖ ਟੈਂਪਲ ਵੱਲੋਂ ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ



## 547ਵਾਂ ਪ੍ਰਕਾਸ਼ ਉਤਸਵ, 04 ਦਸੰਬਰ, 2016

## ਸਵੇਰੇ 7:00 ਵਜੇ ਤੋਂ ਲੈ ਕੇ ਸ਼ਾਮ 4:00 ਵਜੇ ਤੱਕ

## ਲਾਸ ਏਂਜਲਸ ਕਨਵੈਂਸ਼ਨ ਸੈਂਟਰ ਵਿਖੇ ਮਨਾਇਆ ਜਾ ਰਿਹਾ ਹੈ



ਆਪ ਆਪਣੇ ਪਰਿਵਾਰਾਂ ਸਮੇਤ ਆਉ, ਦੋਸਤਾਂ ਮਿੱਤਰਾਂ ਨੂੰ ਵੀ ਨਾਲ ਲਿਆਉ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

## ਭਾਈ ਤੇਜਿੰਦਰ ਸਿੰਘ ਖੰਨੇ ਵਾਲੇ,
## ਭਾਈ ਬਲਵਿੰਦਰ ਸਿੰਘ ਰਾੜੇਵਾਲੇ
## ਸਮੇਤ ਸਿੱਖ ਕੌਮ ਦੇ ਪ੍ਰਸਿੱਧ ਰਾਗੀ ਜਥੇ
## ਤੇ ਕਥਾਵਾਚਕ ਪਹੁੰਚ ਰਹੇ ਹਨ

Diya TV    CHARDIKLA TIME TV

ਹਜ਼ੂਰੀ ਰਾਗੀ ਜਥਾ ਭਾਈ ਜਤਿੰਦਰ ਸਿੰਘ ਜੀ ਅਤੇ ਜਥਾ, 5 ਰਾਗੀ ਜਥੇ ਇਕੱਠੇ ਰਸ ਭਿੰਨਾ ਕੀਰਤਨ ਕਰਨਗੇ।
ਦੱਖਣੀ ਕੈਲੀਫੋਰਨੀਆ ਦੇ ਸਾਰੇ ਗੁਰਦੁਆਰਾ ਸਾਹਿਬ ਅਤੇ ਪੰਜਾਬੀ ਸਕੂਲ ਹਿੱਸਾ ਲੈ ਰਹੇ ਹਨ।

ਗੁਰੂਘਰ ਵਾਲਨੱਟ, ਗੁਰੂਘਰ ਬਿਊਨਾ ਪਾਰਕ, ਗੁਰੂਘਰ ਬਿਊਨਾ ਪਾਰਕ (ਸਟੈਂਟਨ ਰੋਡ), ਗੁਰੂਘਰ ਸਰਬ ਸਾਂਝਾ ਦਰਬਾਰ, ਗੁਰੂਘਰ ਵੈਲੀ ਸਿੱਖ ਟੈਂਪਲ, ਗੁਰੂਘਰ ਲੈਂਕਰਸ਼ਿਮ, ਗੁਰੂਘਰ ਰਿਵਰਸਾਈਡ, ਗੁਰੂਘਰ ਹਿਸਪੇਰੀਆ, ਗੁਰੂਘਰ ਅਲਹੈਂਬਰਾ, ਗੁਰੂਘਰ ਨਾਨਕ ਸਦਨ, ਗੁਰੂਘਰ ਗੁਰੂ ਰਾਮਦਾਸ ਆਸ਼ਰਮ, ਗੁਰੂਘਰ ਸੈਂਟਾਐਨਾ, ਗੁਰੂਘਰ ਮਾਤਾ ਸਾਹਿਬ ਕੌਰ ਜੀ, ਗੁਰੂਘਰ ਐਪਲ ਵੈਲੀ, ਗੁਰੂਘਰ ਨਾਰਕੋ, ਗੁਰੂਘਰ ਪਾਮ ਸਪ੍ਰਿੰਗ, ਗੁਰੂਘਰ ਤਮੈਕੁਲਾ, ਗੁਰੂਘਰ ਵੈਂਟੂਰਾ, ਆਈ.ਆਈ.ਜੀ.ਐਸ., ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ, ਗੁਰੂਘਰ ਏ.ਵੀ.ਐਸ. ਲੈਂਕੈਸਟਰ, ਗੁਰੂਘਰ ਵੈਸਟ ਕੋਵੀਨਾ, ਭਾਈ ਮਰਦਾਨਾ ਅਕੈਡਮੀ ਅਤੇ ਹੋਰ ਗੁਰਦੁਆਰਿਆਂ ਦੇ ਜਥੇ ਅਤੇ ਪੰਜਾਬੀ ਸਕੂਲਾਂ ਦੇ ਬੱਚੇ ਵੀ ਕੀਰਤਨ ਕਰਨਗੇ।

***Donatons & Info:***
S; Baldev S; Johal-661-965-5937,
S; Santokh S; Ghotra-310-569-9506,
S; Ronak Singh-661-295-5846,
S;Manjit S; Khalil-323-369-8962
S; Harnek S; Thiara-818-687-2873
*Langar*: S; !marjeet Singh -310-291-4835

HOLLYWOOD SIKH TEMPLE
SIKH STUDY CIRCLE INC.

***Donatons & Punjabi Bazaar:***
S; Gurdev Singh– 323-304-4871
S; Bhupinder S; Dhillon-323-514-6347,
S; Baljinder S; Multani-213-249-8099
***Media Coordinator***:
S; Manjinder P; Singh-818-268-3213
Gurdwara Sahib: 323-665-7707

***Donaton Commitee & Sevadaars*** : Dr; !marjit S; Marwah, S; J;L; Saini, S; Ram Singh, S; Iqbal S; Dhillon, S; Harjinder S; Malhi, Paul Lubana, S; Darshan Singh, S; Iqbal S; Samra & Bros, Wraich Bros; Dr; Parkash K; Sehdeva, S; Pargat S; Kehl, S; Gurbachan Singh Dr; Jaswant S; Dhillon, Paul Ghotra, S; Tajinder S; Khalil & Bros;, S; Gurmit S; Multani, H; S; Randhawa, S; Harbhajan S; Multani, S;Manjit Singh (Pappi), S; Gurcharan Singh (Bali), S; Sohan S; Rasia & Family, S; !vtar Singh, Dr; !jit S; !rora, S; Satnam S ; Thiara, S; Sukhdev S; Multani, S; Manjit S; Pandher, S; Nirmal Sehmbi, S; Harmimder S; Chohan, Dr; Mukhtar S; Kundi, S; Swarnjit S; Sahni, S; Gurdas S; Kehl, S; Waryam S; Grover, S; Sarbjit S; Sodhi, Dr; !jit S; Randhawa, S; Gurdial S; Randhawa, S; Kirtan S; Khals a, S; !mrik S; Rasia, S; Malkit S; Sogy, S; Surjit S; Bawa & Bros;, S; Surinder S; Gill, Ms; Hari Kirn K; Khalsa, S; Harbhajan S; Khalsa, S; Santokh S; Khinda & Bros;, S; Gurdev S; Nauli, S; Harbhajan S; Samra, S; Parmjit Singh, S; Jaswinder S; Dhaliwal

ਭਾਈ ਘਨੱਈਆ ਜੀ ਸੇਵਾ ਦਲ ਵੱਲੋਂ ਸਵੇਰ ਦੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ।
ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਤਾਜ਼ਾ ਜਲੇਬੀਆਂ ਦੀ ਸੇਵਾ ਬਾਬਾ ਸਵੀਟਸ ਵੱਲੋਂ ਕੀਤੀ ਜਾ ਰਹੀ ਹੈ।
ਵੀਡੀਓ ਤੇ ਫੋਟੋ ਦੀ ਸੇਵਾ ਸੱਗੂ ਵੀਡੀਓ ਅਤੇ ਟੀਵੀ ਤੇ ਲਾਈਵ ਦਿਖਾਉਣ ਦੀ ਸੇਵਾ ਜੋਗਿੰਦਰ ਸਿੰਘ ਨਿਭਾ ਰਹੇ ਹਨ।
3 ਦਸੰਬਰ 2016 ਨੂੰ ਸ੍ਰੀ ਅੱਖੰਡ ਪਾਠ ਸਾਹਿਬ ਦੇ ਭੋਗ ਅਤੇ ਲੰਗਰ ਦੀ ਸੇਵਾ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।
3 ਦਸੰਬਰ 2016 ਨੂੰ ਹਾਲ ਦੀ ਸਜ਼ਾਵਟ ਦੀ ਸੇਵਾ ਗੁਰੂ ਰਾਮਦਾਸ ਆਸ਼ਰਮ ਵੱਲੋਂ ਕੀਤੀ ਜਾ ਰਹੀ ਹੈ। ਸਾਰੇ ਹੁੰਮ ਹਮਾਂ ਕੇ ਪਹੁੰਚੋ ਜੀ।
ਲੰਗਰ ਦੀ ਸੇਵਾ ਅਤੇ ਹੋਰ ਜਾਣਕਾਰੀ ਲਈ ਸ੍ਰ. ਅਮਰਜੀਤ ਸਿੰਘ ਜੀ ਨੂੰ 310-291-4835 ਤੇ ਸੰਪ੍ਰਕ ਕਰ ਸਕਦੇ ਹੋ।


Spice Jar
INDIAN CUISINE
-Specializing in Tandoor (Clay Oven)
-Vegetarian and Non-Vegetarian Curry
We Specialize in Catering All Occasions 50-1200 GUESTS
Lunch Buffet
7 Days
11am-3pm
$9.99
Buffet 11am - 3pm
Ala Carte 5pm - 10pm
Call or Email for Catering:
spicejargrill@gmail.com
LUNCH BUFFET
ALL YOU CAN EAT
$1 OFF*
(VALID UP TO 4 PEOPLE. TOTAL DISCOUNT $4)
WITH THIS COUPON ONLY.
LIMIT ONE COUPON PER CUSTOMER.
20% OFF*
ENTIRE
DINNER CHECK
(MENU ONLY. NOT VALID WITH BUFFET)
WITH THIS COUPON ONLY.
LIMIT ONE COUPON PER CUSTOMER.
17052 Slover Ave. Fontana, CA 92337
909-350-7010
@spice_jar
spicejarfontana
www.spicejar.net


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ
✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਇੰਡੋ ਅਮੈਰੀਕਨ ਹੈਰੀਟੇਜ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ ਮਨਾਇਆ





**ਸਾਨ ਫਰਾਸਿਸਕੋ/ਬਿਊਰੋ ਨਿਊਜ਼ :** ਮਹਾਨ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਦਾ 101ਵਾਂ ਸ਼ਹੀਦੀ ਦਿਨ ਗ਼ਗਦਰ ਪਾਰਟੀ ਦੇ ਦਫ਼ਤਰ, ਗ਼ਦਰ ਮੈਮੋਰੀਅਲ ਸਾਨ ਫਰਾਸਿਸਕੋ (ਯੁਗਾਤਰ ਆਸ਼ਰਮ) ਵਿਚ 12 ਨਵੰਬਰ ਨੂੰ ਮਨਾਇਆ ਗਿਆ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ, ਗ਼ਦਰ ਮੈਮੋਰੀਅਲ ਫਾਉਂਡੇਸ਼ਨ ਆਫ ਕੈਲੀਫੋਰਨੀਆ ਸੈਕਰਾਮੈਂਟੋ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਉਂਡੇਸ਼ਨ ਬੇ-ਏਰੀਆ ਵਲੋਂ ਕੌਂਸਲੇਟ ਜਨਰਲ ਆਫ ਇੰਡੀਆ ਦੇ ਸਹਿਯੋਗ ਨਾਲ ਮਨਾਇਆ ਗਿਆ। ਸਮਾਗਮ ਵਿਚ ਸੈਕਰੋਮੈਂਟੋ, ਮੋਡੈਸਟੋ, ਮਰਸਿਡ, ਫਰਿਜ਼ਨੋ, ਸਟਾਕਟਨ, ਫਰੀਮੌਂਟ, ਵਲੇਹੋ, ਸੈਨਹੋਜ਼ੇ ਅਤੇ ਸਾਨ ਫਰਾਸਿਸਕੋ ਤੋਂ ਆਏ ਲੋਕਾਂ ਨੇ ਸ਼ਿਰਕਤ ਕੀਤੀ। ਸ. ਦਿਲਬਾਗ ਸਿੰਘ ਸੰਧੂ, ਸੁਰਜੀਤ ਸਿੰਘ ਅਟਵਾਲ ਅਤੇ ਸ. ਗਮਦੂਰ ਸਿੰਘ ਗਿੱਲ ਦੀ ਪ੍ਰਧਾਨਗੀ ਵਿਚ ਹੋਏ ਇਸ ਸਮਾਗਮ ਦੀ ਸ਼ੁਰੂਆਤ ਡਿਪਟੀ ਕੌਂਸਲੇਟ ਜਨਰਲ ਸ੍ਰੀ ਰੋਹਿਤ ਰਾਥੀਸ਼ ਨੇ ਆਪਣੀ ਤਕਰੀਰ ਨਾਲ ਕੀਤੀ। ਉਨ੍ਹਾਂ ਸਮਾਗਮ ਵਿਚ ਪਹੁੰਚੇ ਹੋਏ ਸਮੂਹ ਲੋਕਾਂ ਦਾ ਸਵਾਗਤ ਕੀਤਾ ਅਤੇ ਦੇਸ਼ ਭਗਤ ਸ਼ਹੀਦਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ। ਰਾਜ ਬਰਾੜ ਦੇ ਦੇਸ਼ ਭਗਤੀ ਭਿੰਨੇ ਗੀਤ ਤੋਂ ਬਾਅਦ ਸ. ਗੁਰਦੀਪ ਸਿੰਘ ਅਣਖੀ ਨੇ ਗ਼ਦਰ ਪਾਰਟੀ ਦੇ ਆਸ਼ਿਆਂ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਮਜ਼ਬੀ ਆਧਾਰ 'ਤੇ ਵੰਡਣ ਦੀਆਂ ਕੋਸ਼ਿਸ਼ਾਂ ਦੀ ਪੁਰਜ਼ੋਰ ਨਿਖੇਧੀ ਕੀਤੀ। ਉਨ੍ਹਾਂ ਨਵੰਬਰ 16, 1915 ਨੂੰ ਲਾਹੌਰ ਜੇਲ੍ਹ ਵਿਚ ਫਾਂਸੀ 'ਤੇ ਚੜ੍ਹਣ ਵਾਲੇ ਸ. ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ 6 ਹੋਰ ਸਾਥੀਆਂ ਸ. ਬਖਸ਼ੀਸ਼ ਸਿੰਘ, ਸ. ਸਰੈਣ ਸਿੰਘ (ਛੋਟਾ), ਸ. ਸਰੈਣ ਸਿੰਘ (ਵੱਡਾ), ਸ. ਹਰਨਾਮ ਸਿੰਘ, ਸ. ਜਗਤ ਸਿੰਘ ਅਤੇ ਸ੍ਰੀ ਵਿਸ਼ਨੂ ਗਿਣੇਸ਼ ਪਿੰਗਲੇ ਦੀ ਸੋਚ ਤੋਂ ਰੌਸ਼ਨੀ ਲੈ ਕੇ ਅੱਜ ਦੇ ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ ਹੋਣ ਦੀ ਪ੍ਰੇਰਨਾ ਕੀਤੀ।

ਇਸਤਰੀ ਸਭਾ ਪੰਜਾਬ ਦੀ ਆਗੂ ਬੀਬੀ ਨਿਰਮਲਾ ਦੇਵੀ ਨੇ ਸ਼ਹੀਦਾਂ ਪ੍ਰਤੀ ਸ਼ਰਧਾਂਜਲੀ ਪੇਸ਼ ਕਰਦਿਆਂ ਭਰਪੂਰ ਇਕੱਠ ਲਈ ਸੰਸਥਾਵਾਂ ਨੂੰ ਵਧਾਈ ਦਿੱਤੀ। ਡਾ. ਮਲਕੀਤ ਸਿੰਘ ਕਿੰਗਰਾ ਨੇ ਕਵਿਤਾਵਾਂ ਦੇ ਹਵਾਲੇ ਦੇ ਕੇ ਸੱਚੇ-ਸੁੱਚੇ ਦੇਸ਼ ਭਗਤ ਪਰਵਾਨਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਸ. ਦਵਿੰਦਰ ਸਿੰਘ ਨਾਮਧਾਰੀ ਨੇ ਬਾਬਾ ਰਾਮ ਸਿੰਘ ਪ੍ਰਤੀ ਸ਼ਰਧਾ ਭਰੀ ਕਵਿਤਾ ਪੜ੍ਹੀ। ਸ. ਪਰੀਤਮ ਸਿੰਘ ਗਰੇਵਾਲ ਨੇ ਗ਼ਦਰ ਮੈਮੋਰੀਅਲ ਦੀ ਮੁੜ ਉਸਾਰੀ ਪ੍ਰਤੀ ਯਤਨਾਂ ਵਾਸਤੇ ਸਮੂਹ ਸੰਸਥਾਵਾਂ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਵੱਡੀ ਪ੍ਰਾਪਤੀ ਦੱਸਿਆ। ਉਨ੍ਹਾਂ ਨੇ ਕੌਂਸਲੇਟ ਆਫਿਸ ਤੋਂ ਮੰਗ ਵੀ ਕੀਤੀ ਕਿ ਸ਼ਹੀਦਾਂ ਨਾਲ ਸਬੰਧਤ ਹੋਰ ਵੀ ਵਸਤਾਂ ਜੋ ਹੇਠਲੇ ਕਮਰੇ ਵਿਚ ਬੰਦ ਹਨ, ਨੂੰ ਲੋਕਾਂ ਦੇ ਦੇਖਣ ਲਈ ਰੱਖਿਆ ਜਾਵੇ। ਅਮਰਜੀਤ ਜੌਹਲ, ਹਰਜੀਤ ਸਿੰਘ ਮਰਸਿਡ ਅਤੇ ਪ੍ਰਿੰਸੀਪਲ ਹਜੂਰਾ ਸਿੰਘ ਦੇ ਸੁਰੀਲੇ ਗੀਤਾਂ ਅਤੇ ਕਵਿਤਾਵਾਂ ਨੇ ਸਮਾਗਮ ਨੂੰ ਚਾਰ ਚੰਨ ਲਾਏ। ਮਾਸਟਰ ਹਰਮੇਸ਼ ਲਾਲ ਨੇ ਵੀ ਸ. ਕਰਤਾਰ ਸਿੰਘ ਸਰਾਭਾ ਦੀ ਕਵਿਤਾ ਗਾ ਕੇ ਸੁਣਾਈ।ਮਾਸਟਰ ਲਛਮਣ ਸਿੰਘ ਰਾਠੌਰ ਅਤੇ ਸ. ਗੁਰਦੇਵ ਸਿੰਘ ਘਣਗਸ ਨੇ ਆਪਣੀ ਸ਼ਰਧਾਂਜਲੀ ਪ੍ਰਭਾਵਸ਼ਾਲੀ ਕਵਿਤਾਵਾਂ ਰਾਹੀਂ ਪੇਸ਼ ਕੀਤੀ। ਸ. ਹਰਨੇਕ ਸਿੰਘ ਨੇ ਵੀ ਇਕ ਕਵਿਤਾ ਸੁਣਾ ਕੇ ਆਪਣੀ ਸ਼ਰਧਾਂਜਲੀ ਪੇਸ਼ ਕੀਤੀ। ਫਰਿਜ਼ਨੋ ਜਥੇ ਨਾਲ ਆਈ ਬੀਬੀ ਸੁਰਜੀਤ ਕੌਰ ਨੇ ਵੀ ਦੇਸ਼ ਭਗਤੀ ਨੂੰ ਪਰਣਾਏ ਆਪਣੇ ਪਰਿਵਾਰ ਬਾਰੇ ਸੰਖੇਪ ਵਿਚ ਗੱਲ ਕੀਤੀ। ਅਖੀਰ ਵਿਚ ਸੁਰਿੰਦਰ ਸਿੰਘ ਮੰਢਾਲੀ ਨੇ ਦੂਰੋਂ ਦੂਰੋਂ ਆਈਆਂ ਸਭ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਅਤੇ ਕੌਂਸਲੇਟ ਆਫਿਸ ਦੇ ਸਹਿਯੋਗ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਫੋਰਮ ਵਲੋਂ 20 ਨਵੰਬਰ 2016 ਨੂੰ ਫਰਿਜ਼ਨੋ ਵਿਚ ਕਰਵਾਏ ਜਾ ਰਹੇ ਇਕ ਹੋਰ ਸਮਾਗਮ ਵਿਚ ਵੀ ਇਸੇ ਤਰ੍ਹਾਂ ਸ਼ਾਮਲ ਹੋਣ। ਇਹ ਸਾਮਗਮ ਇੰਡੀਆ ਓਵਨ ਦੇ ਹਾਲ ਵਿਚ ਦੁਪਿਹਰ ਬਾਅਦ 2 ਵਜੇ ਤੋਂ 5 ਵਜੇ ਤੱਕ ਹੋਵੇਗਾ। ਇੰਡੋ ਅਮੈਰੀਕਨ ਦੇਸ਼ ਭਗਤ ਫਾਉਂਡੇਸ਼ਨ ਵਲੋਂ ਲੰਗਰ ਅਤੇ ਅਟਵਾਲ ਭਰਾਵਾਂ ਵਲੋਂ ਗੰਨੇ ਦੀ ਰਸ ਦੀ ਸੇਵਾ ਕੀਤੀ ਗਈ। ਹਰਜਿੰਦਰ ਢੇਸੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ।





HINDI ELITE PACK $29.99/mo for 24 months — +3 CHANNELS

HINDI MEGA PACK $49.99/mo for 24 months — INCLUDES CHANNELS LISTED ABOVE

EXPERIENCE YOUR CULTURE AT HOME. CALL TODAY!

All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.

Sunwireless
(888) 220-5503
www.sw.getdish.com

ASK ABOUT DISH FOR YOUR HOME, APARTMENT, OR BUSINESS

dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 1/16/17. **2-Year Commitment:** Early termination fee of $20/mo. remaining applies if you cancel early. **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਦੂਜਾ)

# ਰੱਤ ਕਾ ਕੁੰਗੂ

**"ਇਕ ਬਾਏ ਇਕ ਫ਼ੁੱਟ ਦਾ ਘਰ"**

ਛੇਤੀ ਨਾਲ ਮੈਂ ਸੁੱਤੀ ਹੋਈ ਆਪਣੀ ਬੇਟੀ ਰੇਨੂੰ ਨੂੰ ਜਗਾਇਆ ਤੇ ਕਿਹਾ ਕਿ ਉਪਰ ਆਂਟੀ ਕੋਲ ਜਾਹ... ਮੈਂ ਤੇਰੇ ਕੱਪੜੇ ਤੇ ਬੁਰੱਸ਼ ਉੱਤੇ ਹੀ ਲੈ ਆਵਾਂਗੀ... ਉਹ ਹੈਰਾਨ ਜਿਹੀ ਉੱਪਰ ਚਲੀ ਗਈ।

ਮੈਂ ਇਕ ਨਿੱਕੀ ਜਿਹੀ ਪਲਾਸਟਿਕ ਦੀ ਖੁੱਲ੍ਹੀ ਟੋਕਰੀ ਵਿਚ ਆਪਣਾ ਤੇ ਉਹਦਾ ਇਕ ਇਕ ਸੂਟ ਪਾਇਆ, ਇਕ ਨੈਪਕਿਨ, ਸਾਬਣ ਤੇ ਬੁਰਸ਼ ਪੇਸਟ, ਦੋ ਸਵੈਟਰਾਂ ਤੇ ਸ਼ਾਲਾਂ ਰੱਖੀਆਂ ਤੇ ਦਰਵਜ਼ੇ ਨੂੰ ਤਾਲਾ ਮਾਰ ਕੇ ਉਪਰਲੇ ਫ਼ਲੈਟ ਨੰ. 11 ਵਿਚ ਚਲੀ ਗਈ। ਟੋਕਰੀ ਮੈਂ ਉਨ੍ਹਾਂ ਦੇ ਛੋਟੇ ਜਿਹੇ ਬੈਡਰੂਮ ਦੀ ਬਿਨਾਂ ਭਿੱਤਾਂ ਦੀ ਅਲਮਾਰੀ ਦੇ ਕੋਨੇ ਵਿਚ ਰੱਖ ਦਿੱਤੀ।

ਦਿਨ ਦੇ ਚੜ੍ਹਾਅ ਨਾਲ ਗ਼ਦਰ ਹੋਰ ਗਹਿਰਾ ਹੁੰਦਾ ਗਿਆ। ਮੇਰੇ ਸਾਹਮਣੇ ਹੇਠਲੇ ਫ਼ਲੈਟ ਵਾਲੀ ਦੀਪ ਸਰਨਾ ਤੇ ਉਹਦਾ ਪੁੱਤਰ ਨੂੰਹ ਵੀ ਏਥੇ ਹੀ ਆ ਗਏ, ਉਨ੍ਹਾਂ ਦੀ ਵੀ ਗਰਿੱਲ ਨਹੀਂ ਸੀ। ਜਿਨ੍ਹਾਂ ਦੀਆਂ ਗਰਿੱਲਾਂ ਸਨ, ਉਹ ਆਪਣੇ ਆਪ ਨੂੰ ਸੇਫ਼ ਸਮਝ ਰਹੇ ਸਨ ਤੇ ਤਾਲੇ ਲਾ ਕੇ ਬਾਹਰਲੇ ਵਰਾਂਡੇ ਵਿਚ ਹੀ ਖਾ ਪੀ ਤੇ ਤਾਸ਼ ਖੇਡ ਰਹੇ ਸਨ। ਹਾਲੀ ਵੀ ਉਹ ਸੋਚ ਰਹੇ ਸਨ ਕਿ ਇਨ੍ਹਾਂ ਭਈਆਂ ਦੀ ਕੀ ਔਕਾਤ ਹੈ, ਸਾਡੇ ਸਰਦਾਰਾਂ ਨਾਲ ਮੱਥਾ ਡਾਹੁਣ।

ਅਸਾਂ ਸਲਾਹ ਕੀਤੀ ਕਿ ਘਰ ਵਿਚ ਜਿਸ ਕਿਸੇ ਕੋਲ ਵੀ ਕੋਈ ਹਥਿਆਰ ਹੈ, ਉਹ ਤਿਆਰ ਰੱਖਿਆ ਜਾਵੇ... ਕਿਸੇ ਵੇਲੇ ਵੀ ਲੋੜ ਪੈ ਸਕਦੀ ਹੈ।

ਮੇਰੇ ਉਪਰਲੇ ਫ਼ਲੈਟ 11 ਨੰਬਰ ਤੇ ਨਾਲ ਦੇ ਬਾਰ੍ਹਾਂ ਨੰਬਰ ਦੀਆਂ ਪੌੜੀਆਂ ਸਾਂਝੀਆਂ ਸਨ। ਦੋਵਾਂ ਘਰਾਂ ਵਿਚ ਪਿਆਰ ਵੀ ਬਹੁਤ ਸੀ, ਸਗੋਂ ਅਸੀਂ ਇਕ ਨੰਬਰ, ਦੋ, 11 ਤੇ ਬਾਰ੍ਹਾਂ ਚਾਰੇ ਘਰ ਇਕੋ ਟੱਬਰ ਵਾਂਗ ਰਹਿੰਦੇ ਸਾਂ ਤੇ ਸਾਡੇ ਦੁੱਖ-ਸੁਖ ਸਾਂਝੇ ਸਨ। ਆਦਰਸ਼, ਉਨ੍ਹਾਂ ਦੇ ਪਤੀ ਬਕਸ਼ੀ ਜੀ, ਆਪਣੇ ਨੂੰਹ-ਪੁੱਤਰ ਤੇ ਛੋਟੇ ਜਿਹੇ ਪੋਤਰੇ ਨਾਲ ਰਹਿੰਦੇ ਸਨ। ਧੀਆਂ ਦੋਵੇਂ ਵਿਆਹੀਆਂ ਹੋਈਆਂ, ਆਪਣੇ ਘਰਬਾਰ ਵਾਲੀਆਂ ਸਨ। ਬਾਰ੍ਹਾਂ ਨੰਬਰ ਵਿਚ ਮਿਸਟਰ ਜੁਗਿੰਦਰ ਸਿੰਘ ਭਸੀਨ ਤੇ ਉਨ੍ਹਾਂ ਦੀ ਪਤਨੀ ਬਲਜੀਤ ਰਹਿੰਦੇ ਸਨ। ਉਨ੍ਹਾਂ ਦੀ ਆਪਣੀ ਔਲਾਦ ਨਹੀਂ ਸੀ ਹੋਈ, ਸੋ ਉਨ੍ਹਾਂ ਇਕ ਯੂ.ਪੀ. ਦੇ ਮਜ਼ਦੂਰ ਦਾ ਬੇਟਾ, ਜਿਸ ਦੀ ਮਾਂ ਉਸ ਨੂੰ ਜਨਮ ਦੇਂਦਿਆਂ ਹੀ ਮਰ ਗਈ ਸੀ... ਗੋਦ ਲਿਆ ਹੋਇਆ ਸੀ ਜਿਸ ਨੂੰ ਉਹ ਦੋਵੇਂ ਤਾਂ ਜਾਨੋਂ ਵੱਧ ਪਿਆਰ ਕਰਦੇ ਹੀ ਸਨ, ਪਰ ਸਾਡੇ ਚਵ੍ਹਾਂ ਘਰਾਂ ਦਾ ਵੀ ਉਹ ਬਹੁਤ ਲਾਡਲਾ ਸੀ। ਰੰਗ ਸਾਂਵਲਾ, ਪਰ ਤਿੱਖੇ ਨੈਣ ਨਕਸ਼। ਵੱਡਾ ਸਾਰਾ ਜੂੜਾ ਕਰਕੇ ਮਾਂ ਉੱਤੇ ਪਟਕਾ ਬੰਨ੍ਹ ਦਿੰਦੀ। ਪੱਗ ਬੰਨ੍ਹਾਉਣ ਦੀ ਰਸਮ ਅਗਲੇ ਮਹੀਨੇ ਧੂਮਧਾਮ ਨਾਲ ਹੋਣੀ ਸੀ ਹਾਲੀ।

ਰਾਤ ਪੈਣ ਤਕ ਗੁਮਟੀ ਪੂਰੀ ਤਰ੍ਹਾਂ ਪੁਲੀਸ ਤੇ ਗੁੰਡਿਆਂ ਦੇ ਸ਼ਿਕੰਜੇ ਵਿਚ ਆ ਚੁੱਕੀ ਸੀ। ਬੜੇ ਮਾਹਰ ਸਨ ਤਾਲੇ ਤੇ ਗਰਿੱਲਾਂ ਤੋੜਨ ਵਾਲੇ। ਪੁਲੀਸ ਦੇ ਬੰਦੇ ਪਹਿਲਾਂ ਆਪ ਅੰਦਰ ਜਾ ਕੇ ਵਧੀਆ ਸਾਮਾਨ ਚੁਣਦੇ ਤੇ ਰਹਿੰਦਾ ਭੀੜ ਦੇ ਹਵਾਲੇ ਕਰ ਦਿੰਦੇ। ਟਰੱਕ ਭਰ ਭਰ ਕੇ ਸਾਮਾਨ ਉਨ੍ਹਾਂ ਆਪਣੇ ਪਿੰਡਾਂ ਵਿੱਚ ਭੇਜੇ। ਸ਼ਰਾਬ ਦੀਆਂ ਦੁਕਾਨਾਂ ਲੁੱਟੀਆਂ ਗਈਆਂ ਤੇ ਮੁਫ਼ਤ ਦੀ ਪੀ ਕੇ ਭਈਏ ਆਫ਼ਰ ਕੇ ਪੰਜਾਬੀਆਂ ਦੀਆਂ ਧੀਆਂ-ਭੈਣਾਂ ਛਾਨਣ ਲੱਗੇ। ਬਾਅਦ ਵਿੱਚ ਉਨ੍ਹਾਂ ਪਜਾਬੀਆਂ ਦੀਆਂ ਦੋ ਕੈਟਾਗਿਰੀਆਂ ਬਣਾ ਲਈਆਂ 'ਮੋਡਾ ਪੰਜਾਬੀ' (ਮੋਨਾ ਪੰਜਾਬੀ) ਤੇ ਸਰਦਾਰ ਪੰਜਾਬੀ।" ਜਿਸ ਵਿਚੋਂ ਸਰਦਾਰ ਨੂੰ ਮਾਰਨਾ ਸੀ ਤੇ ਮੋਨੇ ਨੂੰ ਬਖ਼ਸ਼ ਦੇਣਾ ਸੀ।

ਸਾਡੇ ਗੁਆਂਢੀ ਭਈਏ ਕੋਨੇ ਵਾਲੀਆਂ ਸਰਦਾਰਾਂ ਦੀਆਂ ਸਟੇਸ਼ਨਰੀ ਤੇ ਕਰਿਆਨੇ ਦੀਆਂ ਦੁਕਾਨਾਂ ਲੁੱਟ ਰਹੇ ਸਨ... ਪੁਲੀਸ ਦੇ ਦੋ ਸਿਪਾਹੀ ਕੋਨੇ 'ਤੇ ਖਲੋਤੇ ਪਾਨ ਚੱਬਦੇ ਰਹੇ ਤੇ ਵੇਖਦੇ ਰਹੇ। ਅਸੀਂ ਖਿੜਕੀਆਂ ਵਿਚੋਂ ਇਹ ਨਜ਼ਾਰਾ ਵੇਖ ਰਹੇ ਸਾਂ ਕਿ ਉਨ੍ਹਾਂ ਸਾਨੂੰ ਗਾਲ੍ਹਾਂ ਕੱਢਣੀਆਂ ਤੇ ਵੰਗਾਰਨਾਂ ਸ਼ੁਰੂ ਕਰ ਦਿੱਤਾ। ਸਾਡੇ ਵਿਚੋਂ ਕੁੱਝ ਲੋਕ ਕੋਠੇ 'ਤੇ ਚੜ੍ਹ ਕੇ ਸ਼ਹਿਰ ਦਾ ਜਾਇਜ਼ਾ ਲੈ ਰਹੇ ਸਨ। ਭਈਆਂ ਨੇ ਉਨ੍ਹਾਂ ਨੂੰ ਵੀ ਗਾਲ੍ਹਾਂ ਕੱਢੀਆਂ ਤੇ ਕਿਹਾ ਕਿ ਖ਼ਬਰਦਾਰ ਜੇ ਕਿਸੇ ਖਿੜਕੀ ਖੋਲ੍ਹੀ ਜਾਂ ਕੋਈ ਕੋਠੇ 'ਤੇ ਨਜ਼ਰ ਆਇਆ।

ਮੈਂ ਹੇਠਾਂ ਆਪਣੇ ਘਰ ਕਿਰਪਾਨ ਲੈਣ ਗਈ। ਵਿਆਹ ਵੇਲੇ ਦੀ ਕਿਰਪਾਨ ਅਲਮਾਰੀ ਵਿੱਚ ਪਈ ਸੀ, ਜਿਸ ਨੂੰ ਕਦੀ ਖੋਲ੍ਹ ਕੇ ਨਹੀਂ ਵੇਖਿਆ ਸੀ ...ਸੋਚਿਆ ਕਿ ਉੱਤੇ ਫ਼ਲੈਟ 'ਤੇ ਲੈ ਜਾਵਾਂ...ਖੋਲ੍ਹ ਕੇ ਵੇਖੀ ਤਾਂ ਧਾਰ 'ਤੇ ਜ਼ੰਗ ਲੱਗਿਆ ਹੋਇਆ ਸੀ...ਏਨੇ ਨੂੰ ਬਾਹਰੋਂ ਹੋ...ਹੋ...ਦੀਆਂ ਆਵਾਜ਼ਾਂ ਆਈਆਂ ਤੇ 'ਇੰਦਰਾ ਗਾਂਧੀ ਜ਼ਿੰਦਾਬਾਦ' ਦੇ ਨਾਅਰੇ। ਮੈਨੂੰ ਕੁੱਝ ਸਮਝ ਨਹੀਂ ਆਇਆ ਕਿ ਕੀ ਹੋ ਰਿਹੈ... ਹੱਥ ਵਿੱਚ ਨੰਗੀ ਕਿਰਪਾਨ ਫੜੀ ਮੈਂ ਬਾਹਰਲੇ ਗੇਟ 'ਤੇ ਆ ਕੇ ਖਲੋ ਗਈ, ਇਹ ਵੇਖਣ ਲਈ ਕਿ ਹੋ ਕੀ ਰਿਹੈ।



ਮੈਂ ਵੇਖਿਆ ਕਿ ਕੋਨੇ ਵਾਲੇ ਸਾਰੇ ਖਟਿੱਕ, ਔਰਤਾਂ ਬੱਚਿਆਂ ਸਣੇ ਕੋਈ ਸੱਠ ਸੱਤਰ ਦੇ ਕਰੀਬ ਸਾਡੀ 'ਰਾਮ ਬਿਹਾਰ ਬਿਲਡਿੰਗ ਵਲ ਵਧ ਰਹੇ ਸਨ। ਅੱਗੇ ਕੁਲਫੀ ਵਾਲੇ ਭਰਾ ਤੇ ਉਨ੍ਹਾਂ ਦੇ ਪੁੱਤਰ ਤੇ ਕਸਾਈ ਦੇ ਤਿੰਨ ਚਾਰ ਬੰਦੇ ਸਨ। ਕੁਲਫ਼ੀ ਵਾਲਿਆਂ ਦੇ ਹੱਥਾਂ ਵਿੱਚ ਦੇਸੀ ਕੱਟੇ ਤੇ ਕਸਾਈਆਂ ਦੇ ਹੱਥਾਂ ਵਿੱਚ ਬੱਕਰੇ ਵੱਢਣ ਵਾਲੇ ਛੁਰੇ ਸਨ...ਬਾਕੀ ਡਾਂਗਾਂ ਤੇ ਨਿੱਕੀਆਂ ਵੱਡੀਆਂ ਛੋਟੀਆਂ ਨਾਲ ਲੈਸ ਸਨ।

ਮੈਂ ਹੈਰਾਨ ਬੁੱਤ ਬਣੀ ਖੜ੍ਹੀ ਸਾਂ, ਮੈਨੂੰ ਇਤਬਾਰ ਨਹੀਂ ਸੀ ਆ ਰਿਹਾ ਕਿ ਇਹ ਮੇਰੇ ਗੁਆਂਢੀ ਜਿਹੜੇ ਜਦੋਂ ਵੀ ਸਾਹਮਣੇ ਸੜਕ ਤੋਂ ਲੰਘਦੀ ਹੱਥ ਜੋੜ ਕੇ ਝੁੱਕ ਕੇ ਨਮਸਤੇ ਕਹਿੰਦੇ...ਮੇਰਾ ਕੋਈ ਨੁਕਸਾਨ ਵੀ ਕਰ ਸਕਦੇ ਸਨ।

ਉਸ ਵੇਲੇ ਰਾਮ ਬਿਹਾਰ ਦੇ ਤਿੰਨ ਚਾਰ ਹਿੰਦੂ ਪਰਿਵਾਰ ਨਿਗਮ, ਵਾਹੀ ਤੇ ਵਿਜ ਗੇਟ ਵਲ ਦੌੜਦੇ ਆਏ ਤੇ ਮੈਨੂੰ ਪਿੱਛੇ ਹਟਾ ਕੇ ਗੇਟ ਦੇ ਵਿਚਕਾਰ ਖਲੋ ਗਏ।

"ਆਪ ਯਹਾਂ ਕਿਆ ਕਰ ਰਹੀਂ ਹੈ ? ਉਪਰ ਜਾਈਏ ਪਲੀਜ਼ ਆਂਟੀ ਜੀ ਹਮ ਸਭ ਸੰਭਾਲ ਲੇਂਗੇ।"

ਤੇ ਮੈਂ ਮੰਤਰ ਮੁਗਧ ਜਹੀ ਆ ਕੇ ਆਪਣੇ ਘਰ ਦਾ ਤਾਲਾ ਬੰਦ ਕੀਤਾ ਤੇ ਉਪਰ ਆ ਗਈ।

ਸ਼ਾਇਦ ਭੀੜ ਸਾਡੇ ਮੁਹੱਲੇ ਵਾਲਿਆਂ ਦਾ ਲਿਹਾਜ਼ ਨਾ ਵੀ ਕਰਦੀ, ਪਰ ਏਨੇ ਨੂੰ 'ਜਗਦੀਸ਼' ਜਿਸ ਦੀ ਕਸਾਈ ਦੀ ਦੁਕਾਨ ਸੀ, ਬਾਹਰੋਂ ਕਿਧਰੋਂ ਸ਼ਾਇਦ ਲੁੱਟ ਵਿਚੋਂ ਹੀ ਆਇਆ ਸੀ। ਉਸ ਦੀ ਮਾਂ ਉਸ ਨੂੰ ਕੁਛੱੜ ਚੁੱਕ ਮੇਰੇ ਘਰ ਮੇਰੇ ਐਲਸੈਸ਼ਨ ਕੁੱਤੇ ਲਈ ਰੋਜ਼ ਮੀਟ ਲਿਆਉਂਦੀ ਹੁੰਦੀ ਸੀ। ਉਹ ਮੇਰੇ ਸਾਹਮਣੇ ਹੀ ਵੱਡਾ ਹੋਇਆ। ਮੇਰੀਆਂ ਦਿੱਤੀਆਂ ਟਾਫੀਆਂ ਤੇ ਗੋਲੀਆਂ ਖਾ ਕੇ ਤੇ ਮੇਰੇ ਛੋਟੇ ਬੇਟੇ ਬੱਬੀ ਨਾਲ ਕੰਚੇ ਤੇ ਗੁੱਲੀ ਡੰਡਾ ਖੇਡਦਾ ਮੈਨੂੰ ਮੰਮੀ ਜੀ ਹੀ ਬੁਲਾਉਂਦਾ ਸੀ...ਉਹ ਦੌੜ ਕੇ ਭੀੜ ਦੇ ਸਾਹਮਣੇ ਖਲੋ ਗਿਆ।

"ਅਰੇ ਸ਼ਰਮ ਨਹੀਂ ਆਤੀ ਤੁਮਹੇ, ਕਯਾ ਕਰਨੇ ਜਾ ਰਹੇ ਹੋ ? ਇਨ੍ਹੇ ਮਾਰੋਗੇ ...ਲੂਟੋਗੇ ? ਚਲੋ ਵਾਪਸ। ਅਗਰ ਕਿਸੀ ਏਕ ਕੋ ਭੀ ਨੁਕਸਾਨ ਪਹੁਚਾਨੇ ਕੀ ਸੋਚੀ ਤੋ ਹਮਸੇ ਬੁਰਾ ਕੋਈ ਨਾ ਹੋਗਾ।"

ਤੇ ਭੀੜ ਹੌਲੀ-ਹੌਲੀ ਖਿੰਡ ਗਈ...ਪਰ ਅਸੀਂ ਫ਼ਿਕਰ ਵਿੱਚ ਡੁੱਬ ਗਏ। ਟੀ.ਵੀ. 'ਤੇ ਲਗਾਤਾਰ ਇੰਦਰਾ ਗਾਂਧੀ ਦੀ ਲਾਸ਼ ਦਿਖਾਈ ਜਾ ਰਹੀ ਸੀ ਤੇ 'ਖ਼ੂਨ ਦਾ ਬਦਲਾ ਖ਼ੂਨ' ਦਾ ਨਾਅਰਾ ਗੂੰਜ ਰਿਹਾ ਸੀ। ਸਭ ਸਾਹ ਸੂਤ ਕੇ ਬੈਠੇ ਸਾਂ। ਸੋਚਿਆ ਕਿ ਪੁਲੀਸ ਨੂੰ ਫੋਨ ਕਰਕੇ ਸਹਾਇਤਾ ਮੰਗੀਏ।

"ਕਹਾਂ ਸੇ ਬੋਲ ਰਹੇ ਹੋ ?"

ਜੀ ਹਮ ਰਾਮ ਬਿਹਾਰ ਸੇ ਬੋਲ ਰਹੇ ਹੈ, ਹਮੇ ਗੁੰਡੋਂ ਨੇ ਘੇਰ ਰਖਾ ਹੈ, ਪਲੀਜ਼ ਹਮਾਰੀ ਮਦਦ ਕੀਜਏ।"

"ਤੋ ਕਯਾ ਕਰੇਂ ? ਹਮ ਭੀ ਤੋ ਹਿੰਦੂ ਹੈਂ।"

ਤੇ ਉਧਰੋਂ ਖੱੜਕ ਕਰਕੇ ਫੋਨ ਕਟ ਗਿਆ। ਕੁਝ ਚਿਰ ਪਿਛੋਂ ਫ਼ਿਰ ਫੋਨ ਕੀਤਾ..."ਅਰੇ ਅਭੀ ਮਰੇ ਤੋ ਨਹੀਂ ਹੋ ਨਾ...ਜਬ ਮਰੋਗੇ ਤਬ ਆ ਜਾਏਂਗੇ।" ਤੇ ਫ਼ੋਨ ਬੰਦ ਹੋ ਗਿਆ।

ਇਸ ਤੋਂ ਪਿਛੋਂ ਫੋਨ ਕਟ ਹੀ ਦਿੱਤੇ ਗਏ...ਕਿਸੇ ਵੇਲੇ ਡਾਇਲ ਟੋਨ ਆਉਂਦੀ, ਪਰ ਫ਼ਿਰ ਕਟ ਜਾਂਦੀ।

ਭਸੀਮ ਸਾਹਬ ਬਹੁਤ ਘਬਰਾਏ ਹੋਏ ਸਨ ਤੇ ਵਾਰ-ਵਾਰ ਟਾਇਲਟ ਜਾ ਰਹੇ ਸਨ- "ਜੇ ਉਹ ਆ ਗਏ ਤਾਂ ਮੈਂ ਹੱਥ ਜੋੜ ਦਿਆਂਗਾ ਕਿ ਸਭ ਕੁਝ ਲੁੱਟ ਕੇ ਲੈ ਜਾਓ, ਪਰ ਸਾਡੀ ਜਾਨ ਬਖ਼ਸ਼ੀ ਕਰ ਦਿਓ...ਬਕਸ਼ੀ ਜੀ ਵੀ ਕੁਝ ਏਸੇ ਤਰ੍ਹਾਂ ਹੀ ਕਹਿ ਰਹੇ ਸਨ, ਕਿ ਚੁੱਪ-ਚਾਪ ਸਭ ਕੁਝ ਉਨ੍ਹਾਂ ਦੇ ਹਵਾਲੇ ਕਰ ਦਿਆਂਗੇ, ਜਾਨ ਤਾਂ ਬਚ ਜਾਵੇ ਕਿਸੇ ਤਰ੍ਹਾਂ।

ਪਰ ਮੈਨੂੰ ਮਨਜ਼ੂਰ ਨਹੀਂ ਸੀ ...ਮੈਂ ਉਨ੍ਹਾਂ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ ਕਿ ਆਪਣੇ ਬਚਾਅ ਲਈ ਲੜੀਏ ਤੇ ਉਨ੍ਹਾਂ ਦਾ ਮੁਕਾਬਲਾ ਕਰੀਏ, ਪਰ ਉਹ ਕਹਿਣ ਲੱਗੇ, ਇੱਥੇ ਕਿਹੜਾ ਮਰਦ ਹੈ ਮੁਕਾਬਲਾ ਕਰਨ ਵਾਲਾ ...ਭਸੀਮ ਸਾਹਿਬ ਵੀ ਦਿਲ ਦੇ ਮਰੀਜ਼ ਨੇ ਤੇ ਬਕਸ਼ੀ ਜੀ ਦਾ ਤਾਂ ਹਾਲੀ ਮਹੀਨਾ ਪਹਿਲਾਂ ਹੀ ਪੇਸ ਮੇਕਰ ਪਿਆ ਹੈ, ਦਿਲ ਹੀ ਨਹੀਂ ਟਿਕਦਾ ਕੌਣ ਕਰੇਗਾ ਮੁਕਾਬਲਾ ?

ਮੈਂ ਕਿਹਾ, "ਮੈਂ ਵੀ ਮਰਦ ਹਾਂ, ਮੈਂ ਕਰਾਂਗੀ ਮੁਕਾਬਲਾ ...ਮੈਂ ਚੂਹੇ ਦੀ ਮੌਤ ਨਹੀਂ ਮਰਨਾ।"

ਅਦਰਸ਼ ਨੇ ਕਿਹਾ, "ਮੈਂ ਵੀ ਮਰਦ ਹਾਂ, ਮੈਂ ਵੀ ਲੜਾਂਗੀ... " ਤੇ ਇਸੇ ਤਰ੍ਹਾਂ ਇਹੀ ਲਫ਼ਜ਼ ਬਲਜੀਤ ਨੇ ਦੋਹਰਾਏ।

ਸਾਡਾ ਹੌਸਲਾ ਵੇਖ ਕੇ ਉਨ੍ਹਾਂ ਨੂੰ ਕੁੱਝ ਤਸਕੀਨ ਹੋਈ।



ਤਾਰਨ ਗੁਜਰਾਲ
ਫ਼ੋਨ 98557-19660

ਬਕਸ਼ੀ ਦਾ ਵੱਡਾ ਬੇਟਾ ਰੋਮੀ ਪੱਚੀ-ਛੱਬੀ ਸਾਲਾਂ ਦਾ ਸੋਹਣਾ ਜਵਾਨ ਸੀ, ਭਸੀਮ ਸਾਹਿਬ ਦਾ ਬਿੱਟੂ ਵੀ ਬਾਰ੍ਹਾਂ ਤੇਰ੍ਹਾਂ ਸਾਲਾਂ ਦਾ ਹੋ ਗਿਆ ਹੋਇਆ ਸੀ...ਭਸੀਮ ਸਾਹਿਬ ਕਹਿਣ ਲੱਗੇ ਕਿ ਵੇਖੋ ਸਾਡੇ ਵਡੇਰਿਆਂ ਵਿਚੋਂ ਤਾਂ ਹਿੰਦੂ ਹੈ ਹੀ ਸਨ, ਜਿਨ੍ਹਾਂ ਵਿਚੋਂ ਬਾਅਦ ਵਿੱਚ ਸਿੱਖ ਬਣੇ, ਅਸੀਂ ਜੇ ਲੋੜ ਪਈ ਤਾਂ ਕੇਸ ਕਟਾ ਦਿਆਂਗੇ, ਜਾਨ ਤਾਂ ਬਚ ਜਾਵੇਗੀ ...ਪਰ ਉਹ ਛੋਟਾ ਜਿਹਾ ਬਿੱਟੂ ਜਿਸ ਦੇ ਅੰਦਰ ਖ਼ੂਨ ਤਾਂ ਯੂ.ਪੀ. ਸੀ ...ਵਿਫ਼ਰ ਕੇ ਬੋਲਿਆ...ਮੈਂ ਤਾਂ ਮਰ ਜਾਵਾਂਗਾ ਪਰ ਕੇਸ ਨਹੀਂ ਕਟਾਵਾਂਗਾ। ਹਿੰਦੂ ਖ਼ੂਨ ਮੁਸਲਮਾਨ ਤੇ ਸਿੱਖ ਖ਼ੂਨ ਦੀ ਤਸ਼ਰੀਹ ਕਰਨ ਵਾਲੇ ਕਿ ਦਸ ਸਕਦੇ ਨੇ ਕਿ ਕਿਹੜੀ ਜਮਾਤ ਦੇ ਕਿਹੜੇ ਖ਼ੂਨ ਦੇ ਜੀਨਜ਼ ਕਿਸ ਸਰੀਰ ਵਿਚ ਵਸ ਜਾਂਦੇ ਨੇ ?

ਜਗਦੀਸ਼ ਦੇ ਮੋੜਨ 'ਤੇ ਉਹ ਉਸ ਵੇਲੇ ਤਾਂ ਮੁੜ ਗਏ ਸਨ, ਪਰ ਰਾਤੀਂ ਸ਼ਰਾਬਾਂ ਪੀ ਕੇ ਲਲਕਾਰੇ ਮਾਰਨ ਵਾਲਿਆਂ ਵਿੱਚ ਜਗਦੀਸ਼ ਵੀ ਸ਼ਾਮਲ ਸੀ। ਸਿਰਫ਼ ਅਸੀਂ ਕੋਨੇ ਵਾਲੇ ਚਾਰ ਘਰ ਫ਼ਿਕਰ ਨਾਲ ਜਾਗ ਰਹੇ ਸਾਂ ਤੇ ਬਾਰੀਆਂ ਦੀਆਂ ਪਰਦੇ ਲੱਗੀਆਂ ਸ਼ੀਸ਼ਾਂ ਵਿਚੋਂ ਬਾਹਰ ਦੀ ਹਲਚਲ ਵੇਖਦੇ ਹੋਏ ਰਖਵਾਲੀ ਕਰ ਰਹੇ ਸਾਂ।

ਮੈਂ ਸੁਝਾਅ ਦਿੱਤਾ ਕਿ ਬਿਜਲੀ ਦਾ ਕੁਨੈਕਸ਼ਨ ਹੇਠਲੀ ਲੋਹੇ ਦੀ ਗਰਿੱਲ ਨਾਲ ਜੋੜ ਦਿੱਤਾ ਜਾਵੇ, ਤਾਂ ਜੋ ਹਮਲਾਵਰ ਗੇਟ ਨੂੰ ਨਾ ਛੂਹ ਸਕਣ। ਜੋੜ ਵੀ ਦਿੱਤਾ ਗਿਆ, ਪਰ ਇਨ੍ਹਾਂ ਮਰਦਾਂ ਦੀ ਜਾਨ ਸੁੱਕੀ ਹੋਈ ਸੀ ਕਿ ਕੀ ਪਤਾ ਆਪਣਾ ਹੀ ਕੋਈ ਆ ਕੇ ਹੱਥ ਨਾ ਲਾ ਦੇਵੇ ...ਅਸਾਂ ਕਿਹਾ ਕਿ ਗੇਟ ਨਾਲ ਕੁਨੈਕਸ਼ਨ ਲਾਓ, ਪਰ ਸਵਿੱਚ ਤਾਂ ਹੀ ਦੱਬੋ ਜਦੋਂ ਭੀੜ ਹਮਲਾ ਕਰੇ...ਪਰ ਉਹ ਕਿਸੇ ਤਰ੍ਹਾਂ ਨਹੀਂ ਮੰਨੇ।

ਸਾਡੇ ਸਾਹਮਣੇ ਸੜਕ ਤੋਂ ਪਾਰ ਸ. ਕਿਸ਼ਨ ਸਿੰਘ ਹੋਰਾਂ ਦਾ ਪਰਿਵਾਰ ਰਹਿੰਦਾ ਸੀ। ਤਿੰਨ ਜਵਾਨ ਪੁੱਤਰ ਤੇ ਨੂੰਹਾਂ। ਉਹ ਭਾਈ ਰਣਧੀਰ ਸਿੰਘ ਦੇ ਜੱਥੇ ਦੇ ਸਨ। ਪਾਠ ਕਰਨ ਵਾਲੇ ਬਹੁਤ ਦਲੇਰ। ਵਿਚਕਾਰਲਾ ਪੁੱਤਰ ਅਨੂਪ ਮੇਰੇ ਬੇਟੇ ਬੱਬੀ ਦਾ ਗਹਿਰਾ ਦੋਸਤ ਸੀ ਤੇ ਵੱਡਾ ਨਿੱਪੀ ਦਾ। ਸੋ ਮੈਂ ਉਨ੍ਹਾਂ ਨਾਲ ਹੀ ਫੋਨ 'ਤੇ ਸੰਪਰਕ ਰੱਖਿਆ ਹੋਇਆ ਸੀ ...ਉਹ ਪੂਰੀ ਤਿਆਰੀ ਕਰ ਰਹੇ ਸਨ ਮੁਕਾਬਲਾ ਕਰਨ ਦੀ। ਵੱਡਾ ਬਾਹਰਲਾ ਗੇਟ ਉਨ੍ਹਾਂ ਬਿਜਲੀ ਦੀਆਂ ਤਾਰਾਂ ਨਾਲ ਜੋੜਿਆ ਹੋਇਆ ਸੀ। ਤਿੰਨੇ ਨੂੰਹਾਂ ਤੇ ਛੋਟੇ ਬੱਚੇ ਹਥੌੜੇ ਲੈ ਕੇ ਉੱਤੇ ਕੋਠੇ 'ਤੇ ਚੜ੍ਹ ਗਏ ਤੇ ਹਥੌੜਿਆਂ ਨਾਲ ਕੋਠੇ ਦੀ ਚਾਰ ਦੀਵਾਰੀ ਦੀਆਂ ਇੱਟਾਂ ਉਖਾੜ ਉਖਾੜ ਇੱਕ ਪਾਸੇ ਇਕੱਠੀਆਂ ਕੀਤੀਆਂ। ਪਰ ਥੋੜ੍ਹੀ ਥੋੜ੍ਹੀ ਦੇਰ ਪਿਛੋਂ ਉਹ ਬੰਦੂਕ ਨਾਲ ਹਵਾਈ ਫ਼ਾਇਰ ਵੀ ਕਰਦੇ ਤੇ ਉਨ੍ਹਾਂ ਦੀਆਂ ਬੀਵੀਆਂ ਨੰਗੀਆਂ ਕਿਰਪਾਨਾਂ ਕੋਠੇ ਤੋਂ ਲਿਸ਼ਕਾਉਂਦੀਆਂ।

ਮੈਂ ਉਸ ਨੂੰ ਸਾਰੀ ਪੁਜ਼ੀਸ਼ਨ ਦੱਸੀ ਤੇ ਪੁੱਛਿਆ ਕਿ ਗੇਟ ਤੋਂ ਇਲਾਵਾ ਹੋਰ ਕੀ ਕੀਤਾ ਜਾ ਸਕਦਾ ਹੈ ?

'ਪੈਟਰੋਲ ਬੰਬ ਬਣਾਓ।" "ਉਹ ਕਿਵੇਂ" ਮੈਂ ਪੁਛਿਆ...ਤੇ ਉਸ ਨੇ ਮੈਨੂੰ ਪੈਟਰੋਲ ਬੰਬ ਬਣਾਉਣ ਦਾ ਨੁਸਖ਼ਾ ਦਸਿਆ। ਮੈਂ ਸਭ ਨਾਲ ਗੱਲ ਸਾਂਝੀ ਕੀਤੀ ਤਾਂ ਉਹ ਸਭ ਮੇਰੇ ਗਲ ਪੈ ਗਏ ਕਿ ਤੁਸੀ ਤਾਂ ਸਾਨੂੰ ਮਰਵਾ ਕੇ ਹੀ ਦਮ ਲਉਗੇ।

ਮੈਂ ਕਚੀਚੀਆਂ ਖਾ ਰਹੀ ਸਾਂ...ਬਾਹਰੋਂ ਖ਼ਬਰਾਂ ਆ ਰਹੀਆਂ ਸਨ ਕਿ ਕਿਵੇਂ ਕੋਹ ਕੋਹ ਕੇ ਟੱਬਰ ਮਾਰੇ ਜਾ ਰਹੇ ਨੇ ਤੇ ਸ਼ਹਿਰ ਵਿੱਚ ਕਹਿਰ ਮਚਿਆ ਪਿਐ...ਸਾਹਮਣੇ ਕਿਸ਼ਨ ਸਿੰਘ, ਉਨ੍ਹਾਂ ਦੀ ਪਤਨੀ ਤੇ ਨੂੰਹਾਂ ਸਿਰ 'ਤੇ ਕੇਸਕੀਆਂ ਸਜਾਈ ਕੋਠੇ 'ਤੇ ਟੌਹਰ ਨਾਲ ਮੁਕਾਬਲੇ ਦੀ ਤਿਆਰੀ ਕਰ ਰਹੀਆਂ ਸਨ, ਉਨ੍ਹਾਂ ਵਲ ਵੇਖ ਕੇ ਭਈਏ ਕਚੀਚੀਆਂ ਤਾਂ ਖਾ ਰਹੇ ਸਨ, ਪਰ ਉਨ੍ਹਾਂ ਦੀ ਪੇਸ਼ ਨਹੀਂ ਸੀ ਜਾ ਰਹੀ ...ਸਵੇਰੇ ਮਿਸਿਜ਼ ਸ਼ਰਮਾ ਨੇ ਸਾਹਮਣੇ ਕੁਲਫੀਆਂ ਖਾਣ ਵਾਲੇ ਨਾਲ ਦੋਸਤੀ ਗੰਢਣ ਦੀ ਕੋਸ਼ਿਸ਼ ਕੀਤੀ ਸੀ, ਉਹ ਕਹਿਣ ਲੱਗਾ ਕਿ ਅਸੀਂ ਇਨ੍ਹਾਂ ਅੰਮ੍ਰਿਤਧਾਰੀਆਂ ਨੂੰ ਨਹੀਂ ਛੱਡਣਾ ਜੇ ਤੁਸੀਂ ਸਾਡਾ ਸਾਥ ਦਿਉ, ਤਾਂ ਅਸੀਂ ਕਿਸੇ ਵੀ ਤਰੀਕੇ ਇਨ੍ਹਾਂ ਦੇ ਘਰ ਵੜ ਕੇ ਸਭ ਨੂੰ ਤਹਿਸ-ਨਹਿਸ ਕਰ ਦਿਆਂਗੇ...ਤੁਹਾਨੂੰ ਅਸੀਂ ਕੁਝ ਨਹੀਂ ਕਹਾਂਗੇ...ਉਸ ਨੇ ਆ ਕੇ ਸਾਰਿਆਂ ਨਾਲ ਇਹ ਗੱਲ ਸਾਂਝੀ ਕੀਤੀ ਤਾਂ ਸਾਰੇ ਚੁੱਪ ਹੋ ਗਏ ਤੇ ਸੋਚੀਂ ਪੈ ਗਏ, ਪਰ ਮੇਰੇ ਅੰਦਰੋਂ ਇਕ ਵਾ-ਵਰੋਲਾ ਉਠਿਆ ਤੇ ਮੈਂ ਆਪੇ ਤੋਂ ਬਾਹਰ ਹੋ ਗਈ।" ਸ਼ਰਮ ਆਉਣੀ ਚਾਹੀਦੀ ਹੈ ਤਹਾਨੂੰ ਭੈਣ ਜੀ ਤੇ ਜਿਹੜੇ ਉਨ੍ਹਾਂ ਨਾਲ ਸਹਿਮਤ ਨੇ...ਜੇ ਕਿਸੇ ਨੇ ਉਨ੍ਹਾਂ ਦੇ ਘਰ ਵਲ ਕਦਮ ਪੁੱਟਿਆ ਤਾਂ ਮੈਂ ਆਪ ਪੈਟਰੋਲ ਬੰਬ ਸੁਟਾਂਗੀ... ਕਿ ਤੁਹਾਨੂੰ ਸਮਝ ਨਹੀਂ ਆ ਰਹੀ ਕਿ ਇਸ ਤਰ੍ਹਾਂ ਤਹਾਨੂੰ ਆਪਸ ਵਿੱਚ ਤੋੜ ਕੇ ਉਹ ਫ਼ਾਇਦਾ ਉਠਾਉਣਗੇ ਤੇ ਸਾਨੂੰ ਸਭ ਨੂੰ ਖ਼ਤਮ ਕਰ ਦੇਣਗੇ। ਸਾਰਾ ਦਿਨ ਫਿਰ ਵੰਨ ਸੁਵੰਨੀਆਂ ਖ਼ਬਰਾਂ ਨਾਲ ਲੰਘਿਆ। ਅਖ਼ਬਾਰਾਂ ਤਾਂ ਆ ਹੀ ਰਹੀਆਂ ਸਨ। ਕਈ ਮਿਲਣ ਵਾਲੇ ਹਿੰਦੂ ਦੋਸਤ ਮਿੱਤਰ ਘਰਾਂ ਵਿੱਚ ਦੁੱਧ ਤੇ ਰਾਸ਼ਨ ਪਾਣੀ ਵੀ ਪਹੁੰਚਾ ਰਹੇ ਸਨ ...ਸਗੋਂ ਕਈਆਂ ਨੇ ਆਪਣੀਆਂ ਸਬਜ਼ੀ ਦੀਆਂ ਟੋਕਰੀਆਂ ਹੇਠਾਂ ਗਹਿਣੇ ਤੇ ਕੈਸ਼ ਛੁਪਾ ਕੇ ਆਪਣੇ ਘਰ ਲਿਜਾ ਕੇ ਸੰਭਾਲ ਲਏ।

(ਬਾਕੀ ਅਗਲੇ ਹਫ਼ਤੇ)

# ਨਨਕਾਣਾ ਸਾਹਿਬ ਵਿਚ ਰਹੀਆਂ ਪ੍ਰਕਾਸ਼ ਪੁਰਬ ਦੀਆਂ ਰੌਣਕਾਂ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਵੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਭਾਰਤ ਸਮੇਤ ਵੱਖ ਵੱਖ ਮੁਲਕਾਂ ਤੋਂ ਪੁੱਜੇ ਸਿੱਖ ਸ਼ਰਧਾਲੂਆਂ ਨੇ ਇਸ ਮੌਕੇ ਹੋਏ ਧਾਰਮਿਕ ਸਮਾਗਮ ਵਿਚ ਉਤਸ਼ਾਹ ਨਾਲ ਸ਼ਿਰਕਤ ਕੀਤੀ। ਸਵੇਰ ਸਮੇਂ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਧਾਰਮਿਕ ਸਮਾਗਮ ਕੀਤਾ ਗਿਆ, ਜਿਸ ਵਿਚ ਪਾਕਿਸਤਾਨ ਦੇ ਘੱਟ ਗਿਣਤੀਆਂ ਅਤੇ ਧਾਰਮਿਕ ਮਾਮਲਿਆਂ ਸਬੰਧੀ ਵਜ਼ੀਰ ਸਰਦਾਰ ਯੂਸਫ਼ ਖਾਨ ਨੇ ਸ਼ਿਰਕਤ ਕੀਤੀ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਆਲਮੀ ਪੱਧਰ ’ਤੇ ਪ੍ਰਚਾਰਨ ’ਤੇ ਜ਼ੋਰ ਦਿੱਤਾ। ਸਮਾਗਮ ਵਿਚ ਪਾਕਿਸਤਾਨ ਔਕਾਫ਼ ਬੋਰਡ ਦੇ ਮੁਖੀ ਸਾਦਿਕ ਉਲ-ਫਾਰੂਕ ਅਤੇ ਲਹਿੰਦੇ



ਪੰਜਾਬ ਦੇ ਵਜ਼ੀਰ ਰਾਣਾ ਅਸ਼ਰਫ ਸਮੇਤ ਪਾਕਿਸਤਾਨੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਪਤਵੰਤਿਆਂ ਨੇ ਇਸ ਮੌਕੇ ਸੰਗਤ ਨੂੰ ਗੁਰਪੁਰਬ ਦੀ ਵਧਾਈ ਵੀ ਦਿੱਤੀ। ਦੱਸਣਯੋਗ ਹੈ ਕਿ ਦੋਵਾਂ ਦੇਸ਼ਾਂ ਵਿਚ ਤਣਾਅ ਦੇ ਬਾਵਜੂਦ ਭਾਰਤ ਤੋਂ ਲਗਭਗ ਦੋ ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਪੁੱਜਾ, ਜਿਨ੍ਹਾਂ ਨੇ ਗੁਰਪੁਰਬ ਸਮਾਗਮ ਵਿਚ ਸ਼ਮੂਲੀਅਤ ਕੀਤੀ। ਬਾਅਦ ਦੁਪਹਿਰ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਕਿਆਰਾ ਸਾਹਿਬ ਤਕ ਨਗਰ ਕੀਰਤਨ ਸਜਾਇਆ ਗਿਆ।

ਫੁੱਲਾਂ ਨਾਲ ਸਜਾਈ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਸ਼ੁਸ਼ੋਭਿਤ ਸਨ ਅਤੇ ਪੰਜ ਪਿਆਰੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸਖ਼ਤ ਸੁਰੱਖਿਆ ਪ੍ਰਬੰਧਾਂ ਵਾਲੇ ਨਗਰ ਕੀਰਤਨ ਵਿਚ ਮੁਸਲਿਮ ਭਾਈਚਾਰੇ ਨੇ ਵੀ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ। ਇਸ ਮੌਕੇ ਲੰਗਰ ਵੀ ਲਾਏ ਗਏ। ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਪਾਕਿਸਤਾਨੀ ਸਿੱਖ ਸ਼ਰਧਾਲੂਆਂ ਦੇ ਰਿਣੀ ਹਨ, ਜੋ ਏਨੀ ਵੱਡੀ ਗਿਣਤੀ ਵਿਚ ਪ੍ਰਕਾਸ਼ ਦਿਵਸ ਮਨਾਉਣ ਪੁੱਜੇ। ਇਸ ਮੌਕੇ ਸਰਦਾਰ ਯੂਸਫ਼ ਖਾਨ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਪਾਕਿਸਤਾਨ ਦੇਸ਼ ਅੰਦਰ ਹਰ ਧਰਮ ਨੂੰ ਪੂਰਾ ਮਾਣ ਸਤਿਕਾਰ ਹੈ ਤੇ ਅੱਜ ਸ੍ਰੀ ਨਨਕਾਣਾ ਸਾਹਿਬ ਸ਼ਹਿਰ ਨੂੰ ਵਿਸ਼ਵ ਦੇ ਸ਼ਹਿਰ ਦੇ ਨਾਂਅ ਨਾਲ ਜਾਣਿਆ ਜਾ ਰਿਹਾ ਹੈ। ਚੇਅਰਮੈਨ ਸਦੀਕ ਉਲ ਫਾਰੂਕ ਨੇ ਕਿਹਾ ਕਿ ਓਕਾਫ਼ ਬੋਰਡ ਦੀ ਸੇਵਾ ਉਨ੍ਹਾਂ ਵੱਲੋਂ ਪੂਰੀ ਇਮਾਨਦਾਰੀ ਨਾਲ ਕੀਤੀ ਜਾ ਰਹੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੱਥਾ ਲੀਡਰ ਜਥੇਦਾਰ ਮੰਗਵਿੰਦਰ ਸਿੰਘ ਖਾਪੜਖੇੜੀ ਨੇ ਆਪਣੇ ਸੰਬੋਧਨ ਦੌਰਾਨ ਪਾਕਿਸਤਾਨ ਸਰਕਾਰ ਕੋਲੋਂ ਭਾਰਤੀ ਸਿੱਖ ਯਾਤਰੂਆਂ ਨੂੰ ਪੂਰੇ ਵੀਜ਼ੇ ਦੇ ਕੇ ਆਪਣੇ ਵਿਛੜੇ ਗੁਰਧਾਮਾਂ ਦੀ ਯਾਤਰਾ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਪਾਕਿਸਤਾਨ ਦੇ ਗੁਰਧਾਮ ਗੁਰਦੁਆਰਾ ਕਰਤਾਰਪੁਰ ਸਾਹਿਬ ਅਤੇ ਲਾਹੌਰ ਵਿਖੇ ਇਕ ਵਿਸ਼ੇਸ਼ ਯਾਤਰੂ ਸਰਾਂ ਬਣਾਉਣ ਦੀ ਕਾਰ ਸੇਵਾ ਦੇਣ ਲਈ ਅਪੀਲ ਕੀਤੀ।

## ਹਰਿਮੰਦਰ ਸਾਹਿਬ ਵਿਚ ਸੰਗਤਾਂ ਨੇ ਧੂਮ-ਧਾਮ ਨਾਲ ਮਨਾਇਆ ਪ੍ਰਕਾਸ਼ ਦਿਹਾੜਾ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਅਲੌਕਿਕ ਜਲੌਅ ਸਜਾਏ ਗਏ। ਗੁਰਪੁਰਬ ਮੌਕੇ ਵੱਡੀ ਗਿਣਤੀ ਸੰਗਤ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਮੁੱਚੀ ਮਾਨਵਤਾ ਲਈ ਚਾਨਣ ਮੁਨਾਰਾ ਹਨ। ਪਹਿਲੇ ਪਾਤਸ਼ਾਹ ਨੇ ਆਪਣੀਆਂ ਉਦਾਸੀਆਂ ਦੌਰਾਨ ਹਰ ਧਰਮ, ਜਾਤ-ਪਾਤ, ਵਰਣ, ਮਜ਼੍ਹਬ, ਰੂਪ-ਰੰਗ ਦੇ ਲੋਕਾਂ ਲਈ ਸਿੱਖਿਆਵਾਂ ਦੀਆਂ ਛਹਿਬਰਾਂ ਲਾਈਆਂ। ਉਨ੍ਹਾਂ ਵੱਲੋਂ ਦਿੱਤੀ ਗਈ ਦਿੱਤੀ ‘ਵੰਡ ਛਕਣ’ ਦੀ ਸਿੱਖਿਆ ਸਦਕਾ ਹੀ ਅੱਜ ਸਿੱਖ ਕੌਮ ਵੱਲੋਂ ਲਾਏ ਜਾ ਰਹੇ ਅਤੁੱਟ ਲੰਗਰਾਂ ਵਿੱਚ ਹਰ ਧਰਮ, ਜਾਤ-ਪਾਤ ਦੇ ਲੋਕ ਬਿਨਾਂ ਕਿਸੇ ਭੇਦਭਾਵ ਦੇ ਆਪਣਾ ਪੇਟ ਭਰ ਰਹੇ ਹਨ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪਵਿੱਤਰ ਦਿਹਾੜੇ ’ਤੇ ਸੰਗਤ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਪਮਾਲਾ ਅਤੇ ਆਤਿਸ਼ਬਾਜ਼ੀ ਕੀਤੀ ਗਈ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸਵੇਰੇ ਮੁੱਖਵਾਕ ਦੀ ਕਥਾ ਉਪਰੰਤ ਸਕੂਲੀ ਬੱਚਿਆਂ ਦੇ ਕੀਰਤਨ ਮੁਕਾਬਲੇ ਕਰਵਾਏ ਗਏ। ਪ੍ਰਸਿੱਧ ਰਾਗੀ ਜਥਿਆਂ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ। ਉਪਰੰਤ ਰਾਤ 9 ਵਜੇ ਕਵੀ ਸਮਾਗਮ ਕਰਵਾਇਆ ਗਿਆ।

## ਬਡੂੰਗਰ ਨੇ ਜੂਸ ਪਿਲਾ ਕੇ ਖ਼ਤਮ ਕਰਵਾਈ ਭਾਈ ਰਾਜੋਆਣਾ ਦੀ ਭੁੱਖ ਹੜਤਾਲ

**ਪਟਿਆਲਾ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਖ਼ਿਲਾਫ਼ ਪਾਈ ਗਈ ਰਹਿਮ ਦੀ ਅਪੀਲ ਦੇ ਨਿਪਟਾਰੇ ਲਈ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨਾਲ ਤਾਲਮੇਲ ਕਰਨ ਦਾ ਫ਼ੈਸਲਾ ਲਿਆ ਹੈ। ਸ਼੍ਰੋਮਣੀ ਕਮੇਟੀ ਨੇ ਇਹ ਵੀ ਨਿਰਣਾ ਲਿਆ ਹੈ ਕਿ ਇੱਕ ਵਫ਼ਦ ਪਟੀਸ਼ਨ ਦਾ ਜਲਦੀ ਨਿਪਟਾਰਾ ਕਰਵਾਉਣ ਦੇ ਯਤਨ ਵਜੋਂ ਕੇਸ ਨੂੰ ਰਾਸ਼ਟਰਪਤੀ ਕੋਲ ਭਿਜਵਾਉਣ ਲਈ ਚਾਰਾਜੋਈ ਕਰੇਗਾ। ਸ਼੍ਰੋਮਣੀ ਕਮੇਟੀ ਦੇ ਅਜਿਹੇ ਭਰੋਸੇ ਮਗਰੋਂ ਭਾਈ ਰਾਜੋਆਣਾ ਨੇ ਅਣਮਿਥੇ ਸਮੇਂ ਦੀ ਭੁੱਖ ਹੜਤਾਲ ਵਾਪਸ ਲੈ ਲਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇੱਥੇ ਗੌਰਮਿੰਟ ਰਾਜਿੰਦਰਾ ਹਸਪਤਾਲ ਵਿੱਚ ਸ਼੍ਰੋਮਣੀ ਕਮੇਟੀ ਦੇ ਨਵ ਨਿਯੁਕਤ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਅਜਿਹਾ ਫੈਸਲਾ ਲੈ ਕੇ ਜਦੋਂ ਭਾਈ ਬਲਵੰਤ ਸਿੰਘ ਰਾਜੋਆਣਾ ਕੋਲ ਗਏ ਤਾਂ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਇਸ ਯਤਨ ਨੂੰ ਪ੍ਰਵਾਨ ਕਰਦਿਆਂ ਆਪਣੀ ਅੱਠ ਦਿਨਾਂ ਤੋਂ ਆਰੰਭੀ ਭੁੱਖ ਹੜਤਾਲ ਵਾਪਸ ਲੈ ਲਈ। ਪ੍ਰੋ. ਬਡੂੰਗਰ ਨੇ ਭਾਈ ਰਾਜੋਆਣਾ ਨੂੰ ਜੂਸ ਪਿਲਾ ਕੇ ਭੁੱਖ ਹੜਤਾਲ ਤੁੜਵਾਈ।

ਇਸ ਮਾਮਲੇ ਸਬੰਧੀ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪ੍ਰੋ. ਬਡੂੰਗਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ



ਦੀ ਅਪੀਲ ’ਤੇ ਭਾਈ ਰਾਜੋਆਣਾ ਨੇ ਭੁੱਖ ਹੜਤਾਲ ਵਾਪਸ ਲੈ ਲਈ ਹੈ। ਉਨ੍ਹਾਂ ਭਾਈ ਰਾਜੋਆਣਾ ਦਾ ਧੰਨਵਾਦ ਕਰਦਿਆਂ ਉਸ ਦੀ ਸਿਹਤਯਾਬੀ ਦੀ ਕਾਮਨਾ ਕੀਤੀ। ਉਨ੍ਹਾਂ ਦੱਸਿਆ ਕਿ ਰਾਜੋਆਣਾ ਸਿਹਤ ਪੱਖੋਂ ਤੰਦਰੁਸਤ ਤੇ ਬਿਲਕੁਲ ਠੀਕ ਹਨ।

ਪ੍ਰੋ. ਬਡੂੰਗਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਜਲਦੀ ਹੀ ਭਾਈ ਰਾਜੋਆਣਾ ਦੀ ਫਾਂਸੀ ਸਬੰਧੀ ਰਹਿਮ ਦੀ ਪਟੀਸ਼ਨ ਦੇ ਮੁੱਦੇ ਨੂੰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਕੋਲ ਚੁੱਕੇਗੀ ਅਤੇ ਇੱਕ ਹਫ਼ਤੇ ਵਿੱਚ ਇੱਕ ਵਫ਼ਦ ਕਾਇਮ ਕੀਤਾ ਜਾਵੇਗਾ, ਜਿਸ ਵੱਲੋਂ ਮਾਮਲੇ ਨੂੰ ਦੋਵਾਂ ਸਰਕਾਰਾਂ ਤੱਕ ਲਿਜਾਇਆ ਜਾਵੇਗਾ।

# ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਤੀ ਲਈ ਕਬਜ਼ਾ ਲੈਣ ਜਾ ਰਹੇ ਸਿੱਖ ਹਿਰਾਸਤ ਵਿਚ ਲਏ







**ਅੰਮ੍ਰਿਤਸਰ/ਬਿਊਰੋ ਨਿਊਜ਼ :** ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਤੀ ਦੀ ਮੰਗ ਸਬੰਧੀ ਆਲ ਇੰਡੀਆ ਸਿੱਖ ਕਾਨਫਰੰਸ ਦੇ ਆਗੂਆਂ ਨੂੰ ਗੁਰਪੁਰਬ ਮੌਕੇ ਗੁਰਦੁਆਰਾ ਪਾਉਂਟਾ ਸਾਹਿਬ ਤੋਂ ਦੇਹਰਾਦੂਨ ਜਾਣ ਸਮੇਂ ਉਤਰਾਖੰਡ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਅਤੇ ਸ਼ਾਮ ਵੇਲੇ ਮੁਚਲਕੇ ’ਤੇ ਰਿਹਾਅ ਕੀਤਾ। ਆਲ ਇੰਡੀਆ ਸਿੱਖ ਕਾਨਫਰੰਸ ਦੇ ਪ੍ਰਧਾਨ ਗੁਰਚਰਨ ਸਿੰਘ ਬੱਬਰ ਨੇ ਦੱਸਿਆ ਕਿ ਹਰਿ ਕੀ ਪਉੜੀ (ਹਰਿਦੁਆਰ) ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਤੀ ਦੀ ਮੰਗ ਕੀਤੀ ਜਾ ਰਹੀ ਹੈ। ਉਤਰਾਖੰਡ ਦੇ ਸਾਬਕਾ ਮੁਖ ਮੰਤਰੀ ਵੱਲੋਂ ਇਸ ਸਬੰਧੀ ਹਰਿ ਕੀ ਪਉੜੀ ਨੇੜੇ ਲੋੜੀਂਦੀ ਥਾਂ ਦੇਣ ਦਾ ਭਰੋਸਾ ਦੇ ਦਿੱਤਾ ਸੀ ਪਰ ਇਹ ਭਰੋਸਾ ਹੁਣ ਤੱਕ ਪੂਰਾ ਨਹੀਂ ਹੋਇਆ। ਇਸੇ ਮੰਗ ਸਬੰਧੀ ਅਤੇ ਗੁਰਪੁਰਬ ਮਨਾਉਣ ਲਈ ਜਥੇਬੰਦੀ ਦੇ ਕਾਰਕੁਨ ਹਰਿਦੁਆਰ ਜਾਣ ਲਈ ਰਵਾਨਾ ਹੋਏ ਸਨ ਪਰ ਉਨ੍ਹਾਂ ਨੂੰ ਉਤਰਾਖੰਡ ਪੁਲੀਸ ਨੇ ਦੇਹਰਾਦੂਨ ਸਰਹੱਦ ’ਤੇ ਹੀ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਦੱਸਿਆ ਕਿ ਉਹ ਆਪਣੇ ਸਮਰਥਕਾਂ ਸਮੇਤ ਸਵੇਰੇ ਦਿੱਲੀ ਤੋਂ ਗੁਰਦੁਆਰਾ ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼) ਪੁੱਜੇ ਸਨ ਅਤੇ ਉਥੋਂ ਹਰਿ ਕੀ ਪਉੜੀ ਲਈ ਰਵਾਨਾ ਹੋਏ ਪਰ ਦੇਹਰਾਦੂਨ ਵਿੱਚ ਦਾਖ਼ਲ ਹੁੰਦਿਆਂ ਹੀ ਉਥੇ ਪਹਿਲਾਂ ਤੋਂ ਮੌਜੂਦ ਪੁਲੀਸ ਨੇ ਸਾਰੇ ਕਾਰਕੁਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲੀਸ ਉਨ੍ਹਾਂ ਨੂੰ ਦੂਨ ਵੈਡਿੰਗ ਪੈਲੇਸ ਵਿੱਚ ਲੈ ਗਈ, ਜਿਥੇ ਉਨ੍ਹਾਂ ਨੂੰ ਸਾਰਾ ਦਿਨ ਨਜ਼ਰਬੰਦ ਰੱਖਿਆ ਗਿਆ। ਮਗਰੋਂ ਸ਼ਾਮ ਸਮੇਂ ਮੁਚਲਕੇ ’ਤੇ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਹਰਿ ਕੀ ਪਉੜੀ ਸਥਿਤ ਗੁਰਦੁਆਰਾ ਗਿਆਨ ਗੋਦੜੀ ਵਾਲੀ ਥਾਂ ’ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਉਤਰਾਖੰਡ ਸਰਕਾਰ ਨੇ ਗੁਰਪੁਰਬ ਨਹੀਂ ਮਨਾਉਣ ਦਿੱਤਾ। ਦੱਸਣਯੋਗ ਹੈ ਕਿ ਗੁਰਦੁਆਰਾ ਗਿਆਨ ਗੋਦੜੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ ਅਤੇ ਸਿੱਖ ਵਿਰੋਧੀ ਦੰਗਿਆਂ ਸਮੇਂ ਇਹ ਗੁਰਦੁਆਰਾ ਢਹਿ ਢੇਰੀ ਹੋ ਗਿਆ ਸੀ। ਮਗਰੋਂ ਇਸ ਥਾਂ ’ਤੇ ਨਾਜਾਇਜ਼ ਕਬਜ਼ਾ ਕਰ ਲਿਆ ਗਿਆ। ਹੁਣ ਇਸ ਥਾਂ ’ਤੇ ਇੱਕ ਦਫ਼ਤਰ ਬਣਿਆ ਹੋਇਆ ਹੈ। ਇਸ ਥਾਂ ’ਤੇ ਗੁਰਦੁਆਰਾ ਉਸਾਰਨ ਲਈ ਢੁਕਵੀਂ ਜਗ੍ਹਾਂ ਦੇਣ ਦੀ ਮੰਗ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਉਤਰਾਖੰਡ ਦੇ ਮੁੱਖ ਮੰਤਰੀ ਨਾਲ ਦੋ-ਤਿੰਨ ਵਾਰ ਮੁਲਾਕਾਤ ਵੀ ਕਰ ਚੁੱਕੇ ਹਨ। ਪਰ ਹੁਣ ਤਕ ਕੋਈ ਸਾਰਥਕ ਸਿੱਟਾ ਸਾਹਮਣੇ ਨਹੀਂ ਆਇਆ ਹੈ। ਇਸ ਦੌਰਾਨ ਆਲ ਇੰਡੀਆ ਸਿੱਖ ਕਾਨਫਰੰਸ ਦੇ ਪ੍ਰਧਾਨ ਗੁਰਚਰਨ ਸਿੰਘ ਬੱਬਰ ਹਰ ਵਰ੍ਹੇ ਹਰਿ ਕੀ ਪਉੜੀ ’ਤੇ ਗੁਰਦੁਆਰੇ ਵਾਲੀ ਥਾਂ ’ਤੇ ਗੁਰਪੁਰਬ ਮਨਾਉਣ ਦਾ ਪ੍ਰੋਗਰਾਮ ਬਣਾ ਚੁੱਕੇ ਹਨ ਅਤੇ ਪਿਛਲੇ ਵਰ੍ਹੇ ਵੀ ਉਨ੍ਹਾਂ ਨੂੰ ਹਰਿ ਕੀ ਪਉੜੀ ਜਾਣ ਤੋਂ ਰੋਕ ਦਿੱਤਾ ਗਿਆ ਸੀ।

## ਪਾਕਿਸਤਾਨ ਵਲੋਂ ਸਿੱਖਾਂ ਸੰਗਤਾਂ ਲਈ ਚਾਰ ਤੋਹਫ਼ੇ

**ਲਾਹੌਰ/ਸਿੱਖ ਸਿਆਸਤ ਬਿਊਰੋ:** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 548ਵੇਂ ਪ੍ਰਕਾਸ਼ ਦਿਹਾੜੇ ’ਤੇ ਪਾਕਿਸਤਾਨ ਸਰਕਾਰ ਵਲੋਂ ਸਿੱਖ ਸੰਗਤਾਂ ਦੇ ਦਰਸ਼ਨਾਂ ਵਾਸਤੇ ਹੋਰ ਗੁਰਦੁਆਰੇ ਖੋਲ੍ਹਣ ਦਾ ਐਲਾਨ ਕੀਤਾ ਗਿਆ ਅਤੇ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਅਗਲੇ ਸਾਲ ਜਨਵਰੀ ਵਿੱਚ ਰੱਖਿਆ ਜਾ ਰਿਹਾ ਹੈ। ਇਹ ਜਾਣਕਾਰੀ ਵਕਫ ਬੋਰਡ ਦੇ ਚੇਅਰਮੈਨ ਸਿਦੀਕੁਲ ਫਾਰੂਕ ਨੇ ਸਿੱਖ ਯਾਤਰੂਆਂ ਦੇ ਜਥੇ ਦਾ ਸਵਾਗਤ ਕਰਨ ਸਮੇਂ ਦਿੱਤੀ। ਇਸ ਮੌਕੇ ਉਨ੍ਹਾਂ ਦੇ ਨਾਲ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਤਾਰਾ ਸਿੰਘ ਵੀ ਹਾਜ਼ਰ ਸਨ। ਪਾਕਿਸਤਾਨ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਵਾਹਘਾ ਰੇਲਵੇ ਸਟੇਸ਼ਨ ’ਤੇ 3000 ਸਿੱਖ ਯਾਤਰੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਪਾਕਿਸਤਾਨ ਪਹੁੰਚੇ।

- ਕਰਤਾਰਪੁਰ ਵਿਖੇ ਅੰਗੀਠਾ ਸਾਹਿਬ ਦਾ ਉਦਘਾਟਨ 19 ਨੂੰ
- ਗੁਰਦੁਆਰਾ ਕਿਆਰਾ ਸਾਹਿਬ ਸੰਗਤਾਂ ਦੇ ਦਰਸ਼ਨਾਂ ਲਈ ਖੁਲ੍ਹੇਗਾ
- ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਅਗਲੇ ਸਾਲ ਜਨਵਰੀ ’ਚ

ਵਕਫ ਬੋਰਡ ਦੇ ਚੇਅਰਮੈਨ ਸਿਦੀਕੁਲ ਫਾਰੂਕ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਤਾਰਾ ਸਿੰਘ ਸਮੇਤ ਰੇਲਵੇ ਸਟੇਸ਼ਨ ’ਤੇ ਜਥੇ ਨੂੰ ਜੀ ਆਇਆਂ ਕਹਿਣ ਸਮੇਂ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ ਕਿ ਇਤਿਹਾਸ ’ਚ ਪਹਿਲੀ ਵਾਰ ਹੋਇਆ ਕਿ ਭਾਰਤੀ ਉਪ ਮਹਾਂਦੀਪ ਦੇ ਸਿੱਖ ਯਾਤਰੀਆਂ ਨੂੰ 3319 ਵੀਜ਼ੇ ਜਾਰੀ ਕੀਤੇ ਗਏ ਹਨ। ਜਨਾਬ ਸਦੀਕੁਲ ਫਾਰੂਕ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ’ਤੇ ਪਾਕਿਸਤਾਨ ਸਿੱਖਾਂ ਨੂੰ ਚਾਰ ਤੋਹਫੇ ਦੇ ਰਿਹਾ ਹੈ।

ਬਾਕੀ ਸਫ਼ਾ 32 ’ਤੇ

# ਲਓ ! ਕਰ ਲੋ ਗੱਲ...

-ਕਮਲ ਦੁਸਾਂਝ

## ਛੱਡੋ ਜੀ ਪਾਣੀਆਂ-ਪੂਣੀਆਂ ਨੂੰ !!

ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਪਾਣੀਆਂ ਦੀ ਵੰਡ ਦਾ ਮਸਲਾ ਇਕ ਵਾਰ ਸਿਆਸਤਦਾਨਾਂ ਨੂੰ ਸ਼ਤਰੰਜ ਦੀ ਗੋਹਟੀ ਵਾਂਗ ਥਿਆ ਗਿਆ ਹੈ...ਜਿਹਦਾ ਦਿਲ ਕਰਦਾ ਹੈ, ਉਧਰ ਨੂੰ ਸੁੱਟੀ ਜਾਂਦੈ...। ਬਈ ਚਾਲਬਾਜ਼ ਨੇਤਾਵਾਂ ਦੀ ਖੇਡ ਹੈ, ਇਸ ਲਈ ਇਹਦੇ 'ਚ ਕੋਈ ਨਿਯਮ-ਨੂਯਮ ਤਾਂ ਹੁੰਦਾ ਨਹੀਂ...। ਐਸੇ ਮੁੱਦੇ ਤਾਂ ਬੱਸ ਵੋਟਾਂ ਪੱਕੀਆਂ ਕਰਨ ਲਈ ਹੁੰਦੇ ਆ...ਭਲਾ ਜੇ ਇੰਜ ਨਾ ਹੁੰਦਾ ਤਾਂ ਮਸਲਾ ਕਦੋਂ ਦਾ ਹੱਲ ਹੋ ਗਿਆ ਹੁੰਦਾ। ਆ ਪੰਜਾਬ ਭਾਜਪਾ ਦੇ ਚੋਣ ਇੰਚਾਰਜ ਨਰਿੰਦਰ ਤੋਮਰ ਦੀ ਵੀ ਸੁਣ ਲਓ-ਅਖੇ, ਪਾਣੀਆਂ-ਪੂਣੀਆਂ ਦਾ ਮੁੱਦਾ ਛੱਡੋ, ਕੋਈ ਹੋਰ ਗੱਲ ਕਰੋ। ਇਹ ਤਾਂ ਪੰਜਾਬ-ਹਰਿਆਣਾ ਆਪੇ ਮਿਲ ਬੈਠ ਕੇ ਹੱਲ ਕਰ ਲੈਣਗੇ...। ਭਲਾ ਪੰਜਾਬ-ਹਰਿਆਣਾ ਕੋਈ ਆਮ ਲੋਕ ਨੇ ਜਿਹੜੇ ਆਪੇ ਹੱਲ ਕਰ ਲੈਂਦੇ, ਇਹ ਤਾਂ ਸਿਆਸੀ ਲੀਡਰਾਂ ਨੇ ਹੱਲ ਕਰਨੇ ਹੁੰਦੇ ਆ...। ਜਦੋਂ ਉਨ੍ਹਾਂ ਨੂੰ ਇਹਦੇ ਹੱਲ ਹੋਣ 'ਚੋਂ ਕੁਝ ਲਭਦਾ ਹੁੰਦਾ ਤਾਂ ਏਨੇ ਸਾਲਾਂ ਤੋਂ ਲੋਕ ਮੱਥਾ ਕਾਹਨੂੰ ਪਿਟਦੇ। ਨਾਲੇ ਆ ਪਾਣੀਆਂ ਦੀ ਅੱਗ ਦਾ ਪੂਰੇ ਸੰਸਾਰ 'ਚ ਲੱਗੀ ਐ...ਪੰਜਾਬ-ਹਰਿਆਣਾ ਕੀ ਕਰ ਲੈਣਗੇ...? ਇਹ ਤਾਂ ਲੀਡਰਾਂ ਦੀਆਂ ਗੋਹਟੀਆਂ ਦੀ ਚਾਲ ਦੇਖੋ...ਕਿੰਨੇ ਕਿੰਨੇ ਵੋਟਰਾਂ ਨੂੰ ਧੂਹ ਲਿਆਉਂਦੀਆਂ ਨੇ!!!







## ਮੋਦੀ ਜੀ, ਗ਼ਰੀਬਾਂ ਨਾਲ ਮਸ਼ਕਰੀਆਂ!!!

ਲਓ! ਜੀ ਕਰ ਲੋ ਗੱਲ!! ਆ ਮੋਦੀ ਸਾਹਿਬ ਕਹਿੰਦੇ- 'ਆ ਮੇਰੇ ਫ਼ੈਸਲੇ ਮਗਰੋਂ ਭ੍ਰਿਸ਼ਟ ਲੋਕ ਪ੍ਰੇਸ਼ਾਨ ਨੇ, ਗ਼ਰੀਬ ਤਾਂ ਸ਼ਾਂਤੀ ਦੀ ਨੀਂਦ ਸੁੱਤੇ ਨੇ। ਨਾਲੇ ਆ ਅਮੀਰ ਲੋਕ ਨੀਂਦ ਦੀਆਂ ਗੋਲੀਆਂ ਲੈਣ ਲਈ ਇਧਰ-ਉਧਰ ਭੱਜ ਰਹੇ ਨੇ। ਲਗਦੈ ਮੋਦੀ ਜੀ ਨੂੰ ਰਾਤਾਂ ਨੂੰ ਨੀਂਦ ਨਹੀਂ ਆਉਂਦੀ...ਵਿਚਾਰੇ ਲਾਲ ਕਿਲ੍ਹੇ 'ਤੇ ਖੜ੍ਹੇ ਹੋ ਕੇ ਅਮੀਰਾਂ ਦੀਆਂ ਦੌੜਾਂ ਦਾ ਨਜ਼ਾਰਾ ਦੇਖ ਰਹੇ ਨੇ...ਤੇ ਗ਼ਰੀਬਾਂ ਨੂੰ ਆਰਾਮ ਨਾਲ ਸੁੱਤਿਆਂ ਪਇਆਂ ਨੂੰ ਹਵਾ ਦਾ ਝੱਲ ਮਾਰ ਰਹੇ ਹਨ।

ਹੁਣ ਮੋਦੀ ਜੀ ਨੂੰ ਕੌਣ ਸਮਝਾਏ, ਬਈ ਆ ਸ਼ੋਸ਼ਲ ਮੀਡੀਆ 'ਤੇ ਜ਼ਰਾ ਆਪਣੇ ਕਾਰਨਾਮੇ ਦਾ ਟਰੇਲਰ ਹੀ ਦੇਖ ਲੈਣ-ਜਿਨ੍ਹਾਂ ਨੂੰ ਭੁੱਖੇ ਪੇਟ ਸੌਣਾ ਪੈ ਰਿਹੈ... ਦਵਾਈਆਂ ਮਿਲ ਨਹੀਂ ਰਹੀਆਂ...ਬੈਂਕਾਂ ਦੀਆਂ ਕਤਾਰਾਂ ਵਿਚ ਧੱਕੇ ਖਾਣੇ ਪੈ ਰਹੇ ਨੇ-ਤੇ ਜਿਹੜੀਆਂ ਟਕੇ ਟਕੇ ਦੀਆਂ ਗਾਲ੍ਹਾਂ ਉਹ ਮੋਦੀ ਨੂੰ ਕੱਢ ਰਹੇ ਹਨ, ਜ਼ਰਾ ਮੋਦੀ ਜੀ ਉਨ੍ਹਾਂ ਦੀ ਪਛਾਣ ਕਰਵਾ ਲੈਣ...ਪਤਾ ਲਗ ਜੂ ਕਿਹੜੇ 'ਅਮੀਰ' ਲੋਕ ਨੇ ਇਹ। ਮੋਦੀ ਜੀ ਥੋੜਾ ਅੰਬਾਨੀਆਂ, ਅਡਾਨੀਆਂ ਨਾਲ ਪਿਆਰ-ਮਲ੍ਹਾਰ ਦਾ ਤਾਂ ਸਾਰਿਆਂ ਨੂੰ ਪਤੈ ਪਰ ਆ ਗ਼ਰੀਬਾਂ ਨਾਲ ਕਦੋਂ ਤੋਂ ਮਸ਼ਕਰੀਆਂ ਕਰਨੀਆਂ ਸ਼ੁਰੂ ਕਰਤੀਆਂ?!!!



## ਬੈਂਕਾਂ ਦੀ ਰੌਣਕ ਦੇਖਣ ਆਈ ਮੋਦੀ ਦੀ ਮਾਂ!!!

ਭਗਤ 'ਜੈ ਮੋਦੀ, ਹਰਿ ਹਰਿ ਮੋਦੀ' ਵਿਚ ਲੱਗੇ ਹਨ...ਮੋਦੀ ਜੀ ਦੀ ਮਾਂ ਹੀਰਾਬਾ ਤੋਂ ਰਿਹਾ ਨਾ ਗਿਆ...ਆਖ਼ਰ ਪੁੱਤ ਦੀ ਰਚਾਈ ਮਾਇਆ ਲੀਲ੍ਹਾ ਦਾ ਨਜ਼ਾਰਾ ਦੇਖਣ ਲਈ 'ਖ਼ੁਦ ਚੱਲ ਕੇ' ਪੁੱਜ ਗਈ ਬੈਂਕ। ਇਹ ਮੀਡੀਆ ਦਾ ਕਹਿਣਾ ਹੈ ਕਿ ਉਹ ਖ਼ੁਦ ਚੱਲ ਕੇ ਆਈ...!! ਖ਼ੁਦ ਸੀਨੀਅਰ ਸਿਟੀਜਨ ਦੀ ਕਤਾਰ ਵਿਚ ਲੱਗੀ...!! ਭਲਾ ਜਦੋਂ ਮਾਤਾ ਤੁਰੀ ਆ ਰਹੀ ਸੀ ਤਾਂ ਮੀਡੀਆ ਨਾਲ ਨਾਲ ਕਿਉਂ ਨਾ ਚੱਲਿਆ...? ਬੈਂਕ ਦੇ ਬਾਹਰ ਕਤਾਰ ਵਿਚ ਮਾਤਾ ਜੀ ਕਿਉਂ ਨਹੀਂ ਖੜ੍ਹੇ...? ਉਂਜ ਇਹ ਕਿਹੜਾ ਕੋਈ ਜੱਗੋ ਤੇਰ੍ਹਵੀਂ ਗੱਲ ਹੋਈ ਹੈ...ਉਨ੍ਹਾਂ ਤੋਂ ਵੀ ਬਜ਼ੁਰਗ ਲੋਕ ਕਤਾਰਾਂ ਵਿਚ ਲੱਗੇ ਨੇ...। ਉਨ੍ਹਾਂ ਨੂੰ ਤਾਂ ਕੋਈ ਚਾਹ-ਪਾਣੀ ਪੁੱਛਣ ਵਾਲਾ ਵੀ ਨਹੀਂ...। ਨਾਲੇ ਇਹ ਉਹ ਭਾਰਤ ਹੈ, ਜਿੱਥੇ ਲੋਕਾਂ ਨੂੰ ਆਪਣਿਆਂ ਦੀ ਲਾਸ਼ਾਂ ਮੋਢਿਆਂ 'ਤੇ ਢੋਹਣੀਆਂ ਪੈਂਦੀਆਂ ਨੇ...ਤੇ ਮੋਦੀ ਜੀ ਦੀ ਮਾਤਾ ਨੇ ਕਿਹੜੇ ਮੋਤੀ ਦਾਨ ਕੀਤੇ ਸੀ ਕਿ ਉਨ੍ਹਾਂ ਦਾ ਤੁਰਨਾ ਵੱਡੀ ਖ਼ਬਰ ਬਣ ਗਿਆ।

ਵੈਸੇ ਇਕ ਗੱਲ ਸਮਝ ਨਹੀਂ ਆਈ, ਹੀਰਾਬਾ ਦਾ ਕਿਸੇ ਬੈਂਕ 'ਚ ਜਦ ਕੋਈ ਖਾਤਾ ਹੀ ਨਹੀਂ ਤਾਂ ਉਨ੍ਹਾਂ ਨੂੰ ਖ਼ੁਦ ਚੱਲ ਕੇ ਆਉਣ ਦੀ ਕੀ ਲੋੜ ਪੈ ਗਈ...ਖਾਤਾ ਤਾਂ ਉਨ੍ਹਾਂ ਦੇ ਪੁੱਤਰ ਤੇ ਮੋਦੀ ਜੀ ਦੇ ਭਰਾ ਪੰਕਜ ਦਾ ਸੀ ਤੇ ਉਹ ਨਾਲ ਹੀ ਆਇਆ ਸੀ...ਫੇਰ ਉਹ 'ਕੱਲਾ ਹੀ ਆ ਜਾਂਦਾ...ਨਾਲ ਮਾਤਾ ਨੂੰ ਧੂਹਣ ਦੀ ਕੀ ਲੋੜ ਪੈ ਗਈ ਸੀ...? ਸ਼ਾਇਦ ਮਾਤਾ ਜੀ ਦੇਖਣ ਆਏ ਸੀ-ਬਈ ਮੇਰੇ ਪੁੱਤ ਨੇ ਕਿਵੇਂ ਗ਼ਰੀਬਾਂ ਨੂੰ ਵਾਹਣੇ ਪਾ ਰੱਖਿਐ...!!! ਬੈਂਕਾਂ ਵਿਚ ਰੌਣਕ ਦੇਖਣ ਆਈ ਲਗਦੀ ਐ ਮਾਤਾ ਹੀਰਾਬਾ!!!

## ਸੁੱਖੇ ਨੇ ਤਾਂ ਕੈਲੀਫੋਰਨੀਆ ਜਾਣੈ ਨਿਆਣੇ ਪੜ੍ਹਾਉਣ...!!!

ਬਾਦਲ ਸਾਹਿਬ- ਪਾਣੀ ਦੀ ਇਕ ਬੂੰਦ ਵੀ ਦੂਜੇ ਸੂਬਿਆਂ ਨੂੰ ਦਿਆਂਗੇ...ਨਹੀਂ ਦਿਆਂਗੇ...ਦਿਆਂਗੇ...।

ਸੱਜਣ ਸਿੰਘ- ਪਰ ਬਾਦਲ ਸਾਹਿਬ ਇਕ ਬੂੰਦ ਛੱਡੋ, ਏਨੇ ਸਾਲਾਂ ਤੋਂ ਪਾਣੀ ਧੜਾ-ਧੜ ਰਾਜਸਥਾਨ ਜਾ ਰਿਹੈ...ਆ ਕੀ ਤੁਸੀਂ ਰੌਲਾ ਪਾਇਐ...ਅਖੇ ਇਕ ਬੂੰਦ ਵੀ ਨਹੀਂ ਦਿਆਂਗੇ।

ਬਾਦਲ ਸਾਹਿਬ- ਸੱਜਣ ਸਿਆਂ ਆਹ ਭਲਾ ਤੇਰੀ ਉਮਰ ਐ ਐਵੇਂ ਇਧਰ-ਉਧਰ ਦੀਆਂ ਗੱਲਾਂ ਮਾਰਨ ਦੀ...ਜਾ ਘਰੇ ਬਹਿ ਕੇ ਪਾਠ ਪੂਜਾ ਕਰ!!

ਸੱਜਣ ਸਿੰਘ- ਲੈ ਦੱਸ! ਭਲਾ ਸਾਲ ਕੁ ਈ ਵੱਡਾ ਮੈਂ ਤੈਥੋਂ... ਅਖੇ ਮੇਰੀ ਉਮਰ ਨਹੀਂ...ਭਾਈ ਤੂੰ ਕਿਉਂ ਨਹੀਂ ਘਰੇ ਬਹਿੰਦਾ...।



ਬਾਦਲ ਸਾਹਿਬ- ਲੈ ਸੱਜਣਾ ਆਹੀ ਤਾਂ ਤੇਰੇ ਤੇ ਮੇਰੇ 'ਚ ਫ਼ਰਕ ਆ... ਭਲੀਆ ਲੋਕਾ...ਮੈਂ ਹਾਲੇ ਤਕ ਸੁੱਖੇ ਨੂੰ ਆਪਣੀ ਕੁਰਸੀ ਨੀਂ ਦਿੱਤੀ ਤੇ ਤੂੰ ਕਦੋਂ ਦਾ ਸਾਰਾ ਕੁਝ ਪੁੱਤ ਨੂੰ ਦੇਈ ਬੈਠੈਂ...ਤਾਹੀਓਂ ਤਾਂ ਤੇਰਾ ਮੰਜਾ ਬਾਹਰ ਕਿੱਕਰ ਥੱਲੇ ਆ...।

ਸੱਜਣ ਸਿੰਘ- ਮੇਰੀ ਛੱਡ ਯਾਰ...ਐਂ ਦੱਸ...ਆਹ ਪਾਣੀਆਂ ਲਈ ਮੋਰਚਾ ਤਾਂ ਅਸੀਂ ਵੀ ਲਾਇਆ ਸੀ ਤੇਰੇ ਨਾਲ...ਉਦੋਂ ਵੀ ਭਾਈ ਤੂੰ ਆਹੀ ਕੁਸ਼ ਕਹਿੰਦਾ ਸੀ...ਪਰ ਕਰੀ ਕੁਝ ਹੋਰ ਗਿਆ...। ਜੇ ਆਹੀ ਕੁਸ਼ ਕਰਨਾ ਸੀ ਤਾਂ ਸਾਡੇ ਕਾਹਨੂੰ ਛਿੱਤਰ ਮਰਵਾਏ...?

ਬਾਦਲ ਸਾਹਿਬ- ਸੱਜਣਾ ਅਸੀਂ ਤਾਂ ਮਜ਼ਾਕ ਕੀਤਾ ਸੀ... ਤੂੰ ਸੱਚ ਮੰਨ ਲਿਆ...। ਚੱਲ ਛੱਡ ਇਨ੍ਹਾਂ ਗੱਲਾਂ ਨੂੰ...ਜੇ ਤੂੰ ਮੇਰੇ ਵਾਂਗ ਸੋਚਦਾ ਤਾਂ ਅੱਜ ਆ ਕਿੱਕਰ ਥੱਲੇ ਹੀ ਨਾ ਬੈਠਾ ਹੁੰਦਾ...ਕੋਈ ਵੱਡਾ ਮੋਰਚਾ ਮਾਰਦਾ। ਦੇਖ, ਸੱਜਣਾ ਇਹ ਸਿਆਸਤ ਐ ਸਿਆਸਤ...ਇੱਥੇ ਕੁਰਸੀ ਬਚਾਉਣ ਲਈ ਬਹੁਤ ਕੁਝ ਬੋਲਣਾ ਪੈਂਦੈ ਤੇ ਬਹੁਤ ਥਾਈਂ ਮੂੰਹ ਬੰਦ ਰੱਖਣਾ ਪੈਂਦੈ...। ਆਹ ਛੱਡ ਹੁਣ ਰੌਣੇ-ਧੌਣੇ...ਫੇਰ ਤੇਰੀ ਲੋੜ ਐ... ਆਪਾਂ ਸੰਘਰਸ਼ ਕਰਨੈ ਸੰਘਰਸ਼... ਆਪਦੇ ਮੁੰਡੇ ਤੇ ਪੋਤਿਆਂ ਨੂੰ ਵੀ ਨਾਲ ਲੈ ਆਈਂ...।

ਸੱਜਣ ਸਿੰਘ- ਅੱਛਾ, ਫੇਰ ਤਾਂ ਥੋਡਾ ਪੁੱਤ ਤੇ ਪੋਤਾ ਤੇ ਉਹ ਮਜੀਠੀਆ ਵੀ ਨਿਕਲਣਗੇ ਮੋਰਚੇ 'ਤੇ

ਬਾਦਲ ਸਾਹਿਬ- ਰਿਹਾ ਨਾ ਤੂੰ ਉਹੀ ਦਾ ਉਹੀ...ਭਲਿਆ ਲੋਕਾ...ਸੁੱਖੇ ਕੋਲ ਏਨੀ ਵਿਹਲ ਕਿੱਥੇ...ਉਹਨੇ ਹੁਣ ਆਪਣੇ ਨਿਆਣਿਆਂ ਨੂੰ ਪੜ੍ਹਾਉਣ ਕੈਲੀਫੋਰਨੀਆ ਜਾਣੈ...। ਜਿਥੋਂ ਆਪ ਪੜ੍ਹਿਆ ਸੀ...ਉਥੋਂ ਹੁਣ ਨਿਆਣਿਆਂ ਨੂੰ ਵੀ ਪੜ੍ਹਾਉ...।

ਸੱਜਣ ਸਿੰਘ- ਤੇ ਸੁੱਖੇ ਦਾ ਸਾਲਾ ਮਜੀਠੀਆ ਤਾਂ ਤਿਆਰ ਐ ਨਾ?

ਬਾਦਲ ਸਾਹਿਬ- ਫੇਰ ਨਿਆਣਿਆਂ ਆਲੀ ਗੱਲ ਕਰੀ ਜਾਣੈ...ਆ ਦਸ ਸਾਲਾਂ 'ਚ ਜਿੰਨਾ ਕਾਰੋਬਾਰ ਕੀਤੈ...ਇਹਨੂੰ ਵੀ ਤਾਂ ਸਮੇਟਨੈ...ਉਤਲੀ-ਹੇਠਲੀ ਹੋਣ ਦਾ ਕੋਈ ਪਤਾ ਲਗਦੈ...ਅੱਜ ਸਰਕਾਰ ਸਾਡੀ...ਕੱਲ੍ਹ ਨੂੰ ਰਹੇ ਨਾ ਰਹੇ...।

## ਇਹ ਭਲਾ ਕੋਈ ਮਾੜੇ-ਮੋਟੇ ਬੰਦੇ ਦੀ ਧੀ ਦਾ ਵਿਆਹ ਐ?!!

ਵੱਡੇ ਨੋਟਾਂ ਦੇ ਅਚਾਨਕ ਬੰਦ ਹੋਣ ਕਾਰਨ ਸਾਰੇ ਪਾਸੇ ਹਾਹਾਕਾਰ ਮੱਚੀ ਹੈ...ਲੋਕ ਦਸ-ਵੀਹ ਰੁਪਏ ਲਈ ਵੀ ਤਰਸ ਗਏ ਹਨ ਤੇ ਬੰਗਲੁਰੂ ਵਿਚ ਭਾਜਪਾ ਨੇਤਾ ਜੀ. ਜਨਾਰਦਨ ਰੈਡੀ ਦੀ ਧੀ ਦਾ ਵਿਆਹ ਹੋ ਰਿਹਾ ਹੈ...ਇਹ ਕੋਈ ਸਾਧਾਰਨ ਵਿਆਹ ਨਹੀਂ...ਕਰੋੜਾਂ ਰੁਪਇਆ ਖ਼ਰਚ ਹੋ ਰਿਹੈ...। ਨੋਟਾਂ ਦੀ ਮੰਦੀ ਨੇ ਆਮ ਲੋਕਾਂ ਦੇ ਵਿਆਹ ਤਕ ਮੰਦੇ ਕਰ ਦਿੱਤੇ ਪਰ ਰੈਡੀ ਦੀ ਧੀ ਦਾ ਵਿਆਹ ਸ਼ਾਹੀ ਸ਼ਾਨੋ-ਸ਼ੌਕਤ ਨਾਲ ਹੋ ਰਿਹੈ...ਹੋਵੇ ਕਿਉਂ ਨਾ...ਇਹ ਕੋਈ ਸਾਧਾਰਨ ਆਦਮੀ ਦੀ ਧੀ ਥੋੜ੍ਹੇ ਹੈ... ਇਹ ਮੋਦੀ ਦੇ ਅਮੀਰ ਭਗਤਾਂ ਵਿਚੋਂ ਇਕ ਰੈਡੀ ਦੀ ਧੀ ਹੈ...। ਯਾਦ ਨਹੀਂ ਕੌਣ ਹੈ ਇਹ ਰੈਡੀ...ਜੀ! ਇਹ ਉਹੀ ਰੈਡੀ ਹੈ ਜੋ ਮਾਇਨਿੰਗ ਕਿੰਗ ਵਜੋਂ ਜਾਣਿਆ ਜਾਂਦਾ ਹੈ। 2011 ਵਿਚ ਭਾਰਤੀ ਜਨਤਾ ਪਾਰਟੀ ਦੀ ਬੀ.ਐਸ. ਯੇਦੀਯੁਰੱਪਾ ਸਰਕਾਰ ਵਿਚ ਮੰਤਰੀ ਸੀ। ਗੈਰ ਕਾਨੂੰਨੀ ਮਾਇਨਿੰਗ ਕਾਰਨ ਤਿੰਨ ਸਾਲ ਜੇਲ੍ਹ ਰਿਹਾ ਤੇ ਪਿਛਲੇ ਸਾਲ ਜ਼ਮਾਨਤ 'ਤੇ ਰਿਹਾਅ ਹੋਇਆ। ਖ਼ੈਰ! ਇਹ ਲੋਕ 'ਇੱਜ਼ਤਦਾਰ' ਹਨ...ਇਨ੍ਹਾਂ 'ਤੇ ਇਨ੍ਹਾਂ ਕੇਸਾਂ ਦਾ ਕੋਈ ਅਸਰ ਨਹੀਂ ਹੁੰਦਾ...। ਇਸ ਦਾ ਜਵਾਬ ਤਾਂ ਮੋਦੀ ਜੀ ਹੀ ਦੇ ਸਕਦੇ ਹਨ ਕਿ ਬਈ ਰੈਡੀ ਵਰਗਿਆਂ ਕੋਲ ਏਨਾ ਪੈਸਾ ਕਿਥੋਂ ਆਇਆ...ਘੁਟਾਲੇ ਸਾਹਮਣੇ ਆਉਣ ਮਗਰੋਂ ਵੀ ਉਹ ਸ਼ਾਹੀ ਠਾਠ ਨਾਲ ਰਹਿ ਰਹੇ ਹਨ...ਫੇਰ ਭ੍ਰਿਸ਼ਟਾਚਾਰ ਤੇ ਕਾਲੇ ਧਨ ਦੇ ਨਾਂ 'ਤੇ ਏਨਾ ਡਰਾਮਾ ਕਿਉ? ਉਂਜ ਭਾਜਪਾ ਹਾਈ ਕਮਾਂਡ ਨੇ ਆਪਣੇ ਨੇਤਾਵਾਂ ਨੂੰ ਇਸ ਵਿਆਹ ਤੋਂ ਜ਼ਰਾ ਦੂਰ ਰਹਿਣ ਦੀ ਸਲਾਹ ਦਿੱਤੀ ਸੀ-ਅਖੇ ਲੋਕ ਕੀ ਕਹਿਣਗੇ...ਪਰ 'ਭਰਾ ਭਰਾ' ਜਦ ਰਲ਼ ਕੇ ਚੋਰੀਆਂ ਕਰਨਗੇ ਤਾਂ ਫੇਰ ਖ਼ੁਸ਼ੀਆਂ ਵੀ ਤਾਂ ਸਾਂਝੀਆਂ ਹੋਈਆਂ...।

ਤੁਸੀਂ ਫ਼ਿਕਰ ਨਾ ਕਰੋ ਮੋਦੀ ਜੀ...ਲੋਕਾਂ ਦਾ ਰੈਡੀ ਦੀ ਧੀ ਦੇ ਵਿਆਹ 'ਤੇ ਖ਼ਰਚੇ ਜਾ ਰਹੇ ਕਰੋੜਾਂ ਰੁਪਏ ਵੱਲ ਉੱਕਾ ਹੀ ਧਿਆਨ ਨਹੀਂ...ਉਹ ਤਾਂ ਵਿਚਾਰੇ ਕੰਮ ਧੰਦੇ ਛੱਡ ਕੇ ਬੈਂਕਾਂ ਦੇ ਬਾਹਰ ਕਤਾਰਾਂ ਵਿਚ ਧੱਕੇ ਖਾ ਰਹੇ ਹਨ। 'ਬੋਲੋ- ਮੋਦੀ ਸਰਕਾਰ ਕੀ ਜੈ'

## ਤੁਸੀਂ ਵੀ ਬੱਸ...!!!

"ਚੁੱਕ ਲਓ ਤੇਸੇ...ਪੂਰ ਦਿਓ ਨਹਿਰ...ਕਿਸਾਨਾਂ ਨੂੰ ਮੋੜ ਦਿਓ ਉਨ੍ਹਾਂ ਦੀ ਜ਼ਮੀਨ...ਇੰਤਕਾਲ ਚੜ੍ਹਾ ਦਿਓ... ।" ਇਹ ਬਾਦਲ ਸਰਕਾਰ ਦਾ ਫਰਮਾਨ ਹੈ-ਅਖੇ, ਅਸੀਂ ਪਾਣੀ ਦੂਜੇ ਸੂਬਿਆਂ ਨੂੰ ਨਹੀਂ ਦੇਣਾ...। ਛੋਟੇ ਬਾਦਲ ਤਾਂ ਕਹਿ ਰਹੇ ਨੇ ਕਿ ਅਸੀਂ ਨਹਿਰ ਹੀ ਨਹੀਂ ਬਣਨ ਦੇਣੀ ਤਾਂ ਉਹਦੇ 'ਚ ਪਾਣੀ ਕਿਥੋਂ ਆਉ...ਇਹ ਭਲਾ ਕੋਈ ਮਜ਼ਾਕ ਐ...ਅਸੀਂ ਜਿਹੜੀ ਕਿਸਾਨਾਂ ਦੀ ਜ਼ਮੀਨ ਐਕਵਾਇਰ ਕੀਤੀ ਸੀ...ਤੁਰੰਤ ਹੁਕਮਾਂ ਨਾਲ ਉਨ੍ਹਾਂ ਨੂੰ ਵਾਪਸ ਕੀਤੀ ਜਾਂਦੀ ਐ...। ਇਹ ਕੋਈ ਅਦਾਲਤ ਦੀ ਤੌਹੀਨ ਨਹੀਂ... ਇਹ ਤਾਂ 'ਵੋਟਾਂ' ਦਾ ਸਨਮਾਨ ਐ...ਨੇਤਾ ਲਈ ਤਾਂ ਵੋਟਰ ਹੀ ਅਹਿਮ ਨੇ...।

ਭਲਾ ਆ ਨਵੇਂ ਉਸਾਰੇ ਜਾ ਰਹੇ ਚੰਡੀਗੜ੍ਹ ਦੇ ਨਾਂ 'ਤੇ ਜਿਹੜੇ ਗ਼ਰੀਬਾਂ ਦੀਆਂ ਜ਼ਮੀਨਾਂ-ਘਰ-ਬਾਰ ਜਬਰੀ ਐਕਵਾਇਰ ਕਰਕੇ ਬਾਦਲਾਂ ਦੇ ਹੋਟਲ 'ਦੀ ਓਬਰਾਏ- ਸੁਖਵੀਲਾਜ਼ ਰਿਜ਼ੋਰਟ ਐਂਡ ਸਪਾ' ਲਈ ਰਾਹ ਪੱਧਰਾ ਕੀਤਾ ਗਿਆ, ਉਹਦਾ ਕੀ ਬਣੂ?

'ਖ਼ੁਦਾ ਨਾ ਖਾਸਤਾ' ਜੇ ਕਿਸੇ ਮਾੜ੍ਹੜ ਦੀ ਸੁਪਰੀਮ ਕੋਰਟ ਨੇ ਸੁਣ ਲਈ ਤੇ ਜ਼ਮੀਨ ਮੋੜਨ ਦਾ ਫ਼ੈਸਲਾ ਸੁਣਾ ਦਿੱਤਾ ਤਾਂ ਬਾਦਲ ਏਨੇ ਹੀ ਜੋਸ਼ ਨਾਲ ਆਪਣੇ ਹੋਟਲ ਵੱਲ ਜਾਂਦਾ ਸਾਰਾ ਰਾਹ ਪੂਰ ਕੇ ਮੁਫ਼ਤੋ-ਮੁਫ਼ਤੀ ਜ਼ਮੀਨਾਂ ਲੋਕਾਂ ਨੂੰ ਮੋੜਨਗੇ?

ਰਹਿਣ ਦਿਓ...ਤੁਸੀਂ ਤਾਂ ਐਵੇਂ ਬਾਦਲ...ਮੁਆਫ਼ ਕਰਨਾ ਵਾਲ ਦੀ ਖ਼ਲ ਉਧੇੜਨ ਲੱਗੇ ਹੋਏ ਓਂ...।

## ਸਰਬੱਤ ਖ਼ਾਲਸਾ ਸਬੰਧੀ ਫੜੇ 46 ਸਿੱਖਾਂ ਵਿਰੁੱਧ ਪੰਜਾਬ ਨੂੰ ਨੋਟਿਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਰਬੱਤ ਖ਼ਾਲਸਾ ਦੇ ਸਬੰਧ ਵਿਚ ਫੜੇ ਗਏ 46 ਵਿਅਕਤੀਆਂ ਦੇ ਮਾਮਲੇ ਦੀ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਜਾਂਚ ਕਰਨ ਦੇ ਹੁਕਮ ਦਿੱਤੇ ਗਏ ਹਨ। ਜਸਟਿਸ ਜੀਤੇਂਦਰ ਚੌਹਾਨ ਨੇ ਜਾਂਚ ਲਈ 24 ਘੰਟਿਆਂ ਦਾ ਸਮਾਂ ਦਿੰਦਿਆਂ ਅਦਾਲਤ ਵਿਚ ਹਲਫ਼ੀਆ ਬਿਆਨ ਦੇਣ ਲਈ ਆਖਿਆ ਹੈ। ਵਕੀਲ ਸਿਮਰਨਜੀਤ ਸਿੰਘ ਵੱਲੋਂ ਦਾਖ਼ਲ ਹੇਬੀਅਸ ਕਾਰਪਸ (ਜਿਸਮਾਨੀ ਤੌਰ 'ਤੇ ਹਾਜ਼ਰੀ ਯਕੀਨੀ ਬਣਾਉਣਾ) 'ਤੇ ਪੰਜਾਬ ਨੂੰ ਇਹ ਹੁਕਮ ਦਿੱਤੇ ਗਏ ਹਨ। ਉਸ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪਟੀਸ਼ਨਰ ਨੂੰ ਸਰਬੱਤ ਖ਼ਾਲਸਾ ਸਮਾਗਮ ਦੇ ਪ੍ਰਬੰਧਕ ਬਲਜੀਤ ਸਿੰਘ ਦਾਦੂਵਾਲ ਵੱਲੋਂ ਜਾਣਕਾਰੀ ਮਿਲੀ ਸੀ ਕਿ ਕੁਝ ਵਿਅਕਤੀਆਂ ਨੂੰ ਗ਼ੈਰ ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਹੈ। ਕੇਸ ਦੀ ਸੁਣਵਾਈ ਦੌਰਾਨ ਵਧੀਕ ਐਡਵੋਕੇਟ ਜਨਰਲ ਮੇਹਰਦੀਪ ਸਿੰਘ ਨੇ ਜਸਟਿਸ ਚੌਹਾਨ ਵੱਲੋਂ ਜਾਰੀ ਨੋਟਿਸ ਨੂੰ ਸਵੀਕਾਰ ਕੀਤਾ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਪੰਜਾਬ ਪੁਲੀਸ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਘਰਾਂ ਉਪਰ ਛਾਪੇ ਮਾਰ ਕੇ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਹੈ।

## ਸਰਬੱਤ ਖ਼ਾਲਸਾ ਸਬੰਧੀ ਗ਼ੈਰਕਾਨੂੰਨੀ ਹਿਰਾਸਤਾਂ ਬਾਰੇ ਸੁਣਵਾਈ 18 ਨੂੰ



**ਚੰਡੀਗੜ੍ਹ/ਬਿਊਰੋ ਨਿਊਜ਼ :**
'ਸਰਬੱਤ ਖ਼ਾਲਸਾ' ਸਬੰਧੀ ਕਥਿਤ ਤੌਰ 'ਤੇ ਗ਼ੈਰਕਾਨੂੰਨੀ ਢੰਗ ਨਾਲ ਘੱਟੋ ਘੱਟ 46 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਏ ਜਾਣ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਸਬੰਧੀ ਜਾਂਚ ਰਿਪੋਰਟ ਦੇਣ ਲਈ ਪੰਜਾਬ ਸਰਕਾਰ ਨੂੰ ਹਫ਼ਤੇ ਦਾ ਸਮਾਂ ਦਿੱਤਾ ਹੈ।

ਹਿਰਾਸਤ ਵਿੱਚ ਲਏ ਵਿਅਕਤੀਆਂ ਨੂੰ ਛੱਡਣ ਦੀ ਮੰਗ ਕਰਦਿਆਂ ਸਿਮਰਨਜੀਤ ਸਿੰਘ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਪੰਜਾਬ ਦੇ ਵਧੀਕ ਐਡਵੋਕੇਟ ਜਨਰਲ ਮਿਹਰਦੀਪ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਮਾਮਲੇ ਸਬੰਧੀ ਜਾਣਕਾਰੀ ਇਕੱਤਰ ਕਰਨ ਦੀ ਪ੍ਰਕਿਰਿਆ ਹਾਲੇ ਜਾਰੀ ਹੈ। ਇਸ 'ਤੇ ਜਸਟਿਸ ਜਤਿੰਦਰ ਚੌਹਾਨ ਨੇ ਮਾਮਲੇ ਦੀ ਸੁਣਵਾਈ 18 ਨਵੰਬਰ 'ਤੇ ਪਾ ਦਿੱਤੀ।

ਇਸ ਤੋਂ ਪਹਿਲਾਂ ਬੈਂਚ ਨੇ 24 ਘੰਟਿਆਂ ਦੀ ਮੋਹਲਤ ਦਿੰਦਿਆਂ ਪੰਜਾਬ ਸਰਕਾਰ ਨੂੰ ਵੀਰਵਾਰ ਨੂੰ ਮਾਮਲੇ ਸਬੰਧੀ ਜਵਾਬ ਦੇਣ ਲਈ ਕਿਹਾ ਸੀ। ਪਟੀਸ਼ਨਰ ਦੇ ਵਕੀਲ ਨੇ ਦੱਸਿਆ ਕਿ ਪਟੀਸ਼ਨਰ ਨੂੰ 'ਸਰਬੱਤ ਖ਼ਾਲਸਾ' ਦੇ ਪ੍ਰਬੰਧਕ ਤੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਇਸ ਮਾਮਲੇ ਬਾਰੇ ਜਾਣਕਾਰੀ ਦਿੱਤੀ ਸੀ। ਪਟੀਸ਼ਨ ਵਿੱਚ ਸਿਮਰਨਜੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਪੰਜਾਬ ਪੁਲੀਸ ਨੇ ਕਥਿਤ ਤੌਰ 'ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼ਹਿ 'ਤੇ 'ਸਰਬੱਤ ਖ਼ਾਲਸਾ' ਦੇ ਪ੍ਰਬੰਧਕਾਂ ਤੇ ਸਮਰਥਕਾਂ ਦੇ ਘਰਾਂ ਉਤੇ ਛਾਪੇ ਮਾਰੇ ਸਨ।

# ਤਲਵੰਡੀ ਸਾਬੋ ਵਿਖੇ ਮੁੜ ਸੱਦਿਆ ਜਾਵੇਗਾ ਸਰਬੱਤ ਖਾਲਸਾ

**ਅਗਲੇ ਹਫ਼ਤੇ ਤਕ ਹੋਵੇਗਾ ਤਰੀਕ ਦਾ ਐਲਾਨ**

**ਮੋਗਾ/ਬਿਊਰੋ ਨਿਊਜ਼ :**
ਮੋਗਾ-ਫ਼ਿਰੋਜ਼ਪੁਰ ਕੌਮੀਸ਼ਾਹ ਉਤੇ ਸਥਿਤ ਗੁਰਦੁਆਰਾ ਜੋਤੀ ਸਰੂਪ ਪਿੰਡ ਜੋਗੇਵਾਲਾ ਵਿਖੇ ਮੁਤਵਾਜ਼ੀ ਜਥੇਦਾਰਾਂ ਤੇ ਸੰਤ ਸਮਾਜ ਦੀ ਮੀਟਿੰਗ ਹੋਈ, ਜਿਸ ਵਿਚ ਤਲਵੰਡੀ ਸਾਬੋ ਵਿਖੇ ਮੁੜ ਸਰਬੱਤ ਖਾਲਸਾ ਸੱਦਣ ਦਾ ਫ਼ੈਸਲਾ ਲੈਂਦਿਆਂ ਅਗਲੇ ਹਫ਼ਤੇ ਤੀਕ ਮਿਤੀ ਦਾ ਐਲਾਨ ਕਰਨ ਦੀ ਗੱਲ ਆਖੀ। ਸਰਬੱਤ ਖਾਲਸਾ 'ਤੇ ਪਾਬੰਦੀ ਦੀ ਨਿਖ਼ੇਧੀ ਕਰਦਿਆਂ ਇਸ ਨੂੰ ਬਾਦਲਾਂ ਦਾ ਸਿੱਖ ਵਿਰੋਧੀ ਚਿਹਰਾ ਤੇ ਬੁਖ਼ਲਾਹਟ ਦਾ ਨਤੀਜਾ ਦੱਸਿਆ ਗਿਆ।



ਮੀਟਿੰਗ ਵਿੱਚ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਬੀਤੇ ਵਰ੍ਹੇ ਚੱਬਾ ਵਿਖੇ ਹੋਏ ਸਰਬੱਤ ਖਾਲਸਾ ਤੋਂ ਬੁਖਲਾਈ ਬਾਦਲ ਸਰਕਾਰ ਨੇ 10 ਨਵੰਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹੋਣ ਵਾਲੇ ਸਰਬੱਤ ਖਾਲਸਾ 'ਤੇ ਪਾਬੰਦੀ ਲਗਾ ਕੇ ਸਿੱਖ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਤਲਵੰਡੀ ਸਾਬੋ ਵਿੱਚ ਮੁੜ ਉਸੇ ਸਥਾਨ 'ਤੇ ਸਰਬੱਤ ਖਾਲਸਾ ਸੱਦਣ ਦਾ ਅਹਿਮ ਫ਼ੈਸਲਾ ਲੈਂਦਿਆਂ ਸੰਗਤ ਨੂੰ ਦੱਸਿਆ ਕਿ ਸਿੱਖ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਇਸ ਹਫ਼ਤੇ ਤਾਰੀਖ਼ ਐਲਾਨ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਸ ਵਾਰ ਵੀ ਦਖਲਅੰਦਾਜ਼ੀ ਕੀਤੀ ਤਾਂ ਇਸ ਦੇ ਨਿਕਲਣ ਵਾਲੇ ਭਿਆਨਕ ਸਿੱਟਿਆਂ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

ਮੁਤਵਾਜ਼ੀ ਜਥੇਦਾਰਾਂ ਨੇ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ ਹੋਣ ਵਾਲਾ ਸਰਬੱਤ ਖਾਲਸਾ ਕਿਸੇ ਵੀ ਦੇਸ਼, ਧਰਮ ਜਾਂ ਕਾਨੂੰਨ ਵਿਵਸਥਾ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਸੀ ਪਰ ਬਾਦਲ ਸਰਕਾਰ ਨੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤਾ ਅਤੇ ਸਰਬੱਤ ਖਾਲਸਾ 'ਤੇ ਪਾਬੰਦੀ ਲਾਈ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿੱਖ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਲੋਕਾਂ ਨੂੰ ਇਨਸਾਫ਼ ਦੇਣ ਦੇ ਵੱਡੇ ਵੱਡੇ ਦਮਗਜ਼ੇ ਮਾਰਦੀ ਹੈ ਪਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਅੱਜ ਤਕ ਇਨਸਾਫ਼ ਨਹੀਂ ਮਿਲਿਆ। ਅੱਜ ਐਸਵਾਈਐਲ 'ਤੇ ਸਿਆਸਤ ਕਰਨ ਵਾਲੇ ਅਕਾਲੀਆਂ ਤੇ ਕਾਂਗਰਸੀਆਂ ਵੱਲੋਂ ਪੰਜਾਬ ਦੇ ਪਾਣੀਆਂ ਨੂੰ ਹਰਿਆਣਾ ਨੂੰ ਦੇਣ ਲਈ ਹਾਮੀ ਭਰੀ ਗਈ ਸੀ। ਉਨ੍ਹਾਂ ਕਿਹਾ ਕਿ ਦਰਿਆਈ ਪਾਣੀ 'ਤੇ ਰਿਪੇਰੀਅਨ ਸਿਧਾਂਤ ਮੁਤਾਬਕ ਪੰਜਾਬ ਦਾ ਹੱਕ ਹੈ ਜੋ ਕਿਸੇ ਵੀ ਕੀਮਤ 'ਤੇ ਹਰਿਆਣਾ ਜਾਂ ਰਾਜਸਥਾਨ ਨੂੰ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਨੇ ਵਿਸ਼ਵ ਦੀ ਸਮੁੱਚੀ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਗੁਰਦੀਪ ਸਿੰਘ ਬਠਿੰਡਾ, ਭਾਈ ਮੋਹਕਮ ਸਿੰਘ, ਜਥੇਦਾਰ ਬੂਟਾ ਸਿੰਘ ਰਣਸੀਂਹ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪਰਮਜੀਤ ਸਿੰਘ ਸਹੋਲੀ, ਸਤਨਾਮ ਸਿੰਘ ਮਨਾਵਾਂ, ਹਰਜਿੰਦਰ ਸਿੰਘ ਰੋਡੇ, ਬਲਜਿੰਦਰ ਸਿੰਘ ਖੁਖਰਾਣਾ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।

# ਗਰਮ ਖਿਆਲੀ ਜਥੇਬੰਦੀਆਂ ਨੇ ਨਨਕਾਣਾ ਸਾਹਿਬ 'ਚ ਸਰਬੱਤ ਖਾਲਸਾ ਸੱਦਣ ਦਾ ਦਿੱਤਾ ਸੱਦਾ

**ਲਾਹੌਰ/ਬਿਊਰੋ ਨਿਊਜ਼:** ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਸਥਾਨ ਨਨਕਾਣਾ ਸਾਹਿਬ ਵਿੱਚ ਹੋਏ ਸਮਾਗਮ ਦੌਰਾਨ ਗਰਮਖਿਆਲੀ ਜਥੇਬੰਦੀਆਂ ਦੇ ਆਗੂਆਂ ਨੇ ਸਿੱਖ ਕੌਮ ਨੂੰ ਸ੍ਰੀ ਨਨਕਾਣਾ ਸਾਹਿਬ ਵਿੱਚ ਸਰਬੱਤ ਖਾਲਸਾ ਸੱਦਣ ਦਾ ਸੱਦਾ ਦਿੱਤਾ।

ਇਸ ਸਮਾਗਮ ਵਿੱਚ ਦਲ ਖਾਲਸਾ, ਅਖੰਡ ਕੀਰਤਨੀ ਜਥਾ, ਆਈਐੱਸਵਾਈਐਫ, ਸਿੱਖ ਫੈਡਰੇਸ਼ਨ ਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ। ਆਪਣੇ ਸੰਬੋਧਨ ਦੌਰਾਨ ਗਰਮ ਖਿਆਲੀ ਆਗੂਆਂ ਨੇ ਦਸ ਨਵੰਬਰ ਨੂੰ ਹੋਣ ਵਾਲੇ ਸਰਬੱਤ ਖਾਲਸਾ ਨੂੰ ਪੰਜਾਬ ਸਰਕਾਰ ਵੱਲੋਂ ਰੋਕੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ। ਉਨ੍ਹਾਂ ਆਖਿਆ ਕਿ ਭਵਿੱਖ ਵਿੱਚ ਸਰਬੱਤ ਖਾਲਸਾ ਸ੍ਰੀ ਨਨਕਾਣਾ ਸਾਹਿਬ ਸੱਦਿਆ ਜਾਵੇ। ਇਹ ਸੁਰੱਖਿਅਤ ਸਥਾਨ ਹੈ ਅਤੇ ਸਾਰੀ ਦੁਨੀਆ ਦੇ ਸਿੱਖ ਨੁਮਾਇੰਦੇ ਵੀ ਇੱਥੇ ਇਕੱਠੇ ਹੋ ਸਕਦੇ ਹਨ। ਇੱਥੇ ਕੌਮੀ ਹਿੱਤ ਲਈ ਸਹੀ ਫੈਸਲੇ ਹੋਣਗੇ। ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਦਰਿਆਈ ਪਾਣੀ ਨੂੰ ਹਰਿਆਣਾ ਨੂੰ ਦੇਣ ਸਬੰਧੀ ਕੀਤੇ ਫੈਸਲੇ ਬਾਰੇ ਸਿੱਖ ਆਗੂਆਂ ਨੇ ਆਖਿਆ ਕਿ ਪੰਜਾਬ ਦੀਆਂ ਸਮੂਹ ਸਿਆਸੀ ਧਿਰਾਂ ਇਸ ਦਾ ਵਿਰੋਧ



ਗੁਰਪੁਰਬ ਸਮਾਗਮ ਮੌਕੇ ਸੰਬੋਧਨ ਕਰਦੇ ਹੋਏ ਗਰਮਖਿਆਲੀ ਜਥੇਬੰਦੀਆਂ ਦੇ ਆਗੂ।

ਕਰ ਰਹੀਆਂ ਹਨ ਪਰ ਇਸ ਦਾ ਹੱਲ ਇਕੋ ਹੀ ਹੈ ਕਿ ਸੂਬੇ ਦੀ ਵਿਧਾਨ ਸਭਾ ਵਿੱਚ ਪੰਜਾਬ ਦੀ ਆਜ਼ਾਦੀ ਦਾ ਮਤਾ ਪਾਸ ਕਰਕੇ ਦੇਸ਼ ਨਾਲ ਹੋਏ ਸਾਰੇ ਸਮਝੌਤੇ ਰੱਦ ਕਰ ਦਿੱਤੇ ਜਾਣ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਪੰਜਾਬ ਆਜ਼ਾਦ ਮੁਲਕ ਹੈ, ਇਸ ਦੇ ਦਰਿਆਵਾਂ ਦੇ ਪਾਣੀਆਂ ਉੱਤੇ ਸਿਰਫ ਪੰਜਾਬ ਦਾ ਹੱਕ ਹੈ।

# ਆਜ਼ਾਦੀ ਪਸੰਦ ਕਸ਼ਮੀਰੀ ਆਗੂਆਂ ਵਲੋਂ ਗੁਰਪੁਰਬ ਕਰਕੇ 'ਚਲੋ ਲਾਲ ਚੌਂਕ ਮਾਰਚ' ਰੱਦ ਕੀਤਾ ਗਿਆ

**ਸ੍ਰੀਨਗਰ/ਸਿੱਖ ਸਿਆਸਤ ਬਿਊਰੋ :** ਕਸ਼ਮੀਰ ਦੇ ਆਜ਼ਾਦੀ ਪਸੰਦ ਆਗੂਆਂ ਸਈਅਦ ਅਲੀ ਸ਼ਾਹ ਗਿਲਾਨੀ, ਮੀਰ ਵਾਇਜ਼ ਉਮਰ ਫਾਰੂਕ ਅਤੇ ਯਾਸੀਨ ਮਲਿਕ ਨੇ ਇਕ ਸਾਂਝਾ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਜੰਮੂ ਕਸ਼ਮੀਰ ਦੇ ਸਿੱਖਾਂ ਦੀ ਬੇਨਤੀ 'ਤੇ 14 ਨਵੰਬਰ 2016 ਨੂੰ ਹੋਣ ਵਾਲਾ ਚਲੋ ਲਾਲ ਚੌਂਕ" ਮਾਰਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਕਰਕੇ ਟਾਲ ਰਹੇ ਹਨ ਕਸ਼ਮੀਰੀ ਆਗੂਆਂ ਨੇ ਕਿਹਾ ਕਿ ਉਹ ਧਾਰਮਿਕ ਆਜ਼ਾਦੀ ਦੇ ਸੁਨਹਿਰੀ ਸਿਧਾਂਤ ਦੀ ਕਦਰ ਕਰਦੇ ਹਨ ਜੋ ਕਿ ਸਾਡੇ ਇਤਿਹਾਸ ਦਾ ਖੂਬਸੂਰਤ ਪਹਿਲੂ ਹੈ। ਉਨ੍ਹਾਂ ਕਿਹਾ ਕਿ ਸਿਰਫ 14 ਨਵੰਬਰ 2016 ਦਾ ਮਾਰਚ ਰੱਦ ਕੀਤਾ ਗਿਆ ਹੈ ਬਾਕੀ ਦਾ ਪ੍ਰੋਗਰਾਮ ਦਿੱਤੇ ਪ੍ਰੋਗਰਾਮ ਮੁਤਾਬਕ ਹੀ ਹੋਵੇਗਾ। ਸਿੱਖ ਭਾਈਚਾਰੇ ਨੂੰ ਵਧਾਈ ਦਿੰਦੇ ਹੋਏ ਆਗੂਆਂ ਨੇ ਕਿਹਾ ਕਿ ਸਿੱਖ ਅਤੇ ਪੰਡਤ ਕਸ਼ਮੀਰੀ ਸਮਾਜ ਦਾ ਅਟੁੱਟ ਹਿੱਸਾ ਹਨ। ਕਸ਼ਮੀਰੀ ਖਾੜਕੂ ਆਗੂਆਂ ਨੇ ਲੋਕਾਂ ਨੂੰ ਇਨ੍ਹਾਂ ਪ੍ਰੋਗਰਾਮਾਂ 'ਚ ਹਿੱਸਾ ਲੈਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਤਾਕਤਾਂ ਨੂੰ ਭਾਂਜ ਦੇਣ ਲਈ ਕਿਹਾ ਜੋ ਆਪਣੇ ਨਿੱਜੀ ਹਿਤਾਂ ਲਈ ਨਫਰਤ ਫੈਲਾਉਂਦੇ ਹਨ।



ਹੁਰੀਅਤ ਆਗੂ ਸਈਅਦ ਅਲੀ ਸ਼ਾਹ ਗਿਲਾਨੀ, ਮੀਰਵਾਇਜ਼ ਉਮਰ ਫਾਰੂਕ ਅਤੇ ਯਾਸੀਨ ਮਲਿਕ (ਪੁਰਾਣੀ ਫੋਟੋ)

# ਟਰੰਪ ਦੀ ਜਿੱਤ ਦੇ ਮਾਇਨੇ



**ਟਰੰਪ ਦੀਆਂ ਗੱਲਾਂ ਨੇ ਅਮਰੀਕਾ ਨੂੰ ਬਦਲ ਦਿੱਤਾ ਹੈ ਪਰ ਅਮਰੀਕਾ ਤਾਂ ਟਰੰਪ ਤੋਂ ਪਹਿਲਾਂ ਬਦਲ ਚੁੱਕਾ ਸੀ। ਜੇਕਰ ਵ੍ਹਾਈਟ ਹਾਊਸ ਦੇ ਨਵੇਂ ਮਹਿਮਾਨ ਨੇ ਆਪਣੀਆਂ ਗੱਲਾਂ 'ਤੇ ਅਮਲ ਕੀਤਾ ਤਾਂ ਦੁਨੀਆ ਫਿਰ ਤੋਂ ਬਦਲੇਗੀ। ਬ੍ਰੈਗਜ਼ਿਟ ਮਗਰੋਂ ਟਰੰਪ ਦੀ ਐਂਟਰੀ ਧਮਾਕੇਦਾਰ ਹੈ। ਟਰੰਪ ਦਾ ਵੀ ਇਮਤਿਹਾਨ ਹੁਣ ਸ਼ੁਰੂ ਹੁੰਦਾ ਹੈ। ਕੀ ਉਹ ਯੁੱਧ ਦੇ ਮੈਦਾਨਾਂ ਵਿਚੋਂ ਅਮਰੀਕਾ ਨੂੰ ਖਿਚ ਕੇ ਦੁਕਾਨਾਂ ਵਿਚ ਬਿਠਾ ਦੇਣਗੇ? ਕੀ ਉਹ ਦੁਨੀਆ ਦੇ ਦੇਸ਼ਾਂ ਤੋਂ ਅਮਰੀਕੀ ਫ਼ੌਜੀਆਂ ਦਾ ਖ਼ਰਚਾ ਮੰਗਣਗੇ? ਬਰਾਕ ਓਬਾਮਾ ਸ਼ਾਂਤੀ ਦਾ ਨੋਬੇਲ ਪੁਰਸਕਾਰ ਲੈ ਕੇ ਵੀ ਯੁੱਧ ਦੀਆਂ ਯੋਜਨਾਵਾਂ ਬਣਾਉਂਦੇ ਰਹੇ। ਟਰੰਪ ਨੇ ਮੈਕਸੀਕੋ ਤੋਂ ਆਏ ਲੋਕਾਂ ਨੂੰ ਬਲਾਤਕਾਰੀ ਕਿਹਾ, ਅਪਰਾਧੀ ਕਿਹਾ। ਅਜਿਹੀ ਭਾਸ਼ਾ ਭਾਰਤ ਦੀਆਂ ਚੋਣਾਂ ਵਿਚ ਮਹਾਰਾਸ਼ਟਰ ਤੇ ਦਿੱਲੀ ਦੀਆਂ ਚੋਣਾਂ ਵਿਚ ਬੋਲੀ ਜਾ ਚੁੱਕੀ ਹੈ।**

**ਰਵੀਸ਼ ਕੁਮਾਰ**

ਅਮਰੀਕਾ ਵਿਚ ਮੀਡੀਆ ਹਾਰ ਗਿਆ ਹੈ। ਐਂਕਰਾਂ ਅਤੇ ਸੰਪਾਦਕਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਉਹ ਚੋਣ ਤਾਂ ਨਹੀਂ ਲੜ ਰਹੇ ਸਨ, ਪਰ ਹਿਲੇਰੀ ਕਲਿੰਟਨ ਲਈ ਦਿਨ-ਰਾਤ ਇਕ ਕੀਤਾ ਹੋਇਆ ਸੀ। ਜਨਤਾ ਨੇ ਟਰੰਪ ਨੂੰ ਜਿਤਾ ਦਿੱਤਾ, ਜਿਨ੍ਹਾਂ ਨੂੰ ਉਥੋਂ ਦੇ ਮੀਡੀਆ ਨੇ ਇਡੀਅਟ ਤਕ ਕਿਹਾ। ਓਪੀਨੀਅਨ ਪੋਲ ਦੀ ਹਾਰ ਤਾਂ ਅਜਿਹੀ ਹੋਈ ਹੈ ਕਿ ਦਿੱਲੀ ਤੇ ਬਿਹਾਰ ਚੋਣਾਂ ਦੀ ਵੀ ਯਾਦ ਨਹੀਂ ਆ ਰਹੀ। 'ਅਬ ਕੀ ਬਾਰ ਟਰੰਪ ਸਰਕਾਰ' ਉਥੇ ਹੋ ਗਿਆ ਹੈ। ਇਹ ਚੋਣ ਉਨ੍ਹਾਂ ਨੇਤਾਵਾਂ ਵਿਚ ਭਰੋਸਾ ਪੈਦਾ ਕਰ ਸਕਦੀ ਹੈ ਜੋ ਇਹ ਸਮਝਦੇ ਹਨ ਕਿ ਬਿਨਾਂ ਮੀਡੀਆ ਦੇ ਉਹ ਚੋਣ ਨਹੀਂ ਜਿੱਤ ਸਕਦੇ। ਜਦੋਂ ਵੀ ਮੀਡੀਆ ਸੱਤਾ ਨਾਲ ਜੁੜੇ ਕਿਸੇ ਨੇਤਾ ਦਾ ਪ੍ਰਚਾਰਕ ਬਣ ਜਾਂਦਾ ਹੈ, ਨੇਤਾ ਉਸ ਮੀਡੀਆ ਨੂੰ ਦੇਖਦਾ ਤਾਂ ਹੈ ਪਰ ਉਸ ਦੀ ਸੁਣਦਾ ਨਹੀਂ। ਅੱਜ ਅਮਰੀਕੀ ਚੈਨਲਾਂ ਦੇ ਸਟੂਡੀਓ ਵਿਚ ਉਦਾਸੀ ਛਾ ਗਈ ਹੈ। ਵਾਸ਼ਿੰਗਟਨ ਦੀਆਂ ਸੜਕਾਂ 'ਤੇ ਸੰਨਾਟਾ ਪਸਰ ਗਿਆ ਹੈ। ਮੀਡੀਆ ਹਿਲੇਰੀ ਦੇ ਸਵਾਗਤ ਵਿਚ ਜੁਟਿਆ ਸੀ, ਆ ਗਿਆ ਟਰੰਪ। ਜਦੋਂ ਵੀ ਮੀਡੀਆ ਕਿਸੇ ਨੇਤਾ ਲਈ ਬੈਟਿੰਗ ਕਰਦਾ ਹੈ, ਜਨਤਾ ਉਸ ਨੂੰ ਆਊਟ ਕਰ ਦਿੰਦੀ ਹੈ। ਟਰੰਪ ਦੀ ਜਿੱਤ 'ਤੇ ਆਲੋਚਕ ਹੈਰਾਨ ਹਨ ਤਾਂ ਮੀਡੀਆ ਦੀ ਇਸ ਹਾਰ 'ਤੇ ਭਾਰਤ ਦੇ ਪਿੰਡਾਂ ਵਿਚ ਵੀ ਜਸ਼ਨ ਮਨਾਇਆ ਜਾਣਾ ਚਾਹੀਦਾ ਹੈ। ਅਮਰੀਕੀ ਅਖ਼ਬਾਰਾਂ ਨੇ ਖੁੱਲ੍ਹ ਕੇ ਹਿਲੇਰੀ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੇ ਕਸੀਦੇ ਕੱਸੇ ਜਾਣ ਲੱਗੇ ਸਨ।



ਕਿਹਾ ਜਾਣ ਲੱਗਾ ਕਿ ਇਸ ਵਾਰ ਉਨ੍ਹਾਂ ਦੀ ਵਾਰੀ ਹੈ। ਅਮਰੀਕਾ ਨੂੰ ਪਹਿਲੀ ਵਾਰ ਮਹਿਲਾ ਰਾਸ਼ਟਰਪਤੀ ਮਿਲੇਗੀ, ਇਤਿਹਾਸ ਬਣੇਗਾ। ਚੋਣਾਂ ਮੁੱਛਾਂ ਵਧਾ ਕੇ ਜਾਂ ਘੰਟਿਆਂਬੱਧੀ ਗਾ ਕੇ ਲਿਮਕਾ ਬੁੱਕ ਆਫ਼ ਰਿਕਾਰਡ ਵਿਚ ਨਾਂ ਦਰਜ ਕਰਵਾਉਣ ਦਾ ਮੌਕਾ ਨਹੀਂ ਹੁੰਦਾ। ਫਿਰ ਵੀ ਹਿਲੇਰੀ ਨੂੰ ਨਕਾਰੇ ਜਾਣ ਨੂੰ ਲੈ ਕੇ ਅਮਰੀਕਾ ਹੀ ਨਹੀਂ ਦੁਨੀਆ ਭਰ ਦਾ ਤਬਕਾ ਸਦਮੇ ਵਿਚ ਹੈ। ਕੀ ਹਿਲੇਰੀ ਕਮਜ਼ੋਰ ਉਮੀਦਵਾਰ ਸੀ ਜਾਂ ਹਾਲਾਤ ਨੇ ਹਿਲੇਰੀ ਨੂੰ ਬੇਗਾਨਾ ਬਣਾ ਦਿੱਤਾ। ਇਸ ਵਕਤ ਦੁਨੀਆ ਦੀ ਵੱਡੀ ਆਬਾਦੀ ਨੂੰ ਪਹਿਲਾਂ ਰੋਟੀ ਚਾਹੀਦੀ ਹੈ, ਪਹਿਲਾਂ ਨੌਕਰੀ ਚਾਹੀਦੀ ਹੈ, ਪਹਿਲੀ ਮਹਿਲਾ ਜਾਂ ਪਹਿਲਾ ਇੰਜਨੀਅਰ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਨਹੀਂ ਚਾਹੀਦਾ। ਪਰ ਉਥੋਂ ਦੇ ਮੀਡੀਏ ਲਈ ਹਿਲੇਰੀ ਰਾਮਦੁਲਾਰੀ ਬਣ ਗਈ। ਤਮਾਮ ਸੱਤਾ ਸਥਾਪਤੀਆਂ ਅਤੇ ਮੀਡੀਆ ਖੁੱਲ੍ਹ ਕੇ ਹਿਲੇਰੀ ਦਾ ਸਮਰਥਨ ਕਰਨ ਲੱਗੇ। ਅਮਰੀਕੀ ਮੀਡੀਆ ਨੇ ਟਰੰਪ ਵਿਚ ਬੁਰਾਈਆਂ ਦੇਖੀਆਂ, ਅੱਗੇ ਆ ਕੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਚੰਗਾ ਕੰਮ ਤਾਂ ਕੀਤਾ ਪਰ ਉਦੋਂ ਉਹ ਮੀਡੀਆ ਕਿੱਥੇ ਸੀ ਜਦੋਂ ਬਰਨੀ ਸੈਂਡਰਸ ਲੋਕਾਂ ਦੇ ਹੱਕ ਦਾ ਸਵਾਲ ਉਠਾ ਰਹੇ ਸਨ। ਉਹੀ ਮੀਡੀਆ ਬਰਨੀ ਦਾ ਮਜ਼ਾਕ ਉਡਾਉਣ ਵਿਚ ਲੱਗਾ ਹੋਇਆ ਸੀ। ਜਨਤਾ ਮੀਡੀਆ ਨੂੰ ਸਮਝ ਗਈ ਹੈ। ਭਾਰਤ ਵਿਚ ਵੀ ਕਿਸਾਨਾਂ ਦੀ ਗੱਲ ਕਰੋ ਤਾਂ ਮੀਡੀਆ ਮਜ਼ਾਕ ਉਡਾਉਂਦਾ ਹੈ। ਹਾਵਰਡ ਦੇ ਨਕਾਰੇ ਵਿਦਿਆਰਥੀਆਂ ਦੇ ਦਮ 'ਤੇ ਇਥੇ ਵੀ ਚੋਣ ਜਿੱਤਣ ਦਾ ਸੁਪਨਾ ਦੇਖਣ ਵਾਲੇ ਨੇਤਾ ਸਮਝ ਲੈਣ। ਇਹ ਲੋਕ ਵਟਸ ਅਪ ਮਟੀਰੀਅਲ ਬਣਾਉਣ ਨਾਲੋਂ ਜ਼ਿਆਦਾ ਕੁਝ ਨਹੀਂ ਹੈ। ਹਾਵਰਡ ਦੀ ਯੋਗਤਾ ਨੂੰ ਲੈ ਕੇ ਜਨਤਾ ਨੂੰ ਮੂਰਖ ਬਣਾ ਕੇ ਗ਼ਲਤ-ਮਲਤ ਅਤੇ ਬਦਮਾਸ਼ ਉਮੀਦਵਾਰਾਂ ਨੂੰ ਜਿਤਾਉਣ ਲਈ ਭਾਰਤ ਆ ਜਾਂਦੇ ਹਨ। ਪਹਿਲਾਂ ਪਿੰਡਾਂ ਦੇ ਲੋਕ ਬਾਹੁਬਲੀਆਂ ਨੂੰ ਜਿਤਾਉਂਦੇ ਸਨ, ਹੁਣ ਹਾਵਰਡ ਦੇ ਕਾਬਲ ਲੋਕ ਉਨ੍ਹਾਂ ਦੀ ਜਿਤਾਉਣ ਦੀ ਯੋਜਨਾ ਬਣਾਉਂਦੇ ਹੋਏ ਤੁਹਾਡੀ ਹਰ ਚੋਣ ਵਿਚ ਮਿਲ ਜਾਣਗੇ।

ਉਸ ਅਮਰੀਕਾ ਦੇ ਦਰਦ ਨੂੰ ਕੋਈ ਨਹੀਂ ਦੇਖ ਰਿਹਾ ਸੀ ਜੋ ਬੇਰੁਜ਼ਗਾਰ ਹੈ, ਜਿਸ ਨੂੰ ਕੰਮ ਚਾਹੀਦਾ ਹੈ। ਜੋ ਵਿਦਿਆਰਥੀ ਕਰਜ਼ੇ ਦੇ ਬੋਝ ਹੇਠ ਦੱਬੇ ਹਨ, ਜਿੱਥੇ ਬਿਨਾਂ ਬੀਮੇ ਦੇ ਹਸਪਤਾਲ ਜਾਣਾ, ਪਹਾੜ ਤੋਂ ਕੁਦ ਕੇ ਖ਼ੁਦਕੁਸ਼ੀ ਕਰਨ ਵਰਗਾ ਹੈ। ਕੀ ਉਦਾਰੀਕਰਨ ਦਾ ਇਹ ਦੌਰ ਦਮ ਤੋੜ ਰਿਹਾ ਹੈ। ਦੁਨੀਆ ਭਰ ਵਿਚ ਨੇਤਾ ਦੀ ਆਪਣੀ ਹੈਸੀਅਤ ਤਾਂ ਵਧ ਰਹੀ ਹੈ, ਆਮ ਆਦਮੀ ਦੀ ਹੈਸੀਅਤ ਘੱਟ ਰਹੀ ਹੈ। ਮੀਡੀਆ ਨੇ ਹਿਲੇਰੀ 'ਤੇ ਲੱਗੇ ਦੋਸ਼ਾਂ ਨੂੰ ਅਣਦੇਖਿਆ ਕੀਤਾ, ਪਰ ਟਰੰਪ ਦੇ ਦੋਸ਼ਾਂ ਪ੍ਰਤੀ ਏਨਾ ਦੇਖਿਆ ਕਿ ਲੋਕ ਤੰਗ ਆ ਗਏ। ਟਰੰਪ ਬੁਰੇ ਸਨ ਤਾਂ ਕੀ ਹਿਲੇਰੀ ਬਹੁਤ ਚੰਗੀ ਸੀ। ਸਬਕ ਇਹ ਹੈ ਕਿ ਦੋ ਅਯੋਗ ਉਮੀਦਵਾਰ ਹੋਣਗੇ ਤਾਂ ਉਸ ਵਿਚੋਂ ਉਹ ਉਮੀਦਵਾਰ ਹਾਰੇਗਾ ਜੋ ਭੱਦਰ ਹੋਣ ਦਾ ਨਾਟਕ ਕਰੇਗਾ। ਖ਼ੈਰ ਟਰੰਪ ਇਕ ਅਜਿਹਾ ਨੇਤਾ ਹੈ, ਜਿਨ੍ਹਾਂ ਦੇ ਬਿਆਨਾਂ ਨੂੰ ਸਭਿਅਕ ਮਹਿਫਿਲਾਂ ਵਿਚ ਦੁਹਰਾਇਆ ਨਹੀਂ ਜਾ ਸਕਦਾ। ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਸਾਰੀਆਂ ਸਭਿਅਕ ਮਹਿਫ਼ਿਲਾਂ ਦੇ ਆਪਣੇ ਕਾਲੇ ਕਾਰਨਾਮੇ ਨਹੀਂ ਹਨ। ਦੁਨੀਆ 'ਤੇ ਯੁੱਧ ਥੋਪ ਕੇ ਆਪਣੀ ਜਨਤਾ ਨੂੰ ਭੁੱਖਾ ਰੱਖ ਕੇ ਅਮਰੀਕਾ ਵਿਸ਼ਵ ਸ਼ਾਂਤੀ ਬਣ ਸਕਦਾ ਹੈ ਪਰ ਉਹ ਦੁਨੀਆ ਅੱਗੇ ਯੋਗ ਉਮੀਦਵਾਰ ਨਹੀਂ ਰੱਖ ਸਕਿਆ, ਇਹ ਉਸ ਦੇ ਲੋਕਤੰਤਰ ਦੀ ਹਾਰ ਹੈ। ਟਰੰਪ ਦੀਆਂ ਗੱਲਾਂ ਨੇ ਅਮਰੀਕਾ ਨੂੰ ਬਦਲ ਦਿੱਤਾ ਹੈ ਪਰ ਅਮਰੀਕਾ ਤਾਂ ਟਰੰਪ ਤੋਂ ਪਹਿਲਾਂ ਬਦਲ ਚੁੱਕਾ ਸੀ। ਜੇਕਰ ਵ੍ਹਾਈਟ ਹਾਊਸ ਦੇ ਨਵੇਂ ਮਹਿਮਾਨ ਨੇ ਆਪਣੀਆਂ ਗੱਲਾਂ 'ਤੇ ਅਮਲ ਕੀਤਾ ਤਾਂ ਦੁਨੀਆ ਫਿਰ ਤੋਂ ਬਦਲੇਗੀ। ਬ੍ਰੈਗਜ਼ਿਟ ਮਗਰੋਂ ਟਰੰਪ ਦੀ ਐਂਟਰੀ ਧਮਾਕੇਦਾਰ ਹੈ। ਟਰੰਪ ਦਾ ਵੀ ਇਮਤਿਹਾਨ ਹੁਣ ਸ਼ੁਰੂ ਹੁੰਦਾ ਹੈ। ਕੀ ਉਹ ਯੁੱਧ ਦੇ ਮੈਦਾਨਾਂ ਵਿਚੋਂ ਅਮਰੀਕਾ ਨੂੰ ਖਿਚ ਕੇ ਦੁਕਾਨਾਂ ਵਿਚ ਬਿਠਾ ਦੇਣਗੇ? ਕੀ ਉਹ ਦੁਨੀਆ ਦੇ ਦੇਸ਼ਾਂ ਤੋਂ ਅਮਰੀਕੀ ਫ਼ੌਜੀਆਂ ਦਾ ਖ਼ਰਚਾ ਮੰਗਣਗੇ? ਬਰਾਕ ਓਬਾਮਾ ਸ਼ਾਂਤੀ ਦਾ ਨੋਬੇਲ ਪੁਰਸਕਾਰ ਲੈ ਕੇ ਵੀ ਯੁੱਧ ਦੀਆਂ ਯੋਜਨਾਵਾਂ ਬਣਾਉਂਦੇ ਰਹੇ। ਟਰੰਪ ਨੇ ਮੈਕਸੀਕੋ ਤੋਂ ਆਏ ਲੋਕਾਂ ਨੂੰ ਬਲਾਤਕਾਰੀ ਕਿਹਾ, ਅਪਰਾਧੀ ਕਿਹਾ। ਅਜਿਹੀ ਭਾਸ਼ਾ ਭਾਰਤ ਦੀਆਂ ਚੋਣਾਂ ਵਿਚ ਮਹਾਰਾਸ਼ਟਰ ਤੇ ਦਿੱਲੀ ਦੀਆਂ ਚੋਣਾਂ ਵਿਚ ਬੋਲੀ ਜਾ ਚੁੱਕੀ ਹੈ। ਟਰੰਪ ਨੇ ਇਥੋਂ ਤਕ ਕਹਿ ਦਿੱਤਾ ਕਿ ਉਹ ਅਮਰੀਕਾ ਤੇ ਮੈਕਸੀਕੋ ਦੀ ਸਰਹੱਦ 'ਤੇ ਦੀਵਾਰ ਬਣਾਉਣਗੇ, ਤਾਂ ਕਿ ਮੈਕਸੀਕੋ ਤੋਂ ਕੋਈ ਨਾਜਾਇਜ਼ ਢੰਗ ਨਾਲ ਅਮਰੀਕਾ ਨਾ ਆ ਸਕੇ। ਮੁਸਲਮਾਨਾਂ ਬਾਰੇ ਕਿਹਾ ਕਿ ਉਹ ਪੂਰੀ ਤਰ੍ਹਾਂ ਨਾਲ ਮੁਸਲਮਾਨਾਂ ਨੂੰ ਕੱਢ ਦੇਣਗੇ। ਕਈ ਵਾਰ ਕਿਹਾ ਕਿ ਆਪਣੇ ਇਸ ਫ਼ੈਸਲੇ ਨੂੰ ਲਾਗੂ ਕਰਨਗੇ। ਹਿਲੇਰੀ ਕਲਿੰਟਨ ਨੂੰ ਕਿਹਾ ਕਿ ਜੇਲ੍ਹ ਭੇਜ ਦੇਣਗੇ। ਔਰਤਾਂ ਬਾਰੇ ਅਜਿਹੀਆਂ ਅਜਿਹੀਆਂ ਗੱਲਾਂ ਕਹੀਆਂ ਕਿ ਤੁਸੀਂ ਦੁਹਰਾ ਨਹੀਂ ਸਕਦੇ। ਕੀ ਇਹ ਉਦਾਰਵਾਦੀ ਹੰਕਾਰ ਨਹੀਂ ਹੈ ਕਿ ਟਰੰਪ ਦੀ ਖ਼ਰਾਬੀ ਵਿਚ ਮੀਡੀਆ ਏਨਾ ਡੁੱਬਿਆ ਰਿਹਾ ਕਿ ਜਨਤਾ ਦੀ ਤਕਲੀਫ਼ ਹੀ ਭੁੱਲ ਗਿਆ। ਕੀ ਹੁਣ ਦੀਆਂ ਚੋਣਾਂ ਵਿਚ ਬਦਨਾਮ ਹੋਣ ਤੇ ਬਦਜ਼ੁਬਾਨ ਹੋਣ ਨੂੰ ਸਫਲਤਾ ਦਾ ਮੰਤਰ ਮੰਨ ਲਿਆ ਜਾਵੇਗਾ। ਮੈਨੂੰ ਲਗਦਾ ਹੈ ਜੋ ਇਸ 'ਤੇ ਯਕੀਨ ਕਰੇਗਾ, ਉਹ ਅਗਲੀ ਚੋਣ ਪੱਕਾ ਹਾਰੇਗਾ। ਅਮਰੀਕਾ ਵਿਚ ਟਰੰਪ ਇਸ ਲਈ ਜਿੱਤੇ, ਕਿਉਂਕਿ ਅਮਰੀਕਾ ਦੀ ਹਾਲਤ ਖ਼ਰਾਬ ਹੈ, ਬਹੁਤ ਹੀ ਖ਼ਰਾਬ ਹੈ। 20 ਸਤੰਬਰ ਨੂੰ ਓਪੀਨੀਅਨ ਪੋਲ ਕਰਾਉਣ ਵਾਲੀ ਸੰਸਥਾ ਗੈਲਪ ਦੇ ਚੇਅਰਮੈਨ ਜਿਮ ਕਲਿਫਟਨ ਨੇ ਇਕ ਲੇਖ ਲਿਖਿਆ ਸੀ। 2000 ਵਿਚ 61 ਫ਼ੀਸਦੀ ਅਮਰੀਕੀ ਖ਼ੁਦ ਨੂੰ ਅਪਰ-ਮਿਡਲ ਕਲਾਸ ਦਾ ਮੰਨਦੇ ਸਨ, ਪਰ 2008 ਤਕ ਆਉਂਦੇ ਆਉਂਦੇ 51 ਫ਼ੀਸਦੀ ਲੋਕ ਹੀ ਅਪਰ ਮਿਡਲ ਕਲਾਸ ਕਹਾਉਣ ਲੱਗੇ, ਭਾਵ ਆਰਥਿਕ ਹਾਲਤ ਏਨੀ ਖ਼ਰਾਬ ਹੋ ਗਈ ਕਿ ਸਮਾਜ ਦੇ ਉਪਰੀ ਵਰਗ ਦੀ ਸੰਖਿਆ ਵਿਚ 10 ਫ਼ੀਸਦੀ ਦੀ ਕਮੀ ਆ ਗਈ। ਮਤਲਬ ਇਹ ਹੋਇਆ ਕਿ ਅਮਰੀਕਾ ਵਿਚ 25 ਕਰੋੜ ਨੌਜਵਾਨ ਹਨ, ਇਸ ਦਾ 10 ਫ਼ੀਸਦੀ ਭਾਵ ਢਾਈ ਕਰੋੜ ਲੋਕ ਆਰਥਿਕ ਤੌਰ 'ਤੇ ਤਬਾਹ ਹੋ ਚੁੱਕੇ ਹਨ। ਕਲਿਫਟਨ ਨੇ ਆਪਣੇ ਲੇਖ ਵਿਚ ਲਿਖਿਆ ਹੈ ਕਿ ਮੈਂ ਨਹੀਂ ਮੰਨਦਾ ਕਿ ਅਮਰੀਕੀ ਅਰਥ-ਵਿਵਸਥਾ ਸੁਧਾਰ ਵੱਲ ਹੈ, ਜਦਕਿ ਅਮਰੀਕਾ ਦੇ ਤਮਾਮ ਅਖ਼ਬਾਰ ਅਰਥ-ਵਿਵਸਥਾ ਵਿਚ ਸੁਧਾਰ ਦੀਆਂ ਖ਼ਬਰਾਂ ਲਿਖ ਰਹੇ ਹਨ। ਅਜਿਹਾ ਅਮਰੀਕਾ ਹੀ ਨਹੀਂ, ਦੁਨੀਆ ਦੇ ਤਮਾਮ ਮੁਲਕਾਂ ਵਿਚ ਹੋ ਰਿਹਾ ਹੈ। ਕਲਿਫਟਨ ਨੇ ਕਿਹਾ ਕਿ ਇਹ ਢਾਈ ਕਰੋੜ ਲੋਕ ਅਮਰੀਕਾ ਦੇ ਬੇਕਾਰ ਲੋਕਾਂ ਦੀ ਸੰਖਿਆ ਵਿਚ ਨਹੀਂ ਦਿਸਦੇ ਕਿਉਂਕਿ ਇਨ੍ਹਾਂ ਕੋਲ ਕੰਮ ਤਾਂ ਹੈ ਪਰ ਇਨ੍ਹਾਂ ਦੀ ਤਨਖ਼ਾਹ ਅੱਧੇ ਨਾਲੋਂ ਵੀ ਘੱਟ ਹੋ ਗਈ ਹੈ। ਭਾਰਤੀ ਪੈਸੇ ਵਿਚ ਸਮਝੀਏ ਤਾਂ ਪਹਿਲਾਂ ਉਨ੍ਹਾਂ ਦੀ ਸਾਲਾਨਾ ਕਮਾਈ 12 ਲੱਖ ਸੀ ਜੋ ਹੁਣ ਘੱਟ 6 ਲੱਖ ਤੋਂ ਵੀ ਘੱਟ ਹੋ ਗਈ ਹੈ। ਅਜਿਹਾ ਆਦਮੀ ਬੇਰੁਜ਼ਗਾਰ ਭਾਵੇਂ ਨਾ ਹੋਵੇ ਪਰ ਉਹ ਹਿਲੇਰੀ ਦੇ ਝੂਠੇ ਸੁਪਨਿਆਂ ਦਾ ਖ਼ਰੀਦਦਾਰ ਨਹੀਂ ਹੋ ਸਕਦਾ ਹੈ।

ਅਮਰੀਕੀ ਐਕਸਚੇਂਜ ਵਿਚ 20 ਸਾਲ ਦੇ ਅੰਦਰ ਪਬਲਿਕ ਲਿਸਟਡ ਕੰਪਨੀ ਦੀ ਸੰਖਿਆ ਅੱਧੀ ਰਹਿ ਗਈ ਹੈ। ਪਹਿਲਾਂ 7300 ਕੰਪਨੀਆਂ ਪਬਲਿਕ ਲਿਸਟਡ ਸਨ, ਜੋ ਹੁਣ 3700 'ਤੇ ਆ ਗਈਆਂ ਹਨ। ਇਸ ਨਾਲ ਅਮਰੀਕਾ ਵਿਚ ਭਿਆਨਕ ਤਰੀਕੇ ਨਾਲ ਨੌਕਰੀਆਂ ਘੱਟ ਹੋਈਆਂ ਹਨ। 48 ਫ਼ੀਸਦੀ ਲੋਕਾਂ ਕੋਲ ਹੀ ਪੱਕੀ ਤੇ ਪੂਰੀ ਨੌਕਰੀ ਹੈ। ਨਵੇਂ ਬਿਜ਼ਨਸ ਸਟਾਰਟ ਅਪ ਦੀ ਸੰਖਿਆ ਇਤਿਹਾਸਕ ਤੌਰ 'ਤੇ ਹੇਠਲੇ ਪੱਧਰ 'ਤੇ ਹੈ।

ਅਮਰੀਕਾ ਦੀ ਇਸ ਹਾਲਤ 'ਤੇ ਯਕੀਨ ਨਹੀਂ ਹੈ ਤਾਂ ਜਿੱਤਣ 'ਤੇ ਟਰੰਪ ਨੇ ਜੋ ਕਿਹਾ ਉਹ ਅਮਰੀਕਾ ਬਾਰੇ ਹੀ ਕਿਹਾ ਹੈ, ਬੁੰਦੇਲਖੰਡ ਬਾਰੇ ਨਹੀਂ। ਉਨ੍ਹਾਂ ਦੇ ਬਿਆਨ ਤੋਂ ਲੱਗਿਆ ਕਿ ਅਮਰੀਕਾ ਵਿਚ ਨਾ ਤਾਂ ਹਾਈਵੇ ਹੈ, ਨਾ ਪੁਲ ਹੈ। ਏਅਰਪੋਰਟ ਤੇ ਸਕੂਲ ਵੀ ਨਹੀਂ ਹਨ। ਕੀ ਟਰੰਪ ਕੋਲ ਕੋਈ ਨਵਾਂ ਆਰਥਿਕ ਮਾਡਲ ਹੈ। ਉਹ ਆ ਤਾਂ ਗਏ ਹਨ ਪਰ ਕੀ ਉਹ ਆਊਟ ਸੋਰਸਿੰਗ ਬੰਦ ਕਰ ਦੇਣਗੇ, ਅਮਰੀਕਾ ਵਿਚ ਬਾਹਰੀ ਲੋਕਾਂ ਦਾ ਆਉਣਾ ਬੰਦ ਕਰ ਸਕਦੇ ਹਨ। ਦੁਨੀਆ ਨੂੰ ਆਲਮੀ ਪਿੰਡ ਵਿਚ ਬਦਲਣ ਨਿਕਲਿਆ ਸੀ ਅਮਰੀਕਾ, ਹੁਣ ਉਸ ਨੂੰ ਯਾਦ ਆ ਰਿਹਾ ਹੈ ਕਿ ਉਸ ਦੀ ਲੋਕਲ ਬੱਸ ਲੰਘ ਗਈ ਹੈ। ਦੇਖਣਾ ਹੋਵੇਗਾ ਕਿ ਉਥੋਂ ਦੀ ਜਨਤਾ ਨੇ ਟਰੰਪ ਦੇ ਬਿਆਨਾਂ 'ਤੇ ਦਿਲ ਲੁਟਾਇਆ ਹੈ, ਜਾਂ ਸ਼ਾਲੀਨ ਭਾਸ਼ਾ ਬੋਲ ਕੇ ਉਸ ਨੂੰ ਗ਼ਰੀਬ ਬਣਾਉਣ ਵਾਲਿਆਂ ਖ਼ਿਲਾਫ਼ ਬਗ਼ਾਵਤ ਕੀਤੀ ਹੈ। 2008 ਦੀ ਮੰਦੀ ਮਗਰੋਂ ਅੱਜ ਤਕ ਦੁਨੀਆ ਸੰਭਲ ਨਹੀਂ ਸਕੀ ਹੈ। ਜਨਤਾ ਗੁੱਸੇ ਵਿਚ ਸਰਕਾਰ ਤਾਂ ਬਦਲ ਰਹੀ ਹੈ, ਪਰ ਕੀ ਕਿਤੇ ਅਰਥ-ਵਿਵਸਥਾ ਬਦਲ ਰਹੀ ਹੈ। ਅਮਰੀਕਾ ਵਿਚ ਟਰੰਪ ਆਗਮਨ ਦੇ ਮੌਕੇ 'ਤੇ ਸੋਹਲੇ ਗਾਉਣ ਵਾਲੇ ਨਹੀਂ ਹਨ। ਉਥੇ ਤਾਂ ਪੰਜ ਸੌ ਅਤੇ ਹਜ਼ਾਰ ਦੇ ਨੋਟ ਰੱਦੀ ਵਿਚ ਨਹੀਂ ਬਦਲੇ, ਫਿਰ ਉਥੇ ਜਸ਼ਨ ਕਿਉਂ ਨਹੀਂ ਹੈ, ਜਾਂ ਜੋ ਜਸ਼ਨ ਮਨਾ ਰਹੇ ਹਨ, ਉਹ ਉਥੋਂ ਦੇ ਮੀਡੀਆ ਵਿਚ ਕਿਉਂ ਨਹੀਂ ਹੈ।

# ਤੀਹ ਲੱਖ ਗੈਰਕਾਨੂੰਨੀ ਪਰਵਾਸੀਆਂ ਨੂੰ ਦਿਖਾਇਆ ਜਾ ਸਕਦਾ ਹੈ ਅਮਰੀਕਾ ਤੋਂ ਬਾਹਰ ਦਾ ਰਸਤਾ

**ਵਾਸ਼ਿੰਗਟਨ/ਬਿਊਰੋ ਨਿਊਜ਼ :**

ਪਰਵਾਸੀਆਂ ਵਿਰੁੱਧ ਆਪਣੀਆਂ ਸਖ਼ਤ ਨੀਤੀਆਂ ਲਈ ਜਾਣੇ ਜਾਂਦੇ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁੜ ਦ੍ਰਿੜਤਾ ਪ੍ਰਗਟਾਈ ਹੈ ਕਿ ਉਹ ਤੀਹ ਲੱਖ ਗੈਰਕਾਨੂੰਨੀ ਪਰਵਾਸੀਆਂ ਨੂੰ ਜਲਦੀ ਦੇਸ਼ ਤੋਂ ਬਾਹਰ ਦਾ ਰਸਤਾ ਦਿਖਾਏਗਾ। ਸ੍ਰੀ ਟਰੰਪ ਨੇ ਸੀਬੀਐਸ ਨਿਊਜ਼ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਪਰਾਧੀ ਪ੍ਰਵਿਰਤੀ ਵਾਲੇ ਪਰਵਾਸੀਆਂ ਨੂੰ ਤਾਂ ਉਹ ਅਹੁਦਾ ਸੰਭਾਲਦਿਆਂ ਸਾਰ ਹੀ ਤੁਰੰਤ ਅਮਰੀਕਾ ਵਿਚੋਂ ਬਾਹਰ ਕੱਢ ਦੇਣਗੇ। ਅਮਰੀਕਾ ਵਿੱਚ ਇੱਕ ਕਰੋੜ ਦਸ ਲੱਖ ਦੇ ਕਰੀਬ ਕਾਨੂੰਨੀ ਤੋਂ ਮਾਨਤਾ ਪ੍ਰਾਪਤ ਪਰਵਾਸੀ ਹਨ। ਇਨ੍ਹਾਂ ਵਿੱਚ ਬਹੁਤ ਸਾਰੇ ਭਾਰਤੀ ਮੂਲ ਦੇ ਵੀ ਹਨ।

**ਬਰਨੀ ਜਿੱਤ ਸਕਦੇ ਸਨ ਚੋਣ :**

ਇਸੇ ਦੌਰਾਨ ਡੈਮੋਕਰੈਟਿਕ ਸੈਨੇਟਰ ਬਰਨੀ ਸੈਂਡਰਜ਼ ਨੇ ਕਿਹਾ ਹੈ ਕਿ ਜੇ ਉਹ ਹਿਲੇਰੀ ਕਲਿੰਟਨ ਦੀ ਥਾਂ ਡੈਮੋਕਰੈਟਿਕ ਪਾਰਟੀ ਦਾ ਰਾਸ਼ਟਰਪਤੀ ਲਈ ਉਮੀਦਵਾਰ ਹੁੰਦਾ ਤਾਂ ਉਹ ਡੋਨਲਡ ਟਰੰਪ ਨੂੰ ਵੱਡੇ ਫ਼ਰਕ ਨਾਲ ਹਰਾਉਣ ਵਿੱਚ ਕਾਮਯਾਬ ਹੁੰਦਾ। ਬਰਨੀ ਡੈਮੋਕਰੈਟਿਕ ਪਾਰਟੀ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨਾਮਜ਼ਦ ਕਰਨ ਮੌਕੇ ਪਈਆਂ ਵੋਟਾਂ ਵਿੱਚ ਹਾਰ ਗਿਆ ਸੀ। ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਲਈ ਪਈਆਂ ਵੋਟਾਂ ਤੋਂ ਦੋ ਦਿਨ ਪਹਿਲਾਂ 1600 ਵੋਟਰਾਂ ਉੱਤੇ ਕਰਵਾਏ ਸਰਵੇ ਵਿੱਚ ਇਹ ਰੁਝਾਨ ਸਾਹਮਣੇ ਆਇਆ ਕਿ 75 ਸਾਲਾ ਸੈਨੇਟਰ 56 ਫ਼ੀਸਦੀ ਵੋਟਾਂ ਹਾਸਲ ਕਰ ਸਕਦਾ ਸੀ। ਸਰਵੇ ਵਿੱਚ ਪਤਾ ਲੱਗਾ ਕਿ ਇੱਕ ਤਿਹਾਈ ਨਿਰਪੱਖ ਵੋਟਰ ਸੈਂਡਰਜ਼ ਨੂੰ ਭੁਗਤ ਕਰ ਸਕਦੇ ਸਨ। ਇਹ ਸਰਵੇ ਗਰੇਵਿਸ ਮਾਰਕੀਟਿੰਗ ਵੱਲੋਂ ਕੀਤਾ ਗਿਆ ਸੀ।

**ਕਲਿੰਟਨ ਬੋਲੀ-ਐਫਬੀਆਈ ਮੁਖੀ ਮੇਰੀ ਹਾਰ ਦਾ ਕਾਰਨ:**

ਅਮਰੀਕੀ ਰਾਸ਼ਟਰਪਤੀ ਦੀ ਚੋਣ ਹਾਰਨ ਵਾਲੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਕਿਹਾ ਕਿ ਉਹ ਐਫਬੀਆਈ ਮੁਖੀ ਜੇਮਜ਼ ਕੌਮੇ ਕਾਰਨ ਚੋਣ ਹਾਰੀ ਹੈ। ਚੋਣ ਤੋਂ ਕੁਝ ਦਿਨ ਪਹਿਲਾਂ ਜੇਮਜ਼ ਵੱਲੋਂ ਉਨ੍ਹਾਂ ਵਿਰੁੱਧ ਈ-ਮੇਲ ਮਾਮਲੇ ਦੀ ਜਾਂਚ ਮੁੜ ਖੋਲ੍ਹੇ ਜਾਣ ਦੇ ਫ਼ੈਸਲੇ ਕਾਰਨ ਉਨ੍ਹਾਂ ਦੀ ਚੋਣ ਪ੍ਰਚਾਰ ਮੁਹਿੰਮ ਨੂੰ ਧੱਕਾ ਲੱਗਿਆ ਤੇ ਉਹ ਇਤਿਹਾਸਕ ਜਿੱਤ ਤੋਂ ਵਾਂਝੀ ਰਹਿ ਗਈ। ਵਿੱਤੀ ਸਹਾਇਤਾ ਕਰਨ ਵਾਲਿਆਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਚੋਣ ਵਿੱਚ ਹਾਰ ਦੇ ਕਈ ਕਾਰਨ ਹਨ। ਪਰ ਉਨ੍ਹਾਂ ਦੇ ਮੁਲਾਂਕਣ ਮੁਤਾਬਕ ਐਫਬੀਆਈ ਮੁਖੀ ਵੱਲੋਂ ਖੜ੍ਹੇ ਕੀਤੇ ਆਧਾਰਹੀਣ ਸ਼ੰਕਿਆਂ ਕਾਰਨ ਉਨ੍ਹਾਂ ਵੱਲੋਂ ਬਣਾਈ ਗਈ ਜੇਤੂ ਮੁਹਿੰਮ ਨੂੰ ਢਾਹ ਲੱਗੀ ਹੈ। ਜਾਂਚ ਮੁੜ ਖੋਲ੍ਹੇ ਜਾਣ ਦੇ ਫ਼ੈਸਲੇ ਤੋਂ ਪਹਿਲਾਂ ਤੱਕ ਉਨ੍ਹਾਂ ਨੂੰ ਚੋਣ ਪ੍ਰਚਾਰ ਮੁਹਿੰਮ ਦੌਰਾਨ ਭਰਪੂਰ ਹੁੰਗਾਰਾ ਤੇ ਸਮਰਥਨ ਮਿਲ ਰਿਹਾ ਸੀ।

# ਅਸਲ ਅਮਰੀਕੀ ਕਿਰਦਾਰ ਦੀ ਵਾਪਸੀ ਹੈ ਟਰੰਪ ਦੀ ਜਿੱਤ

**ਹਰੀਸ਼ ਖਰੇ**



ਪਹਿਲੀ ਵਾਰ 1944 ਵਿਚ ਪ੍ਰਕਾਸ਼ਤ ਹੋਏ ਆਪਣੇ ਸ਼ਾਹਕਾਰੀ ਅਧਿਐਨ 'ਦਿ ਅਮੈਰਿਕਨ ਕੈਰੈਕਟਰ' (ਅਮਰੀਕਨ ਚਰਿੱਤਰ) ਵਿੱਚ ਪ੍ਰੋਫ਼ੈਸਰ ਡੀ.ਡਬਲਿਊ. ਬ੍ਰੌਗਨ ਨੇ ਦੱਸਿਆ ਸੀ ਕਿ "ਅਮਰੀਕਨ ਅਨੁਭਵ" ਨੇ ਉੱਤਰੀ ਅਮਰੀਕਾ ਵਿਚ ਨਵੇਂ-ਨਵੇਂ ਆ ਕੇ ਰਹਿਣ ਲੱਗੇ ਲੋਕਾਂ ਵਿੱਚ ਹੋਰਨਾਂ ਵਤੀਰਿਆਂ ਤੋਂ ਇਲਾਵਾ "ਜੂਏਬਾਜ਼ਾਂ ਵਾਲੀ ਪ੍ਰਵਿਰਤੀ" ਨੂੰ ਤਰਜੀਹ ਦੇਣ ਦੀ ਰੁਚੀ ਪ੍ਰਫ਼ੁੱਲਤ ਕਰ ਦਿੱਤੀ ਸੀ। 2016 ਦੀਆਂ ਰਾਸ਼ਟਰਪਤੀ ਚੋਣਾਂ ਵਿਚ, ਅਮਰੀਕਨਾਂ ਨੇ ਜੂਏਬਾਜ਼ਾਂ ਵਾਲੀ ਪ੍ਰਵਿਰਤੀ ਅੱਗੇ ਝੁਕਦਿਆਂ ਉਸ ਵਿਅਕਤੀ ਨੂੰ ਵੋਟਾਂ ਪਾ ਕੇ ਰਾਸ਼ਟਰਪਤੀ ਚੁਣ ਲਿਆ, ਜੋ ਕਿ ਯੋਗਤਾ, ਸਮਰੱਥਾ ਅਤੇ ਚਰਿੱਤਰ ਦੇ ਸਾਰੇ ਗਿਆਤ ਮਾਪਦੰਡਾਂ ਦੀ ਅਵੱਗਿਆ ਕਰਦਾ ਆਇਆ ਹੈ। ਬਾਕੀ ਦੀ ਦੁਨੀਆ ਨੂੰ ਇਹ ਜੂਆ ਬੇਸੁਆਦਾ ਲੱਗ ਸਕਦਾ ਹੈ ਪਰ ਡੋਨਲਡ ਟਰੰਪ ਨੇ ਇੱਕ ਅਜਿਹੀ ਚੋਣ ਮੁਹਿੰਮ ਵਿਕਸਤ ਕੀਤੀ ਸੀ ਜਿਸ ਨੇ ਅਮਰੀਕਨਾਂ ਅੰਦਰਲੇ ਖ਼ੌਫ਼ ਤੇ ਚਿੰਤਾਵਾਂ ਨੂੰ ਹਵਾ ਦਿੱਤੀ। ਸਰਲ ਸ਼ਬਦਾਂ ਵਿੱਚ ਆਪਣੇ ਵਿਰੋਧੀਆਂ ਅਤੇ ਨਿੰਦਕਾਂ ਦੇ ਮੁਕਾਬਲੇ ਟਰੰਪ, ਅਮਰੀਕਨ ਕਿਰਦਾਰ ਦੇ ਵਧੇਰੇ ਨੇੜੇ ਹੈ।

'ਅਮੈਰਿਕਨ ਕੈਰੈਕਟਰ' ਦੇ 1965 ਸੰਸਕਰਣ ਵਿੱਚ, ਪ੍ਰੋਫ਼ੈਸਰ ਬ੍ਰੌਗਨ ਨੇ ਬੜੀ ਸਾਫ਼ਗੋਈ ਨਾਲ ਵਿਆਖਿਆ ਕੀਤੀ ਸੀ ਕਿ ਅਮਰੀਕਨਾਂ ਨੇ ਮੈਕਾਰਥੀ ਨੂੰ ਸੈਨੇਟਰ ਕਿਉਂ ਚੁਣਿਆ ਅਤੇ ਉਹ ਉਸ ਦੇ ਸਨਕੀ ਮੱਕੜ-ਜਾਲ ਵਿੱਚ ਕਿਵੇਂ ਫਸੇ। "ਉਹ (ਮੈਕਾਰਥੀ), ਸਪਸ਼ਟ ਤੌਰ 'ਤੇ ਅਜਿਹੀ ਬੇਚੈਨੀ ਦਾ ਲੱਛਣ ਸੀ, ਜਿਸ ਨੂੰ ਵੇਖ ਕੇ ਔਸਤ ਅਮਰੀਕਨ ਇਹੋ ਸਮਝਣ ਲੱਗ ਪਿਆ ਸੀ ਕਿ ਇਹ ਸੰਸਾਰ ਉਸ ਦੇ ਹੱਥੋਂ ਨਿਕਲ ਗਿਆ ਹੈ ਅਤੇ ਉਸ ਹੱਦ ਤੱਕ ਖ਼ਤਰਨਾਕ ਹੁੰਦਾ ਜਾ ਰਿਹਾ ਹੈ ਜਿੰਨਾ ਕਿ ਮਨੁੱਖੀ ਨਸਲ ਨੇ ਹਾਲੇ ਤੱਕ ਕਦੇ ਵੇਖਿਆ ਨਹੀਂ ਸੀ।" ਮੈਕਾਰਥੀ ਨੇ ਅਮਰੀਕਨਾਂ ਦੇ ਉਨ੍ਹਾਂ ਖ਼ਦਸ਼ਿਆਂ ਦਾ ਹੀ ਲਾਹਾ ਲਿਆ ਸੀ ਅਤੇ ਉਹ ਖ਼ਾਸ ਤੌਰ 'ਤੇ ਇਸ ਕਰ ਕੇ ਸਫ਼ਲ ਸੀ ਕਿਉਂਕਿ 'ਦਿਹਾਤੀ ਕੱਟੜਪੰਥੀ ਦੀ ਰਵਾਇਤ' ਨੂੰ ਵੀ ਉਹ ਆਕਰਸ਼ਕ ਤੇ ਲੁਭਾਵਣਾ ਜਾਪਿਆ ਸੀ। ਬ੍ਰੌਗਨ ਅਨੁਸਾਰ ਇਸ ਰਵਾਇਤ ਵਿੱਚ "ਅਰਬਾਂ/ਯਹੂਦੀਆਂ ਦਾ ਵਿਰੋਧ ਮਹੀਨ ਜਹੀ ਪਰਦਾਪੋਸ਼ੀ ਨਾਲ ਸ਼ਾਮਲ ਸੀ।" ਟਰੰਪ ਉਨ੍ਹਾਂ ਪ੍ਰਾਚੀਨ ਅਤੇ ਹੁਣ ਸੁਸਤ ਪੈ ਚੁੱਕੇ ਪੱਖਪਾਤਾਂ ਅਤੇ ਜਨੂੰਨਾਂ ਨੂੰ ਮੁੜ ਜਗਾਉਣ ਵਿੱਚ ਸਫ਼ਲ ਰਿਹਾ ਹੈ ਜਿਹੜੇ ਬਹੁਤ ਲੰਮੇ ਸਮੇਂ ਤੋਂ ਪਿੰਡਾਂ ਵਿੱਚ ਰਹਿੰਦੇ ਅਮਰੀਕਨਾਂ ਵਿੱਚ ਨਿਹਿਤ ਹਨ।

ਆਪਣੀ ਪੂਰੀ ਚੋਣ ਮੁਹਿੰਮ ਦੌਰਾਨ ਟਰੰਪ ਨੇ ਘੱਟ ਪੜ੍ਹੇ-ਲਿਖੇ, ਨੀਮ ਰੁਜ਼ਗਾਰਯਾਫ਼ਤਾ ਗੋਰੇ ਮਰਦ ਵੋਟਰਾਂ ਅਤੇ ਉਨ੍ਹਾਂ ਅੰਦਰ ਮੌਜੂਦ ਕੋਝੇ ਰੁਸੇਵਿਆਂ ਤੇ ਸ਼ਿਕਵਿਆਂ ਉੱਤੇ ਧਿਆਨ ਕੇਂਦਰਿਤ ਰੱਖਿਆ। ਅਤੇ ਹੁਣ ਅਸੀਂ ਯਕੀਨੀ ਤੌਰ 'ਤੇ ਇਹ ਜਾਣ ਗਏ ਹਾਂ ਕਿ ਜ਼ਿਆਦਾਤਰ ਅਮਰੀਕਨਾਂ ਨੇ ਆਪਣੇ 1950 ਵਿਆਂ ਦੇ ਆਰੰਭ ਵਿੱਚ ਆਪਣੇ ਅੰਦਰ ਉਪਜਾਏ ਕੋਝੇ ਵਤੀਰਿਆਂ ਤੇ ਵਿਚਾਰਾਂ ਨੂੰ ਹਾਲੇ ਤੱਕ ਵੀ ਨਹੀਂ ਤਿਆਗਿਆ। 2016 ਦੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਹੋਈ ਵੋਟਿੰਗ ਨੂੰ ਸਮਝਣ ਦਾ ਸ਼ਾਇਦ ਇੱਕ ਹੋਰ ਰਾਹ ਹੈ ਕਿ ਇਸ ਨੂੰ ਵਾਟਰਗੇਟ ਸਕੈਂਡਲ ਤੋਂ ਬਾਅਦ ਉਪਜੀ ਨੈਤਿਕਤਾ ਨੂੰ ਸਮੇਟਣ ਦਾ ਅਮਲ ਵੀ ਮੰਨਿਆ ਜਾ ਸਕਦਾ ਹੈ। ਅਮਰੀਕਨਾਂ ਨੇ ਜਦੋਂ ਰਿਚਰਡ ਨਿਕਸਨ ਨੂੰ ਵ੍ਹਾਈਟ ਹਾਊਸ ਵਿਚੋਂ ਖਾਰਿਜ ਕੀਤਾ ਸੀ, ਤਦ ਉਨ੍ਹਾਂ ਨੇ ਇਸ ਸੁਵਿਧਾਜਨਕ ਮਾਨਤਾ ਨਾਲ ਖ਼ੁਦ ਨੂੰ ਤਸੱਲੀ ਦਿੱਤੀ ਸੀ ਕਿ ਉਨ੍ਹਾਂ ਨੇ ਘਟੀਆ ਕਿਸਮ ਦੀਆਂ ਚੁਸਤੀਆਂ ਤੇ ਗੰਧਲੇ ਜਜ਼ਬਿਆਂ ਤੋਂ ਖ਼ੁਦ ਨੂੰ ਮੁਕਤ ਕਰ ਲਿਆ ਜਿਨ੍ਹਾਂ ਦੀ ਉਹ ਆਦਮੀ ਨੁਮਾਇੰਦਗੀ ਕਰਦਾ ਸੀ। ਡੈਮੋਕਰੈਟਾਂ, ਉਦਾਰਵਾਦੀਆਂ, ਰੌਕਫ਼ੈਲਰ ਰਿਪਬਲਿਕਨਜ਼ ਵਜੋਂ ਜਾਣੇ ਜਾਂਦੇ ਅਮਰੀਕਨਾਂ ਨੇ ਦਾਅਵੇ ਕੀਤੇ ਸਨ ਕਿ 'ਸਦਾਚਾਰ' ਤੇ 'ਖੁੱਲ੍ਹਾਪਣ' ਅਤੇ 'ਸਚਾਈ' ਨੂੰ ਦੇਸ਼ ਵਿੱਚ ਅਤੇ ਅਮਰੀਕੀ ਸਰਕਾਰ ਦੇ ਕੰਮਕਾਜ ਵਿੱਚ ਬੁਨਿਆਦੀ ਕਦਰਾਂ-ਕੀਮਤਾਂ ਵਜੋਂ ਬਹਾਲ ਕਰ ਦਿੱਤਾ ਗਿਆ ਹੈ। ਅਤੇ ਉਨ੍ਹਾਂ ਨੇ ਦ੍ਰਿੜ੍ਹਤਾਪੂਰਬਕ ਆਖਿਆ ਸੀ ਕਿ 'ਮਨੁੱਖੀ ਅਧਿਕਾਰ' ਤੇ 'ਲੋਕਤੰਤਰ' ਅਤੇ 'ਅਸਹਿਮਤੀ' ਵਰਗੇ ਸਿਧਾਂਤਾਂ ਉੱਤੇ ਹੀ ਅਮਰੀਕੀ ਵਿਦੇਸ਼ ਨੀਤੀ ਆਧਾਰਤ ਹੋਣੀ ਚਾਹੀਦੀ ਹੈ। ਰਿਪਬਲਿਕਨ ਅਤੇ ਡੈਮੋਕਰੈਟਿਕ ਪਾਰਟੀਆਂ ਵਿਚ ਨੀਤੀਆਂ ਉਲੀਕਣ ਵਾਲੇ 'ਕੁਲੀਨਾਂ' ਦਾ ਕਾਰ-ਵਿਹਾਰ ਤਦ ਅਜਿਹਾ ਹੋ ਗਿਆ ਸੀ, ਜਿਵੇਂ ਉਨ੍ਹਾਂ ਨੂੰ ਕੋਈ ਅਜਿਹਾ ਜਾਦੂਈ ਅੰਮ੍ਰਿਤ ਮਿਲ ਗਿਆ ਹੋਵੇ ਜਿਹੜਾ ਜਮਹੂਰੀ ਸਿਆਸਤ ਦੀਆਂ ਸਾਰੀਆਂ ਕਮੀਆਂ ਨੂੰ ਦੂਰ ਕਰ ਕੇ ਰੱਖ ਦੇਵੇਗਾ ਅਤੇ ਉਨ੍ਹਾਂ ਨੂੰ ਹੋਰਨਾਂ ਦੇਸ਼ਾਂ ਨੂੰ ਅਜਿਹੀਆਂ ਸਲਾਹਾਂ ਦੇਣ ਦੇ ਅਧਿਕਾਰ ਨਾਲ ਲੈਸ ਕਰ ਦੇਵੇਗਾ ਕਿ ਉਹ ਦੇਸ਼ ਆਪੋ-ਆਪਣੀ ਧਰਤੀ ਉੱਤੇ, ਅਤੇ ਦੂਜੇ ਦੇਸ਼ ਵਿੱਚ ਕਿਵੇਂ ਵਿਚਰਨ।

ਵਾਟਰਗੇਟ ਕਾਂਡ ਤੋਂ ਬਾਅਦ ਦੀ ਨੈਤਿਕਤਾ ਆਖ਼ਿਰਕਾਰ ਖਟਾਸ ਫੜ ਗਈ, ਖ਼ਾਸ ਤੌਰ 'ਤੇ ਗੋਰੇ ਅਮਰੀਕਨਾਂ ਲਈ ਇਹ ਮਾੜੀ ਸਿੱਧ ਹੋਈ ਸੀ। ਖੁੱਲ੍ਹੇਪਣ ਕਾਰਨ ਬਹੁਤ ਸਾਰੇ ਪਰਵਾਸੀ ਆ ਗਏ, ਜੋ ਹਰ ਖੇਤਰ ਵਿੱਚ ਛਾ ਗਏ ਅਤੇ ਅਮਰੀਕਨ ਸਮਾਜ ਤੇ ਅਰਥ ਵਿਵਸਥਾ ਸਾਰੇ ਪ੍ਰਤੀਯੋਗੀ ਦ੍ਰਿਸ਼ ਉੱਤੇ ਉਨ੍ਹਾਂ ਨੇ ਗੋਰੇ ਅਮਰੀਕਨਾਂ ਨੂੰ ਪਛਾੜ ਕੇ ਰੱਖ ਦਿੱਤਾ। ਗੱਲ ਇੱਥੇ ਹੀ ਖ਼ਤਮ ਹੀ ਨਹੀਂ ਹੋਈ। ਪੇਸ਼ੇਵਾਰਾਨਾ ਆਗੂਆਂ ਨੇ ਮੀਡੀਆ ਅਤੇ ਮਨੋਰੰਜਨ ਉਦਯੋਗ ਵਿਚਲੇ ਆਪਣੇ 'ਹਮਖਿਆਲਾਂ' ਨਾਲ ਰਲ ਕੇ ਸਾਲ 2008 ਦੌਰਾਨ ਇੱਕ ਸਿਆਹਫ਼ਾਮ ਵਿਅਕਤੀ ਨੂੰ ਚੁਣ ਕੇ ਵ੍ਹਾਈਟ ਹਾਊਸ ਭੇਜਣ ਦੀ ਸਾਜ਼ਿਸ਼ ਨੂੰ ਅਮਲੀ ਰੂਪ ਦੇ ਦਿੱਤਾ। ਇਹ ਤਾਂ ਪਿਆਰਿਓ, ਕੁਫ਼ਰ ਤੋਲਣ ਤੋਂ ਵੀ ਵੱਡੀ ਗੱਲ ਸੀ। ਅਤੇ ਹੁਣ ਉਹ ਇੱਕ ਔਰਤ ਨੂੰ 'ਕਮਾਂਡਰ-ਇਨ-ਚੀਫ਼' ਵਜੋਂ ਵੇਖਣਾ ਚਾਹੁੰਦੇ ਹਨ! ਅਜਿਹਾ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ।

ਅਮਰੀਕਨ, ਸਪਸ਼ਟ ਤੌਰ 'ਤੇ ਸਿਆਸੀ ਦਰੁਸਤਗੀ ਤੋਂ ਅੱਕੇ ਹੋਏ ਹਨ। ਉਹ ਖ਼ਾਸ ਤੌਰ ਉੱਤੇ, ਉਦਾਰਵਾਦੀਆਂ ਅਤੇ ਉਨ੍ਹਾਂ ਦੀਆਂ ਫ਼ੈਸ਼ਨੇਬਲ 'ਸੰਵੇਦਨਾਵਾਂ' ਤੋਂ ਵੱਧ ਅੱਕੇ ਹੋਏ ਹਨ। ਉਦਾਰਵਾਦੀਆਂ ਨੇ ਵੀ ਹਮੇਸ਼ਾਂ ਇਮਾਨਦਾਰਾਨਾ ਢੰਗ ਨਾਲ ਵਿਹਾਰ ਨਹੀਂ ਕੀਤਾ; ਇਸੇ ਲਈ ਸ੍ਰੀਮਤੀ ਕਲਿੰਟਨ ਪ੍ਰਤੀ ਲੋਕਾਂ ਦਾ ਭਰੋਸਾ ਸਪਸ਼ਟ ਤੌਰ 'ਤੇ ਘਟਦਾ ਚਲਾ ਗਿਆ। ਭਰੋਸੇ ਦੀ ਘਾਟ ਦੇ ਨਾਲ-ਨਾਲ "ਮੈਂ ਤਾਂ ਇਹੋ ਜਿਹੀ ਹੀ ਹਾਂ ਅਤੇ ਤੁਹਾਨੂੰ ਇਹ ਤਾਂ ਸਵੀਕਾਰ ਕਰਨਾ ਹੀ ਪਵੇਗਾ ਜਾਂ ਮੈਨੂੰ ਛੱਡਣਾ ਪਵੇਗਾ" ਵਾਲਾ ਵਤੀਰਾ ਵੀ ਬਹੁਤੇ ਵੋਟਰਾਂ ਨੂੰ ਪ੍ਰਭਾਵਤ ਨਾ ਕਰ ਸਕਿਆ, ਮਹਿਲਾ ਵੋਟਰਾਂ ਨੂੰ ਵੀ ਨਹੀਂ। ਦੂਜੇ ਪਾਸੇ, ਟਰੰਪ ਨੇ ਖ਼ੁਦ ਨੂੰ ਪਾਰਟੀ ਸਿਸਟਮ ਦੀਆਂ ਸੀਮਾਵਾਂ ਅਤੇ ਭ੍ਰਿਸ਼ਟ ਸਿਆਸੀ ਨੈਤਿਕਤਾ ਵਿੱਚ ਕੈਦ ਨਾ ਹੋਣ ਦਿੱਤਾ; ਉਨ੍ਹਾਂ ਨੇ ਸਗੋਂ ਪਹਿਲਾਂ ਰਿਪਬਲਿਕਨ ਪਾਰਟੀ ਵਿੱਚ ਅਤੇ ਫਿਰ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਸੰਗਠਿਤ ਰੂਪ ਵਿਚ ਵਿਦਰੋਹ ਨੂੰ ਬੁਲੰਦ ਕੀਤਾ।

ਹਰ ਵਾਰ ਜਦੋਂ ਵੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਹੁੰਦੀ ਹੈ, ਤਦ ਇਸ ਮੌਕੇ ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਅਮਰੀਕਨ ਕਿਸ ਤਰ੍ਹਾਂ ਦਾ ਸਮਾਜ ਚਾਹੁੰਦੇ ਹਨ ਜਾਂ ਉਨ੍ਹਾਂ ਨੂੰ ਕਿਹੋ ਜਿਹੇ ਸਮਾਜ ਵਿਚ ਵਿਚਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਇਸ ਵਾਰ 'ਅਸਲ' ਅਮਰੀਕਨ ਕਿਰਦਾਰ ਨੇ ਖ਼ੁਦ ਨੂੰ ਦ੍ਰਿੜ੍ਹਤਾਪੂਰਬਕ ਦਰਸਾ ਦਿੱਤਾ ਹੈ। ਉਹ ਉਸ ਰੋਸੇ ਭਰੇ ਰਾਸ਼ਟਰਵਾਦ ਨੂੰ ਚੁਣ ਕੇ ਬਹੁਤ ਖ਼ੁਸ਼ ਹਨ, ਜਿਹੜਾ ਡੋਨਲਡ ਟਰੰਪ ਨੇ ਉਨ੍ਹਾਂ ਅੱਗੇ ਪਰੋਸਿਆ। ਇਸ ਦੀ ਮਿਸਾਲ ਤੁਹਾਡੇ ਸਾਹਮਣੇ ਹੈ: ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ, ਐਤਵਾਰ ਨੂੰ ਟਰੰਪ ਮਿਨੇਸੋਟਾ ਵਿਚ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਆਖ ਰਹੇ ਸਨ: "ਅਮੀਰ ਦੇਸ਼ ਬਣਨ ਲਈ, ਸਾਨੂੰ ਜ਼ਰੂਰ ਹੀ ਇੱਕ ਸੁਰੱਖਿਅਤ ਰਾਸ਼ਟਰ ਬਣਨਾ ਹੋਵੇਗਾ ਅਤੇ ਤੁਹਾਨੂੰ ਪਤਾ ਹੀ ਹੈ ਕਿ ਇੱਥੇ ਹੋ ਕੀ ਰਿਹਾ ਹੈ। ਸਾਰੀ ਦੁਨੀਆ ਜਾਣਦੀ ਹੈ ਕਿ ਮਿਨੇਸੋਟਾ ਵਿਚ ਕੀ ਵਾਪਰ ਰਿਹਾ ਹੈ। ਇੱਥੇ ਮਿਨੇਸੋਟਾ ਵਿਚ, ਤੁਹਾਨੂੰ ਖ਼ੁਦ ਹੀ ਇੰਨੀਆਂ ਜ਼ਿਆਦਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਹੜੀਆਂ ਸ਼ਰਨਾਰਥੀਆਂ ਨੂੰ ਗ਼ਲਤ ਢੰਗ ਨਾਲ ਪਨਾਹ ਦੇਣ ਦੀ ਨੀਤੀ ਕਾਰਨ ਪੈਦਾ ਹੋ ਰਹੀਆਂ ਹਨ; ਤੁਹਾਡੇ ਸੂਬੇ ਵਿੱਚ ਵੱਡੀ ਗਿਣਤੀ ਵਿਚ ਸੋਮਾਲੀ ਸ਼ਰਨਾਰਥੀ ਆ ਕੇ ਵੱਸ ਰਹੇ ਹਨ ਤੇ ਤੁਹਾਨੂੰ ਇਸ ਬਾਰੇ ਕੁਝ ਪਤਾ ਵੀ ਨਹੀਂ, ਤੁਸੀਂ ਨਾ ਹੀ ਉਨ੍ਹਾਂ ਦਾ ਸਮਰਥਨ ਕਰਦੇ ਹੋ ਅਤੇ ਉਨ੍ਹਾਂ ਨੂੰ ਪਨਾਹ ਦੇਣ ਤੋਂ ਪਹਿਲਾਂ ਨਾ ਹੀ ਤੁਹਾਡੀ ਪ੍ਰਵਾਨਗੀ ਲਈ ਗਈ ਹੈ ਅਤੇ ਇਨ੍ਹਾਂ ਹੀ ਸ਼ਰਨਾਰਥੀਆਂ ਵਿੱਚੋਂ ਕੁਝ ਆਈਐੱਸਆਈਐੱਸ ਨਾਲ ਜਾ ਕੇ ਹੱਥ ਮਿਲਾ ਰਹੇ ਹਨ ਅਤੇ ਸਾਡੇ ਦੇਸ਼ ਦੇ ਨਾਲ-ਨਾਲ ਸੰਸਾਰ ਵਿਸ਼ਵ ਵਿੱਚ ਹੀ ਅਤਿਵਾਦੀ ਵਿਚਾਰ ਫੈਲਾ ਰਹੇ ਹਨ।"

ਅਤੇ ਫਿਰ ਉਨ੍ਹਾਂ ਮਿਸ਼ੀਗਨ ਦਾ ਰੁਖ਼ ਕੀਤਾ, ਜਿੱਥੇ ਅਰਬ ਮੂਲ ਦੇ ਲੋਕਾਂ ਦੀ ਵੱਡੀ ਗਿਣਤੀ ਵਸੀ ਹੋਈ ਹੈ। ਉੱਥੇ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸ਼ਰਨਾਰਥੀਆਂ ਨੂੰ ਪਨਾਹ ਦੇਣ ਵਾਲੀ ਨੁਕਸਦਾਰ ਨੀਤੀ ਨੇ ਕਿਵੇਂ 'ਤੁਹਾਡੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾ ਦਿੱਤਾ' ਹੈ ਅਤੇ ਇਸ ਨਾਲ ਕਿਵੇਂ 'ਤੁਹਾਡੇ ਸਕੂਲਾਂ ਅਤੇ ਤੁਹਾਡੇ ਭਾਈਚਾਰੇ ਦੇ ਵਸੀਲਿਆਂ ਉੱਤੇ ਬੋਝ ਹੱਦੋਂ ਜ਼ਿਆਦਾ ਵਧ ਗਿਆ ਹੈ।' ਇਨ੍ਹਾਂ ਦੋਵੇਂ ਹੀ ਸੂਬਿਆਂ ਵਿੱਚ ਰਵਾਇਤੀ ਤੌਰ ਉੱਤੇ ਡੈਮੋਕਰੈਟਿਕ ਪਾਰਟੀ ਨੂੰ ਹੀ ਵੋਟਾਂ ਪੈਂਦੀਆਂ ਰਹੀਆਂ ਹਨ ਪਰ ਇਸ ਵਾਰ ਇੱਥੇ ਬਹੁਤ ਗਹਿਗੱਚ ਚੋਣ ਮੁਕਾਬਲੇ ਵੇਖਣ ਨੂੰ ਮਿਲੇ।

ਹਰ ਵਾਰ ਰਾਸ਼ਟਰਪਤੀ ਚੋਣਾਂ ਪੁਰਾਣੀਆਂ ਨੁਕਸਦਾਰ-ਲੀਹਾਂ ਨੂੰ ਮੁੜ ਦ੍ਰਿੜ੍ਹਾਉਂਦੀਆਂ ਹਨ ਅਤੇ ਕੁਝ ਨਵੀਆਂ ਲੀਹਾਂ ਉਸਾਰਦੀਆਂ ਹਨ। ਟਰੰਪ ਦੀ ਮੁਹਿੰਮ ਨੂੰ 'ਸਥਾਪਤ ਵਿਵਸਥਾ ਉਖਾੜ ਸੁੱਟਣ' ਦੇ ਵਿਚਾਰ ਤੋਂ ਹੀ ਆਪਣੇ ਆਪ ਅਥਾਹ ਊਰਜਾ ਮਿਲਦੀ ਰਹੀ ਹੈ; ਖ਼ਾਸ ਤੌਰ 'ਤੇ, 'ਧਾਰਮਿਕ ਸੱਜੇਪੰਥੀਆਂ' ਨੇ ਟਰੰਪ ਬੈਨਰ ਨੂੰ ਆਪਣੇ ਕੱਟੜਪੰਥੀ ਯਤਨਾਂ ਰਾਹੀਂ ਤਕੜੀ ਮਜ਼ਬੂਤੀ ਬਖ਼ਸ਼ੀ। ਇੱਥੇ ਇਹ ਸਮੱਸਿਆ ਪੈਦਾ ਹੋ ਜਾਂਦੀ ਹੈ ਕਿ ਨਵਾਂ ਰਾਸ਼ਟਰਪਤੀ ਆਖ਼ਰ ਇਸ ਖ਼ੁਦ ਬਣਾਏ ਕੇਂਦਰੀ ਵਿਚਾਰ ਤੋਂ ਹਟਵੇਂ ਇਸ ਸਮੂਹ ਨੂੰ ਖ਼ੁਸ਼ ਕਿਵੇਂ ਕਰੇਗਾ, ਜਦ ਕਿ ਹੁਣ ਅਸਲੀਅਤ ਇਹ ਹੈ ਕਿ ਇਹ 'ਹਟਵਾਂ ਸਮੂਹ' ਆਪਣੇ-ਆਪ ਨੂੰ ਪੂਰੇ ਅਧਿਕਾਰ ਨਾਲ ਨਵਾਂ 'ਕੇਂਦਰ' ਸਮਝਣ ਲੱਗਾ ਹੈ।

ਡੋਨਲਡ ਟਰੰਪ ਸੰਭਵ ਹੱਦ ਤੱਕ ਅਜਿਹਾ ਕੋਈ ਬਹਾਨਾ ਨਹੀਂ ਲਾ ਸਕਦੇ ਕਿ ਇਨ੍ਹਾਂ ਅਹਿਮਕਾਂ ਤੇ ਪਾਗਲਪੰਥੀਆਂ ਨੇ ਉਨ੍ਹਾਂ ਦੀ ਵ੍ਹਾਈਟ ਹਾਊਸ ਤੱਕ ਦੀ ਯਾਤਰਾ ਨੂੰ ਕੋਈ ਵੱਡਾ ਹੁਲਾਰਾ ਨਹੀਂ ਦਿੱਤਾ ਅਤੇ ਨਾ ਹੀ ਉਹ ਉਨ੍ਹਾਂ ਨੂੰ ਛੱਡ ਸਕਦੇ ਹਨ; ਪ੍ਰਮੁੱਖ ਨਿਯੁਕਤੀਆਂ ਕਰਦਿਆਂ ਅਤੇ ਨੀਤੀਆਂ ਉਲੀਕਦੇ ਸਮੇਂ ਟਰੰਪ ਇਨ੍ਹਾਂ ਲੋਕਾਂ ਦੀਆਂ ਤਰਜੀਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਜੇ ਹੁਣ ਉਹ "ਮੁੱਖਧਾਰਾ" ਅਤੇ "ਕੇਂਦਰ" ਵੱਲ ਆਉਣ ਦਾ ਯਤਨ ਵੀ ਕਰਨਗੇ, ਤਦ ਉਨ੍ਹਾਂ ਉੱਤੇ ਨਾ ਕੇਵਲ ਸਿਆਸੀ ਬੇਈਮਾਨੀ ਅਤੇ ਬੌਧਿਕ ਦੋਗਲੇਪਣ ਦੇ ਦੋਸ਼ ਲੱਗਣਗੇ, ਸਗੋਂ ਉਨ੍ਹਾਂ ਨੂੰ ਆਪਣੇ ਸਮਰਥਕਾਂ ਦੇ ਗੁੱਸੇ ਦਾ ਵੀ ਸਾਹਮਣਾ ਕਰਨਾ ਪਵੇਗਾ।

ਡੋਨਲਡ ਟਰੰਪ ਦੀ ਜਿੱਤ ਕੇਵਲ ਨਾਂਹ-ਪੱਖੀ ਵੋਟ ਹੀ ਨਹੀਂ ਹੈ, ਜਿਸ ਦਾ ਮੰਤਵ 'ਬੇਈਮਾਨ ਹਿਲੇਰੀ' ਅਤੇ ਉਨ੍ਹਾਂ ਦੇ ਓਨੇ ਹੀ ਘੱਟ ਹਰਮਨਪਿਆਰੇ ਪਤੀ ਨੂੰ ਵ੍ਹਾਈਟ ਹਾਊਸ ਦੇ ਕਿਤੇ ਨੇੜੇ-ਤੇੜੇ ਵੀ ਢੁਕਣ ਨਾ ਦੇਣਾ ਸੀ; ਸਗੋਂ ਇਹ ਇੱਕ ਹਾਂ-ਪੱਖੀ ਵੋਟ ਹੈ, ਜਿਸ ਦਾ ਮਕਸਦ ਗੋਰੇ ਅਮਰੀਕਨਾਂ ਨੰਗੇ-ਚਿੱਟੇ ਗੁੱਸੇ ਦਾ ਲਾਹਾ ਲੈਣਾ ਅਤੇ ਅਮਰੀਕਨ ਕਿਰਦਾਰ ਦੇ ਫ਼ਿੱਟ ਬੈਠਣ ਵਾਲੀ ਵਾਸ਼ਿੰਗਟਨ ਦੀ ਨਿਯਮ-ਪੁਸਤਕ ਨੂੰ ਮੁੜ-ਲਿਖਣਾ ਹੈ।

ਅਜਿਹਾ ਨਹੀਂ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਲਈ ਪਈਆਂ ਇਨ੍ਹਾਂ ਵੋਟਾਂ ਨੇ ਹੀ ਰਾਤੋ-ਰਾਤ ਅਮਰੀਕਾ ਨੂੰ ਬਦਲ ਕੇ ਰੱਖ ਦਿੱਤਾ ਹੈ। ਅਜਿਹੀ ਤਬਦੀਲੀ ਕੁਝ ਸਮਾਂ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਇਸ ਵਾਰ ਦੇ ਮਤਦਾਨ ਦਾ ਸਪਸ਼ਟ ਤੌਰ 'ਤੇ ਇਹੋ ਮਤਲਬ ਹੈ ਕਿ ਅਮਰੀਕਨਾਂ ਨੇ ਸਾਲ 2008 ਵਿੱਚ ਸ਼ੁਰੂ ਹੋਈਆਂ ਉਦਾਰਵਾਦੀ ਸੋਚ ਵਾਲੀਆਂ ਆਪਣੀਆਂ ਗਤੀਵਿਧੀਆਂ ਨੂੰ ਹੁਣ ਤਿਆਗ ਦਿੱਤਾ ਹੈ। ਓਬਾਮਾ ਵਾਲੇ ਤਜਰਬੇ ਨੇ ਅਮਰੀਕੀਆਂ ਦੇ ਮੂੰਹ ਦਾ ਜ਼ਾਇਕਾ 'ਵਿਗਾੜ' ਦਿੱਤਾ ਸੀ। ਅਮਰੀਕਨ ਆਪਣੀਆਂ ਜੜ੍ਹਾਂ ਵੱਲ ਵਾਪਸ ਜਾਣ ਨੂੰ ਕਾਹਲੇ ਪੈ ਰਹੇ ਸਨ। 2016 ਦੇ ਇਸ ਮੁਕਾਬਲੇ ਨੇ ਰਾਸ਼ਟਰਪਤੀ ਦੀ ਸਿਆਸਤ ਨੂੰ ਅਮਰੀਕਨ ਸਮਾਜ ਤੇ ਉਸ ਦੇ ਜਨੂੰਨਾਂ ਅਤੇ ਪੱਖਪਾਤਾਂ ਦੀ ਸੇਧ ਵਿੱਚ ਮੁੜ ਲਿਆ ਖੜ੍ਹਾ ਕੀਤਾ ਹੈ।



**ਹਰ ਵਾਰ ਰਾਸ਼ਟਰਪਤੀ ਚੋਣਾਂ ਪੁਰਾਣੀਆਂ ਨੁਕਸਦਾਰ-ਲੀਹਾਂ ਨੂੰ ਮੁੜ ਦ੍ਰਿੜ੍ਹਾਉਂਦੀਆਂ ਹਨ ਅਤੇ ਕੁਝ ਨਵੀਆਂ ਲੀਹਾਂ ਉਸਾਰਦੀਆਂ ਹਨ। ਟਰੰਪ ਦੀ ਮੁਹਿੰਮ ਨੂੰ 'ਸਥਾਪਤ ਵਿਵਸਥਾ ਉਖਾੜ ਸੁੱਟਣ' ਦੇ ਵਿਚਾਰ ਤੋਂ ਹੀ ਆਪਣੇ ਆਪ ਅਥਾਹ ਊਰਜਾ ਮਿਲਦੀ ਰਹੀ ਹੈ; ਖ਼ਾਸ ਤੌਰ 'ਤੇ, 'ਧਾਰਮਿਕ ਸੱਜੇਪੰਥੀਆਂ' ਨੇ ਟਰੰਪ ਬੈਨਰ ਨੂੰ ਆਪਣੇ ਕੱਟੜਪੰਥੀ ਯਤਨਾਂ ਰਾਹੀਂ ਤਕੜੀ ਮਜ਼ਬੂਤੀ ਬਖ਼ਸ਼ੀ। ਇੱਥੇ ਇਹ ਸਮੱਸਿਆ ਪੈਦਾ ਹੋ ਜਾਂਦੀ ਹੈ ਕਿ ਨਵਾਂ ਰਾਸ਼ਟਰਪਤੀ ਆਖ਼ਰ ਇਸ ਖ਼ੁਦ ਬਣਾਏ ਕੇਂਦਰੀ ਵਿਚਾਰ ਤੋਂ ਹਟਵੇਂ ਇਸ ਸਮੂਹ ਨੂੰ ਖ਼ੁਸ਼ ਕਿਵੇਂ ਕਰੇਗਾ, ਜਦ ਕਿ ਹੁਣ ਅਸਲੀਅਤ ਇਹ ਹੈ ਕਿ ਇਹ 'ਹਟਵਾਂ ਸਮੂਹ' ਆਪਣੇ-ਆਪ ਨੂੰ ਪੂਰੇ ਅਧਿਕਾਰ ਨਾਲ ਨਵਾਂ 'ਕੇਂਦਰ' ਸਮਝਣ ਲੱਗਾ ਹੈ।**

# ਟਰੰਪ ਦੀ ਜਿੱਤ ਖ਼ਿਲਾਫ਼ ਵਿਰੋਧ ਪ੍ਰਦਰਸ਼ਨ, ਸਿਆਟਲ ਦੇ ਪ੍ਰਦਰਸ਼ਨਾਂ ਦੌਰਾਨ ਚੱਲੀ ਗੋਲੀ ਵਿੱਚ ਪੰਜ ਜ਼ਖ਼ਮੀ

## ਸੋਸ਼ਲ ਮੀਡੀਆ-'ਕੈਲੀਫੋਰਨੀਆ ਨੂੰ ਅਮਰੀਕਾ ਨਾਲੋਂ ਅੱਡ ਹੋ ਜਾਣਾ ਚਾਹੀਦੈ'

**ਨਿਊ ਯਾਰਕ/ਬਿਊਰੋ ਨਿਊਜ਼ :** ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨੂੰ ਮਿਲੀ ਜਿੱਤ ਤੋਂ ਗੁੱਸੇ ਵਿੱਚ ਆਏ ਲੱਖਾਂ ਅਮਰੀਕੀ ਸੜਕਾਂ 'ਤੇ ਉਤਰ ਆਏ। ਲੋਕਾਂ ਨੇ ਪੂਰੇ ਮੁਲਕ ਵਿੱਚ ਥਾਂ ਥਾਂ ਪ੍ਰਦਰਸ਼ਨ ਕਰਦਿਆਂ ਆਵਾਜਾਈ ਰੋਕੀ ਤੇ 'ਟਰੰਪ ਮੇਰਾ ਰਾਸ਼ਟਰਪਤੀ ਨਹੀਂ' ਤੇ 'ਫ਼ਾਸ਼ੀਵਾਦਾਂ ਦਾ ਅਮਰੀਕਾ ਨਹੀਂ' ਦੇ ਨਾਅਰੇ ਲਾਏ। ਅਰਬਾਂਪਤੀ ਕਾਰੋਬਾਰੀ ਟਰੰਪ ਦੇ ਮੁਲਕ ਦੇ ਅਗਲੇ ਰਾਸ਼ਟਰਪਤੀ ਵਜੋਂ ਹੋਈ ਚੋਣ ਦੇ ਇਕ ਦਿਨ ਮਗਰੋਂ ਹੋਏ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਹਰ ਉਮਰ ਤੇ ਫਿਰਕੇ ਦੇ ਲੋਕ ਸ਼ਾਮਲ ਹੋਏ।

ਇਸ ਦੌਰਾਨ ਸਿਆਟਲ ਵਿੱਚ ਪ੍ਰਦਰਸ਼ਨ ਵਾਲੀ ਥਾਂ ਨੇੜੇ ਚੱਲੀ ਗੋਲੀ ਵਿੱਚ ਪੰਜ ਲੋਕ ਜ਼ਖ਼ਮੀ ਹੋ ਗਏ। ਹਾਲਾਂਕਿ ਪੁਲੀਸ ਦਾ ਦਾਅਵਾ ਹੈ ਕਿ ਗੋਲੀਬਾਰੀ ਦਾ ਪ੍ਰਦਰਸ਼ਨਾਂ ਨਾਲ ਕੋਈ ਸਬੰਧ ਨਹੀਂ। ਉਂਜ ਅਮਰੀਕਾ ਵਿੱਚ ਜਿਨ੍ਹਾਂ ਥਾਵਾਂ 'ਤੇ ਪ੍ਰਦਰਸ਼ਨ ਹੋਏ ਉਨ੍ਹਾਂ ਵਿੱਚ ਨਿਊ ਯਾਰਕ, ਸ਼ਿਕਾਗੋ, ਫਿਲਾਡੈਲਫੀਆ, ਬੋਸਟਨ, ਕੈਲੀਫੋਰਨੀਆ, ਕੋਲਾਰਾਡੋ, ਸਿਆਟਲ, ਲਾਸ ਏਂਜਲਸ, ਪੋਰਟਲੈਂਡ, ਐਟਲਾਂਟਾ, ਆਸਟਿਨ, ਡੈਨਵਰ, ਸਾਂ ਫਰਾਂਸਿਸਕੋ ਤੇ ਹੋਰ ਸ਼ਹਿਰ ਸ਼ਾਮਲ ਹਨ। ਉਧਰ ਕੈਲੀਫੋਰਨੀਆ ਵਾਸੀਆਂ ਨੇ ਸੋਸ਼ਲ ਮੀਡੀਆ 'ਤੇ ਆਪਣਾ ਨਜ਼ਰੀਆ ਜ਼ਾਹਰ ਕਰਦਿਆਂ ਕਿਹਾ ਕਿ ਟਰੰਪ ਦੀ ਜਿੱਤ ਤੋਂ ਬਾਅਦ ਕੈਲੀਫੋਰਨੀਆ ਨੂੰ ਅਮਰੀਕਾ ਨਾਲੋਂ ਵੱਖ ਹੋ ਜਾਣਾ ਚਾਹੀਦਾ ਹੈ।




ਪ੍ਰਦਰਸ਼ਨਕਾਰੀਆਂ ਨੇ ਮੁਲਕ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਸੜਕਾਂ ਤੇ ਸ਼ਾਹਰਾਹਾਂ 'ਤੇ ਚਲਦੀ ਆਵਾਜਾਈ ਵਿੱਚ ਨਾਅਰੇਬਾਜ਼ੀ ਕਰਦਿਆਂ ਟਰੰਪ ਦੀ ਰਾਸ਼ਟਰਪਤੀ ਵਜੋਂ ਚੋਣ ਖ਼ਿਲਾਫ਼ ਗੁੱਸੇ ਦਾ ਇਜ਼ਹਾਰ ਕੀਤਾ। ਉਨ੍ਹਾਂ 'ਨਫ਼ਰਤ ਲਈ ਕੋਈ ਥਾਂ ਨਹੀਂ' ਤੇ 'ਟਰੰਪ ਸਾਡਾ ਰਾਸ਼ਟਰਪਤੀ ਨਹੀਂ' ਦੇ ਨਾਅਰੇ ਲਾਏ। ਵਾਸ਼ਿੰਗਟਨ ਵਿੱਚ ਪ੍ਰਦਰਸ਼ਨਕਾਰੀ ਵਾਈਟ ਹਾਊਸ ਦੇ ਬਾਹਰ ਇਕੱਠੇ ਹੋ ਗਏ ਤੇ ਉਨ੍ਹਾਂ ਮੋਮਬੱਤੀਆਂ ਜਗਾ ਕੇ ਆਪਣੇ ਰੋਸ ਦਾ ਮੁਜ਼ਾਹਰਾ ਕੀਤਾ। ਨਿਊਯਾਰਕ ਵਿੱਚ ਪ੍ਰਦਰਸ਼ਨਕਾਰੀਆਂ ਨੇ 14ਵੀਂ ਸਟਰੀਟ ਤੋਂ ਪੰਜਵੇਂ ਐਵੇਨਿਊ ਜਿੱਥੇ ਟਰੰਪ ਦੀ ਕੰਪੇਨ ਦਾ ਹੈੱਡ ਆਫਿਸ 'ਦਿ ਟਰੰਪ ਟਾਵਰਜ਼' ਸਥਿਤ ਹਨ, ਤਕ ਮਾਰਚ ਕੀਤਾ। ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਮਗਰੋਂ ਟਰੰਪ ਟਾਵਰ ਨੂੰ ਜਾਂਦੇ ਰਸਤੇ ਨੂੰ ਜਾਮ ਕਰ ਦਿੱਤਾ, ਜਿਸ ਕਰਕੇ ਟਾਵਰਜ਼ ਨੂੰ ਲਗਦੀਆਂ ਦੋਵੇਂ ਸੜਕਾਂ ਪ੍ਰਦਰਸ਼ਨਕਾਰੀਆਂ ਨਾਲ ਖਚਾਖਚ ਭਰ ਗਈਆਂ। ਪ੍ਰਦਰਸ਼ਨਕਾਰੀਆਂ ਨੇ ਸ਼ਿਕਾਗੋ ਡਾਊਨਟਾਊਨ ਵਿੱਚ ਰੈਲੀ ਵੀ ਕੀਤੀ।

ਪ੍ਰਦਰਸ਼ਨਕਾਰੀਆਂ ਵਿੱਚ ਸ਼ਾਮਲ 22 ਸਾਲਾ ਮਾਰੀਅਨ ਹਿੱਲ ਨੇ 'ਦਿ ਸ਼ਿਕਾਗੋ ਟ੍ਰਿਬਿਊਨ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਕਾਫ਼ੀ ਨਿਰਾਸ਼ ਹੈ। ਟਰੰਪ ਦੇ ਰਾਸ਼ਟਰਪਤੀ ਬਣਨ ਮਗਰੋਂ ਹੋਣ ਵਾਲੇ ਨਫ਼ਰਤ ਦੇ ਪਸਾਰੇ ਨੂੰ ਲੈ ਕੇ ਉਹ ਆਪਣੇ ਦੋਸਤਾਂ ਤੇ ਪਰਿਵਾਰ ਲਈ ਥੋੜ੍ਹਾ ਫਿਕਰਮੰਦ ਹੈ। ਰਾਸ਼ਟਰਪਤੀ ਚੋਣਾਂ ਦੌਰਾਨ ਡੈਮੋਕਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਵੱਡਾ ਫ਼ਤਵਾ ਮਿਲਿਆ ਸੀ। ਉਧਰ ਸਿਆਟਲ ਵਿੱਚ ਵੀ ਹਜ਼ਾਰਾਂ ਲੋਕਾਂ ਨੇ ਸੜਕਾਂ ਉੱਤੇ ਨਿਕਲ ਕੇ ਟਰੰਪ ਵਿਰੋਧੀ ਨਾਅਰੇ ਲਾਏ।

## ਆਈਐਸ ਤੇ ਅਲ ਕਾਇਦਾ ਨੇ ਕਿਹਾ-ਅਮਰੀਕਾ ਲਈ 'ਕਾਲੇ ਸਮੇਂ' ਦੀ ਸ਼ੁਰੂਆਤ

**ਵਾਸ਼ਿੰਗਟਨ :** ਇਸਲਾਮਿਕ ਸਟੇਟ ਅਤੇ ਅਲ ਕਾਇਦਾ ਜੇਹਾਦੀਆਂ ਨੇ ਰਾਸ਼ਟਰਪਤੀ ਚੋਣਾਂ ਵਿੱਚ ਡੋਨਲਡ ਟਰੰਪ ਦੀ ਜਿੱਤ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਅਮਰੀਕਾ ਲਈ 'ਕਾਲੇ ਸਮੇਂ' ਦੀ ਸ਼ੁਰੂਆਤ ਹੈ। ਮੀਡੀਆ ਰਿਪੋਰਟਾਂ ਅਨੁਸਾਰ ਕੁੱਝ ਇੰਤਹਾਪਸੰਦਾਂ ਨੇ ਇਸ ਅਰਬਪਤੀ ਕਾਰੋਬਾਰੀ ਹੱਥੋਂ ਅਮਰੀਕਾ ਦਾ 'ਅੰਤ' ਹੋਣ ਦੀ ਭਵਿੱਖਬਾਣੀ ਕੀਤੀ।

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਟਰੰਪ ਦੀ ਜਿੱਤ ਦਾ ਐਲਾਨ ਹੋਣ ਤੋਂ ਥੋੜ੍ਹੀ ਦੇਰ ਬਾਅਦ ਮੱਧ ਪੂਰਬ ਵਿੱਚ ਜੇਹਾਦੀ ਜਥੇਬੰਦੀਆਂ ਦੇ ਉੱਘੇ ਵਿਚਾਰਧਾਰਕਾਂ ਨੇ ਸੋਸ਼ਲ ਮੀਡੀਆ ਉਤੇ ਟਰੰਪ ਦੀ ਜਿੱਤ ਦਾ ਸਵਾਗਤ ਕੀਤਾ।

## ਰਾਸ਼ਟਰਪਤੀ ਚੋਣ ਦੇ ਨਤੀਜਿਆਂ ਤੋਂ ਸਿੱਖ ਭਾਈਚਾਰਾ ਚਿੰਤਤ

### *ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਵਲੋਂ ਸੁਚੇਤ ਰਹਿਣ ਦੀ ਅਪੀਲ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**

ਅਮਰੀਕੀ ਚੋਣਾਂ ਵਿਚ ਡੋਨਾਲਡ ਟਰੰਪ ਦੀ ਜਿੱਤ 'ਤੇ ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਨੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਚੋਣ ਨਤੀਜੇ ਅਣਕਿਆਸੇ ਹਨ ਤੇ ਕਈਆਂ ਲਈ ਹੈਰਾਨ ਕਰਨ ਵਾਲੇ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਲੈਕੇ ਘੱਟ ਗਿਣਤੀਆਂ ਵਿਚ ਕਾਫੀ ਚਿੰਤਾ ਹੈ ਖਾਸ ਕਰਕੇ ਰੰਗ ਭੇਦ ਵਾਲੇ ਲੋਕਾਂ ਵਿਚ। ਉਨ੍ਹਾਂ ਨੇ ਕਿਹਾ ਕਿ ਆਪਣੇ ਚੋਣ ਪ੍ਰਚਾਰ ਦੌਰਾਨ ਹੀ ਡੋਨਾਲਡ ਟਰੰਪ ਨੇ ਕਈ ਨਸਲੀ ਤੇ ਘੱਟ ਗਿਣਤੀਆਂ ਵਿਰੁੱਧ ਬਿਆਨ ਦਿੱਤੇ ਹਨ ਜਿਸ ਨਾਲ ਉਹ ਕਾਫੀ ਚਿੰਤਤ ਸਨ ਤੇ ਇਸ ਨਤੀਜੇ ਨੇ ਸਿੱਖ ਮਨਾਂ ਨੂੰ ਸੁੰਨ ਕਰ ਦਿੱਤਾ ਹੈ।

ਸੰਸਥਾ ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਨੇ ਕਿਹਾ ਕਿ 9-11 ਦੀ ਖੌਫਨਾਕ ਘਟਨਾ ਤੋਂ ਬਾਅਦ ਸਿੱਖ ਭਾਈਚਾਰੇ ਨੂੰ ਅਕਸਰ ਨਫਰਤੀ ਅਪਰਾਧ ਦਾ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ ਤੇ ਇਸ ਚੋਣ ਪ੍ਰਚਾਰ ਦੌਰਾਨ ਮੁਸਲਿਮ ਵਿਰੋਧੀ ਬਿਆਨਾਂ ਨਾਲ ਤਾਂ ਪਿਛਲੇ 15 ਮਹੀਨਿਆਂ ਵਿਚ ਹੋਰ ਵਾਧਾ ਹੋਇਆ ਹੈ। ਇਸ ਲਈ ਸਿਖ ਭਾਈਚਾਰੇ ਨੂੰ ਸੁਚੇਤ ਰਹਿਣਾ ਪਵੇਗਾ ਤੇ ਆਸ ਕਰਦੇ ਹਾਂ ਕਿ ਦੇਸ਼ ਇਸ ਵੰਡ ਪਾਊ ਮਾਹੌਲ ਤੋਂ ਉਭਰੇ। ਉਨਾਂ ਨੇ ਮੰਨਿਆ ਕਿ ਕਲਿੰਟਨ ਦੇ ਮੁਹਿੰਮ ਪੇਂਡੂ ਇਲਾਕਿਆਂ ਵਿਚ ਟਰੰਪ ਦਾ ਸਾਹਮਣਾ ਕਰਨ ਵਿਚ ਨਾਕਾਮ ਰਹੀ ਹੈ। ਕੁਝ ਲੋਕ ਹਨ ਜੋ ਕਿ 2007 ਦੀ ਮੰਦੀ ਤੋਂ ਬਾਅਦ ਅਰਥਵਿਵਸਥਾ ਦੀ ਧੀਮੀ ਚਾਲ ਤੋਂ ਨਿਰਾਸ਼ ਸਨ ਤੇ ਕਲਿੰਟਨ ਦੀ ਮੁਹਿੰਮ ਉਨ੍ਹਾਂ ਦੀ ਇਸ ਨਿਰਾਸ਼ਤਾ ਨੂੰ ਦੂਰ ਕਰਨ ਵਿਚ ਨਾਕਾਮ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਭਾਰਤੀ ਅਮਰੀਕੀਆਂ ਖਾਸ ਕਰਕੇ ਅਮਰੀਕੀ ਸਿੱਖਾਂ ਨੇ ਹਿਲੇਰੀ ਕਲਿੰਟਨ ਦਾ ਜ਼ੋਰਦਾਰ ਸਾਥ ਦਿੱਤਾ ਹੈ। ਮੈ ਖੁਦ ਫਿਲਾਡੈਲਫੀਆ ਵਿਚ ਸਿੱਖ ਵੋਟਰਾਂ ਵਿਚ ਹਿਲੇਰੀ ਦਾ ਜ਼ੋਰਦਾਰ ਚੋਣ ਪ੍ਰਚਾਰ ਕੀਤਾ ਸੀ। ਦੂਜੀ ਪੀੜੀ ਦੇ ਸਿੱਖ ਨੌਜਵਾਨਾਂ ਨੇ ਕਲਿੰਟਨ ਨੂੰ ਜਿਤਾਉਣ ਲਈ ਸਰਗਰਮੀ ਨਾਲ ਕੰਮ ਕੀਤਾ।

ਡਾ. ਸਿੰਘ ਨੇ ਕਿਹਾ ਕਿ ਅਸੀ ਮਹਿਸੂਸ ਕਰਦੇ ਹਾਂ ਕਿ ਡੋਨਾਲਡ ਟਰੰਪ ਦੀ ਵੰਡ ਪਾਊ ਗੱਲ ਨੇ ਦੇਸ਼ 'ਤੇ ਨਾਂਹਪੱਖੀ ਪ੍ਰਭਾਵ ਪਾਇਆ ਹੈ। ਅਮਰੀਕਾ ਇਸ ਵੇਲੇ ਵੰਡਿਆ ਹੋਇਆ ਹੈ ਤੇ ਨਤੀਜਿਆਂ ਨੇ ਸੰਕੇਤ ਦਿੱਤਾ ਹੈ ਕਿ ਅਮਰੀਕੀ ਲੋਕ ਇਕ ਦੂਜੇ ਤੋਂ ਹੀ ਡਰਨ ਲਗ ਗਏ ਹਨ। ਰਾਸ਼ਟਰਪਤੀ ਟਰੰਪ ਨੂੰ ਦੇਸ਼ ਅਤੇ ਇਸ ਦੇ ਲੋਕਾਂ ਨੂੰ ਇਕੱਠਿਆਂ ਕਰਨਾ ਚਾਹੀਦਾ ਹੈ। ਕਾਫੀ ਮਰਹਮ ਪੱਟੀ ਦੇ ਲੋੜ ਹੈ ਤੇ ਅਸੀ ਆਸ ਕਰਦੇ ਹਾਂ ਕਿ ਉਹ ਇਸ ਤੋਂ ਉਪਰ ਉਠਣਗੇ ਤੇ ਉਨ੍ਹਾਂ ਦੀ ਅਗਵਾਈ ਵਿਚ ਭਰੋਸਾ ਪੈਦਾ ਕਰਨ ਲਈ ਰਾਹ ਤਿਆਰ ਕਰਨਗੇ। ਅਸੀ ਉਨ੍ਹਾਂ ਵਲੋਂ ਸਵਾਗਤੀ ਭਾਸ਼ਣ ਵਿਚ ਦਿੱਤੇ ਗਏ ਏਕਤਾ ਦੇ ਸੱਦੇ ਦਾ ਸਵਾਗਤ ਕਰਦੇ ਹਾਂ।

ਉਨ੍ਹਾਂ ਕਿਹਾ ਅਮਰੀਕੀ ਸਿੱਖਾਂ ਨੇ ਇਸ ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਸਖਤ ਮਿਹਨਤ ਕੀਤੀ ਹੈ ਤੇ ਅਗੋਂ ਵੀ ਕਰਦੇ ਰਹਿਣਗੇ। ਅਸੀ ਇਸ ਦੇਸ਼ ਨੂੰ ਬੇਹੱਦ ਪਿਆਰ ਕਰਦੇ ਹਾਂ ਤੇ ਅਸੀ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਮਰੀਕਾ ਹਮੇਸ਼ਾ ਇਹੋ ਜਿਹਾ ਆਜ਼ਾਦ ਮੁਲਕ ਰਹੇ ਜਿਥੇ ਸਾਰਿਆਂ ਨੂੰ ਮੌਕੇ ਮਿਲੇ ਤੇ ਪੂਰੀ ਖੁਲ ਹੋਵੇ। ਅਸੀ ਨਵੀਂ ਅਗਵਾਈ ਨਾਲ ਉਸਾਰੂ ਤੇ ਹਾਂ ਪੱਖੀ ਭੂਮਿਕਾ ਨਿਭਾਉਂਦੇ ਰਹਾਂਗੇ।

## ਟਰੰਪ ਪ੍ਰਸ਼ਾਸਨ ਇਮੀਗ੍ਰੇਸ਼ਨ ਸਬੰਧੀ 10 ਨੁਕਾਤੀ ਯੋਜਨਾ ਨੂੰ ਅਮਲ ਵਿੱਚ ਲਿਆਏਗਾ

### *ਇਨ੍ਹਾਂ ਵਿਚ ਮੈਕਸੀਕੋ ਨਾਲ ਲੱਗਦੀ ਸਰਹੱਦ 'ਤੇ ਕੰਧ ਦੀ ਉਸਾਰੀ ਵੀ ਸ਼ਾਮਲ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਸੱਤਾ ਸੰਭਾਲਣ ਤੋਂ ਬਾਅਦ ਨਵਾਂ ਪ੍ਰਸ਼ਾਸਨ ਅਮਰੀਕਾ ਦੇ ਇਮੀਗ੍ਰੇਸ਼ਨ ਪ੍ਰਬੰਧ ਦੇ 'ਅਸਲ ਰੂਪ' ਨੂੰ ਬਹਾਲ ਕਰਨ ਲਈ 10 ਨੁਕਾਤੀ ਯੋਜਨਾ ਨੂੰ ਅਮਲ ਵਿੱਚ ਲਿਆਏਗਾ। ਇਨ੍ਹਾਂ ਨੁਕਤਿਆਂ ਵਿੱਚ ਮੈਕਸੀਕੋ ਨਾਲ ਲੱਗਦੀ ਸਰਹੱਦ 'ਤੇ ਕੰਧ ਦੀ ਉਸਾਰੀ, ਕੁਝ ਮੁਲਕਾਂ ਲਈ ਵੀਜ਼ੇ ਰੱਦ ਕਰਨਾ ਅਤੇ ਕਾਨੂੰਨੀ ਇਮੀਗ੍ਰੇਸ਼ਨ ਸਿਸਟਮ ਵਿੱਚ ਸੁਧਾਰ ਸ਼ਾਮਲ ਹਨ।

ਟਰੰਪ ਦੀ ਸੱਤਾ ਪਰਿਵਰਤਨ (ਟ੍ਰਾਜ਼ਿਸ਼ਨ) ਟੀਮ ਨੇ ਕਿਹਾ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਦਾ ਪ੍ਰਸ਼ਾਸਨ ਕੱਟੜਵਾਦੀ ਵਿਚਾਰਧਾਰਾਵਾਂ, ਪਰਮਾਣੂ ਹਥਿਆਰਾਂ ਤੇ ਸਾਈਬਰ ਹਮਲਿਆਂ ਨੂੰ ਕੌਮੀ ਰੱਖਿਆ ਤੇ ਸੁਰੱਖਿਆ ਲਈ ਦਰਪੇਸ਼ ਖ਼ਤਰੇ ਦੇ ਤਿੰਨ ਖੇਤਰ ਮੰਨਦਿਆਂ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਕਰੇਗਾ। ਟੀਮ ਨੇ ਇਮੀਗ੍ਰੇਸ਼ਨ ਸੁਧਾਰ ਲਈ 10 ਨੁਕਾਤੀ ਯੋਜਨਾ ਤਿਆਰ ਕੀਤੀ ਹੈ, ਹਾਲਾਂਕਿ ਇਸ ਯੋਜਨਾ ਬਾਰੇ ਬਹੁਤੀ ਜਾਣਕਾਰੀ ਫੌਰੀ ਉਪਲਬਧ ਨਹੀਂ ਹੋ ਸਕੀ। ਪਰ ਯੋਜਨਾ ਵਿੱਚ ਮੋਟੇ ਤੌਰ 'ਤੇ ਉਹ ਨੀਤੀਆਂ ਸ਼ਾਮਲ ਹਨ, ਜਿਨ੍ਹਾਂ ਨੂੰ ਟਰੰਪ ਨੇ ਚੋਣ ਪ੍ਰਚਾਰ ਦੌਰਾਨ ਜ਼ਾਹਰ ਕੀਤਾ ਸੀ। ਸੱਤਾ ਦੇ ਤਬਾਦਲੇ ਤੋਂ ਬਾਅਦ ਟਰੰਪ ਦੀ ਟੀਮ ਜਿਸ ਗੱਲ 'ਤੇ ਮੁੱਖ ਰੂਪ ਵਿੱਚ ਧਿਆਨ ਕੇਂਦਰਿਤ ਕਰੇਗੀ ਉਸ ਵਿੱਚ ਦੇਸ਼ ਦੀ ਦੱਖਣ ਸਰਹੱਦ 'ਤੇ ਕੰਧ ਦੀ ਉਸਾਰੀ, ਗ਼ੈਰਕਾਨੂੰਨੀ ਪਰਵਾਸੀਆਂ ਨੂੰ ਫੜਨਾ ਤੇ ਰਿਹਾਅ ਕਰਨ ਦੇ ਸਿਲਸਿਲੇ ਨੂੰ ਬੰਦ ਕਰਨਾ, ਅਪਰਾਧਿਕ ਗਠਜੋੜਾਂ ਪ੍ਰਤੀ ਸਿਫਰ ਸਹਿਣਸ਼ੀਲਤਾ, ਗੈਰਕਾਨੂੰਨੀ ਪਰਵਾਸੀਆਂ ਨੂੰ ਸ਼ਰਨ ਦੇਣ ਵਾਲੇ ਸ਼ਹਿਰਾਂ ਨੂੰ ਵਿੱਤੀ ਮਦਦ ਰੋਕਣਾ ਅਤੇ ਗ਼ੈਰਸੰਵਿਧਾਨਕ ਸਰਕਾਰੀ ਹੁਕਮਾਂ ਨੂੰ ਰੱਦ ਕਰਨਾ ਤੇ ਸਾਰੇ ਪਰਵਾਸੀ ਕਾਨੂੰਨਾਂ ਨੂੰ ਲਾਗੂ ਕਰਨਾ ਸ਼ਾਮਲ ਹੈ।

ਟੀਮ ਮੁਤਾਬਕ ਇਮੀਗ੍ਰੇਸ਼ਨ ਪ੍ਰਬੰਧ ਵਿੱਚ ਸੁਧਾਰ ਲਈ ਦੋ ਨਵੇਂ ਕਦਮ ਪੁੱਟ ਜਾਣਗੇ। ਇਨ੍ਹਾਂ ਵਿਚੋਂ ਇਕ ਕਦਮ ਉਨ੍ਹਾਂ ਮੁਲਕਾਂ ਦੇ ਪਰਵਾਸੀਆਂ ਦਾ ਵੀਜ਼ਾ ਜਾਰੀ ਕਰਨ ਨੂੰ ਰੱਦ ਕਰਨਾ ਵੀ ਸ਼ਾਮਲ ਹੈ ਜਿਥੇ ਠੀਕ ਢੰਗ ਤਰੀਕੇ ਨਾਲ ਜਾਂਚ ਨਹੀਂ ਹੋਈ। ਉਂਜ ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨੂੰ ਟਰੰਪ ਦੇ ਚੋਣ ਪ੍ਰਚਾਰ ਦੌਰਾਨ ਦਿੱਤੇ ਉਸ ਬਿਆਨ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ ਜਿਸ ਵਿੱਚ ਅਮਰੀਕਾ ਵਿੱਚ ਮੁਸਲਮਾਨਾਂ ਦੇ ਦਾਖ਼ਲੇ 'ਤੇ ਰੋਕ ਲਾਉਣ ਬਾਰੇ ਕਿਹਾ ਗਿਆ ਸੀ। ਇਸ ਯੋਜਨਾ ਤਹਿਤ ਇਹ ਯਕੀਨੀ ਕਰਨਾ ਵੀ ਸ਼ਾਮਲ ਹੈ ਕਿ ਅਮਰੀਕਾ ਵਿੱਚੋਂ ਕੱਢੇ ਗਏ ਲੋਕਾਂ ਨੂੰ ਸਬੰਧਤ ਮੁਲਕ ਸਵੀਕਾਰ ਕਰਨ। ਇਥੇ ਇਹ ਦਿਲਚਸਪ ਗੱਲ ਹੈ ਕਿ ਭਾਰਤ ਨੇ ਘੱਟੋ-ਘੱਟ ਤਿੰਨ ਚਾਰਟਰ ਜਹਾਜ਼ਾਂ ਵਿੱਚ ਗਏ ਲੋਕਾਂ ਨੂੰ ਅਮਰੀਕਾ ਵੱਲੋਂ ਵਾਪਸ ਭੇਜੇ ਜਾਣ 'ਤੇ ਸਵੀਕਾਰ ਕਰ ਲਿਆ ਸੀ। ਇਹ ਸਾਰੇ ਲੋਕ ਗੈਰਕਾਨੂੰਨੀ ਤਰੀਕੇ ਨਾਲ ਗਏ ਸਨ।



**ਟਰੰਪ ਖ਼ਿਲਾਫ਼ ਪ੍ਰਦਰਸ਼ਨ ਜਾਰੀ :**

ਵਾਸ਼ਿੰਗਟਨ :ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੀ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਵਜੋਂ ਚੋਣ ਖ਼ਿਲਾਫ਼ ਪ੍ਰਦਰਸ਼ਨਾਂ ਦਾ ਦੌਰ ਜਾਰੀ ਰਿਹਾ। ਹਾਲਾਂਕਿ ਇਨ੍ਹਾਂ ਦੀ ਤੀਬਰਤਾ ਪਹਿਲੇ ਦਿਨ ਨਾਲੋਂ ਘੱਟ ਸੀ। ਪ੍ਰਦਰਸ਼ਨਕਾਰੀ ਵ੍ਹਾਈਟ ਹਾਊਸ ਅਤੇ ਟਰੰਪ ਦੀਆਂ ਜਾਇਦਾਦਾਂ ਦੇ ਬਾਹਰ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਤੇ ਟਰੰਪ ਦੀ ਚੋਣ ਖ਼ਿਲਾਫ਼ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ। ਨਿਊਯਾਰਕ, ਸਾਨ ਫਰਾਂਸਿਸਕੋ, ਕੋਲੋਰਾਡੋ, ਲਾਸ ਏਂਜਲਸ ਤੇ ਸਿਆਟਲ ਵਿੱਚ ਲੋਕ ਰਾਤ ਨੂੰ ਸੜਕਾਂ 'ਤੇ ਉਤਰ ਆਏ। ਪ੍ਰਦਰਸ਼ਨਕਾਰੀ ਭਾਵੇਂ ਸ਼ਾਂਤ ਚਿੱਤ ਹੋ ਕੇ ਆਪਣਾ ਰੋਸ ਜ਼ਾਹਰ ਕਰ ਰਹੇ ਸਨ, ਪਰ ਦਰਜਨਾਂ ਲੋਕਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਇਸੇ ਦੌਰਾਨ ਸੀਐਨਐਨ ਦੀ ਰਿਪੋਰਟ ਮੁਤਾਬਕ ਕੈਲੀਫੋਰਨੀਆ ਵਿੱਚ ਪ੍ਰਦਰਸ਼ਨਾਂ ਦੌਰਾਨ 40 ਦੇ ਕਰੀਬ ਗੋਲੀਆਂ ਚੱਲੀਆਂ ਤੇ ਤਿੰਨ ਪੁਲੀਸ ਅਧਿਕਾਰੀ ਜ਼ਖ਼ਮੀ ਹੋ ਗਏ। ਉਧਰ ਟਰੰਪ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ ਮੀਡੀਆ ਦੀ ਸਾਜ਼ਿਸ਼ ਦੱਸਦਿਆਂ ਕਿਹਾ ਕਿ ਪ੍ਰਦਰਸ਼ਨਕਾਰੀ ਆਮ ਲੋਕ ਨਹੀਂ ਬਲਕਿ ਇਹ ਪੇਸ਼ੇਵਰ ਮਾਹਰਾਂ ਵੱਲੋਂ ਉਨ੍ਹਾਂ ਖ਼ਿਲਾਫ਼ ਚਲਾਈ ਮੁਹਿੰਮ ਦਾ ਹਿੱਸਾ ਹਨ।

## ਟਰੰਪ ਦੀਆਂ ਇਮੀਗਰੇਸ਼ਨ ਨੀਤੀਆਂ ਦਾ ਵਿਰੋਧ ਕਰਾਂਗੀ : ਕਮਲਾ ਹੈਰਿਸ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਸੈਨੇਟ ਸੀਟ ਜਿੱਤ ਕੇ ਇਤਿਹਾਸ ਸਿਰਜਣ ਵਾਲੀ ਭਾਰਤ-ਅਮਰੀਕੀ ਕਮਲਾ ਹੈਰਿਸ (52) ਨੇ ਕਿਹਾ ਹੈ ਕਿ ਉਹ ਚੁਣੇ ਗਏ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਇਮੀਗਰੇਸ਼ਨ ਨੀਤੀਆਂ ਖ਼ਿਲਾਫ਼ ਮੁਹਾਜ਼ ਖੋਲ੍ਹੇਗੀ। ਉਨ੍ਹਾਂ ਕਿਹਾ ਕਿ ਨਸਲੀ ਅਤੇ ਵਿਦੇਸ਼ੀਆਂ ਨੂੰ ਨਾਪਸੰਦ ਕਰਨ ਵਾਲੀ ਸਿਆਸਤ ਨੂੰ ਨਕਾਰਨਾ ਪਏਗਾ। ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਦਸਤਖ਼ਤੀ ਮੁਹਿੰਮ ਸ਼ੁਰੂ ਕਰਦਿਆਂ ਆਪਣੇ ਹਮਾਇਤੀਆਂ ਨੂੰ ਭੇਜੇ ਈਮੇਲ ਵਿਚ ਉਨ੍ਹਾਂ ਕਿਹਾ ਕਿ ਚੋਣ ਨੇ ਦੇਸ਼ ਦੇ ਲੱਖਾਂ ਲੋਕਾਂ ਨੂੰ ਸ਼ਕਤੀਹੀਣ ਕਰ ਦਿੱਤਾ ਅਤੇ ਉਹ ਖੌਫ਼ਜ਼ਦਾ ਹਨ ਕਿ ਪਤਾ ਨਹੀਂ ਭਵਿੱਖ ਕਿਵੇਂ ਦਾ ਹੋਵੇਗਾ। ਕੈਲੀਫੋਰਨੀਆ ਤੋਂ ਸੈਨੇਟ ਦੀ ਚੋਣ ਜਿੱਤਣ ਵਾਲੀ ਕਮਲਾ



ਹੈਰਿਸ ਨੇ ਟਰੰਪ ਦੀ ਵੱਡੇ ਪੱਧਰ 'ਤੇ ਪਰਵਾਸੀਆਂ ਨੂੰ ਉਨ੍ਹਾਂ ਦੇ ਮੁਲਕ ਭੇਜਣ ਅਤੇ ਅਮਰੀਕਾ-ਮੈਕਸੀਕੋ ਸਰਹੱਦ 'ਤੇ ਦੀਵਾਰ ਬਣਾਉਣ ਦੀਆਂ ਨੀਤੀਆਂ ਨੂੰ ਗ਼ੈਰ ਯਥਾਰਥਵਾਦੀ ਕਰਾਰ ਦਿੱਤਾ। ਕੈਲੀਫੋਰਨੀਆ ਦੀ ਦੋ ਵਾਰ ਅਟਾਰਨੀ ਜਨਰਲ ਰਹੀ ਕਮਲਾ ਹੈਰਿਸ 3 ਜਨਵਰੀ ਨੂੰ ਅਮਰੀਕੀ ਸੈਨੇਟਰ ਵਜੋਂ ਸਹੁੰ ਚੁੱਕਣਗੇ। ਉਨ੍ਹਾਂ ਆਪਣੇ ਡੈਮੋਕਰੈਟਿਕ ਸਾਥੀਆਂ ਨਾਲ ਗੱਲਬਾਤ ਕਰ ਕੇ ਪਰਵਾਸੀਆਂ ਦੀ ਰਾਖੀ ਕਰਨ ਦੀ ਰਣਨੀਤੀ ਬਣਾਉਣ ਬਾਰੇ ਵਿਚਾਰਾਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਵੱਡੇ ਪੱਧਰ 'ਤੇ ਪਰਵਾਸੀਆਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨੀ ਪਏਗੀ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣਾ ਪਏਗਾ।

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

## ਸਿੱਖ ਰਿਲੀਜੀਅਸ ਸੁਸਾਇਟੀ ਵਲੋਂ ਸਾਲਵੇਸ਼ਨ ਆਰਮੀ 'ਚ ਪਾਏ ਯੋਗਦਾਨ ਲਈ ਮੇਜਰ ਨੈਨਸੀ ਦਾ ਸਨਮਾਨ

**ਸ਼ਿਕਾਗੋ/ਬਿਊਰੋ ਨਿਊਜ਼ :** ਸਿੱਖ ਰਿਲੀਜੀਅਸ ਸੁਸਾਇਟੀ ਆਫ਼ ਪੈਲਾਟਾਈਨ, ਇਲੀਨੌਇ ਨੇ ਸਾਲਵੇਸ਼ਨ ਆਰਮੀ ਵਿਚ ਪਾਏ ਅਹਿਮ ਯੋਗਦਾਨ ਅਤੇ ਪ੍ਰਤੀਬੱਧਤਾ ਲਈ ਮੇਜਰ ਨੈਨਸੀ ਬੀ. ਪਾਵਰਜ਼ ਦਾ ਸਨਮਾਨ ਕੀਤਾ। ਉਨ੍ਹਾਂ ਸਿੱਖ ਭਾਈਚਾਰੇ ਵਲੋਂ ਇਹ ਸਨਮਾਨ ਦਿੱਤਾ ਗਿਆ ਤਾਂ ਜੋ ਸਿੱਖਾਂ ਦੀ ਪਛਾਣ ਬਾਰੇ ਜਾਗਰੂਕ ਕੀਤਾ ਜਾ ਸਕੇ। ਇਸ ਮੌਕੇ ਮੇਜਰ ਨੈਨਸੀ ਨੇ ਕਿਹਾ, 'ਉਹ ਸਿੱਖ ਪਛਾਣ ਦੇ ਮੁੱਦੇ ਤੋਂ ਜਾਣੂ ਹੈ। ਜਦੋਂ ਉਹ ਸਿੱਖਾਂ ਦੇ ਸੰਪਰਕ ਵਿਚ ਆਈ ਤਾਂ ਉਸ ਨੇ ਸਿੱਖਾਂ ਦੇ ਸੇਵਾ ਭਾਵਨਾ ਵਾਲਾ ਵਤੀਰੇ ਤੋਂ ਬਹੁਤ ਪ੍ਰਭਾਵਤ ਹੋਈ। ਉਹ ਸਿੱਖ ਧਰਮ ਬਾਰੇ ਵੀ ਜਾਣਨਾ ਚਾਹੁੰਦੀ ਹੈ। ਮੈਂ ਪੂਰੀ ਕੋਸ਼ਿਸ਼ ਕਰਾਂਗੀ ਕਿ ਸਿੱਖਾਂ ਦੇ ਅਸਲ ਸੇਵਾ ਭਾਵਨਾ ਵਾਲੇ ਕਿਰਦਾਰ ਬਾਰੇ ਅਮਰੀਕੀ ਜਾਣ ਸਕਣ।' ਜ਼ਿਕਰਯੋਗ ਹੈ ਕਿ ਸਾਲਵੇਸ਼ਨ ਆਰਮੀ 1972 ਵਿਚ ਹੋਂਦ 'ਚ ਆਈ ਸੀ ਜੋ ਸੰਸਾਰ ਭਰ ਵਿਚ ਲੋੜਵੰਦਾਂ ਨੂੰ ਭੋਜਨ, ਕੱਪੜੇ, ਸਿਹਤ ਸਹੂਲਤਾਂ, ਦਵਾਈਆਂ ਵਗੈਰਾ ਮੁਹੱਈਆ ਕਰਵਾਉਂਦੀ ਹੈ। ਸ਼ਿਕਾਗੋ ਦੇ ਸਿੱਖ 1992 ਵਿਚ ਟੋਮ ਸੇਅ ਸਾਲਵੇਸ਼ਨ ਆਰਮੀ ਸੈਂਟਰ ਨਾਲ ਜੁੜੇ ਸਨ। ਮਨੁੱਖਤਾ ਦੀ ਸੇਵਾ ਲਈ ਜੋ ਕੁਝ ਸਾਲਵੇਸ਼ਨ ਆਰਮੀ ਵਲੋਂ ਕੀਤਾ ਜਾਂਦਾ ਹੈ, ਉਹੀ ਕੁਝ ਗੁਰੂ ਗ੍ਰੰਥ ਸਾਹਿਬ ਨੇ ਸਾਨੂੰ ਸਿਖਾਇਆ ਹੈ ਕਿ ਕਿਵੇਂ ਲੋੜਵੰਦਾਂ ਅਤੇ ਮਨੁੱਖਤਾ ਦੀ ਸੇਵਾ ਕਰਨੀ ਹੈ।

ਸਿੱਖ ਰਿਲੀਜੀਅਸ ਸੁਸਾਇਟੀ ਨੇ ਉਨ੍ਹਾਂ ਸਾਰੇ ਪਰਿਵਾਰਾਂ ਅਤੇ ਸੰਸਥਾਵਾਂ ਦਾ ਧੰਨਵਾਦ ਕੀਤਾ ਜੋ 1992 ਤੋਂ ਉਨ੍ਹਾਂ ਨਾਲ ਜੁੜੇ ਹੋਏ ਹਨ। ਜ਼ਿਕਰਯੋਗ ਹੈ ਕਿ ਟੋਮ ਸੇਅ ਸਾਲਵੇਸ਼ਨ ਆਰਮੀ ਸੈਂਟਰ 2008 ਵਿਚ ਬੰਦ ਹੋ ਗਿਆ ਸੀ। ਇਹ ਸੰਸਥਾ 2008 ਤਕ ਥੈਂਕਸਗਿਵਿੰਗ ਅਤੇ ਕ੍ਰਿਸਮਸ 'ਤੇ ਲੋੜਵੰਦਾਂ ਦੀ ਮਦਦ ਕਰਦੀ ਰਹੀ ਹੈ। ਸਾਲਵੇਸ਼ਨ ਆਰਮੀ ਦੀ ਨਵੀਂ ਸਥਾਪਨਾ 1515 ਵੈਸਟ ਮੋਨਰੇ ਸਟਰੀਟ, ਸ਼ਿਕਾਗੋ ਵਿਖੇ ਕੀਤੀ ਗਈ। ਸਿੱਖਾਂ ਨੇ 2014 ਵਿਚ ਮੁੜ ਆਪਣੀਆਂ ਸੇਵਾਵਾਂ ਬਹਾਲ ਕਰਦਿਆਂ ਥੈਂਕਸਗਿਵਿੰਗ ਅਤੇ ਕ੍ਰਿਸਮਸ ਮੌਕੇ ਇਸ ਨਵੀਂ ਥਾਂ 'ਤੇ ਖਾਣੇ ਦਾ ਪ੍ਰਬੰਧ ਕੀਤਾ। ਇਸ ਤੋਂ ਇਲਾਵਾ ਸਿੱਖ ਰਲੀਜੀਅਸ ਸੁਸਾਇਟੀ ਵਲੋਂ ਸੰਗਤਾਂ ਦੇ ਸਹਿਯੋਗ ਲਈ ਇਕ ਦਾਨ-ਪੱਤਰ ਵੀ ਲਾਇਆ ਗਿਆ ਹੈ। ਇਸ ਬਕਸੇ ਦਾ ਅੱਧਾ ਪੈਸਾ ਸਾਲਵੇਸ਼ਨ ਆਰਮੀ ਅਤੇ ਅੱਧਾ ਅੰਮ੍ਰਿਤਸਰ ਸਥਿਤ ਪਿੰਗਲਵਾੜਾ ਨੂੰ ਦਿੱਤਾ ਜਾਂਦਾ ਹੈ। ਸਿੱਖ ਰਿਲੀਜੀਅਸ ਸੁਸਾਇਟੀ ਨੇ ਆਪਣੇ ਸਾਰੇ ਮੈਂਬਰਾਂ ਅਤੇ ਸਿੱਖ ਸੰਸਥਾਵਾਂ ਨੂੰ ਅਜਿਹੇ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਸੁਸਾਇਟੀ ਦੇ ਸਰਵਨ ਸਿੰਘ ਨੇ ਦੱਸਿਆ ਕਿ ਇਸ ਵਰ੍ਹੇ ਥੈਂਕਸਗਿਵਿੰਗ 24 ਨਵੰਬਰ ਨੂੰ ਆ ਰਿਹਾ ਹੈ ਅਤੇ ਇਸ ਦਿਨ ਸਿੱਖ ਸਵੇਰੇ 9 : 30 ਵਜੇ ਹਾਰਬਰ ਲਾਈਟ ਸੈਂਟਰ 1515 ਵੈਸਟ ਮੋਨਰੇ ਸਟਰੀਟ, ਸ਼ਿਕਾਗੋ, ਇਲਿਨੋਇ 60607 ਵਿਖੇ ਇਕੱਤਰ ਹੋਣਗੇ। ਜੇਕਰ ਕੋਈ ਇਸ ਵਿਚ ਸ਼ਿਰਕਤ ਕਰਨਾ ਚਾਹੁੰਦਾ ਹੈ ਤਾਂ 224-628-5522 ਜਾਂ 847-358-1117 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ 'ਚ ਮੁੜ ਅਕਾਲੀ ਦਲ ਦੀ ਸਰਕਾਰ ਬਣੇਗੀ : ਰਵਿੰਦਰ ਸਿੰਘ ਬੋਇਲ

### *ਖਹਿਰਾ ਵਲੋਂ ਨਵਾਡਾ 'ਚ ਸੀਨੀਅਰ ਅਕਾਲੀ ਦਲ ਦਾ ਯੂਨਿਟ ਕਾਇਮ ਕਰਨ ਦਾ ਐਲਾਨ*



**ਸੈਕਰਾਮੈਂਟੋ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਅਤੇ ਸੀਨੀਅਰ ਅਕਾਲੀ ਦਲ ਵੈਸਟ ਕੋਸਟ ਅਮਰੀਕਾ ਵਲੋਂ ਨਵਾਡਾ ਸਟੇਟ ਵਿਚ ਬੀਤੇ ਦਿਨੀਂ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਦੇ ਪ੍ਰਧਾਨ ਸ. ਰਵਿੰਦਰ ਸਿੰਘ ਬੋਇਲ ਨੇ ਕੀਤੀ। ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਦੇ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਅਤੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ, ਅਮਰੀਕਾ ਦੇ ਚੀਫ਼ ਕੋਆਰਡੀਨੇਟਰ ਸ. ਅਰਵਿੰਦਰ ਸਿੰਘ ਲਾਖਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮੀਟਿੰਗ ਨੂੰ ਕਾਮਯਾਬ ਕਰਨ ਵਿਚ ਨਵਾਡਾ ਸਟੇਟ ਯੂਨਿਟ ਦੇ ਪ੍ਰਧਾਨ ਨਛੱਤਰ ਸਿੰਘ ਗੋਸਲ, ਨਵਜੀਤ ਸਿੰਘ ਜਨਰਲ ਸਕੱਤਰ, ਬਿਸ਼ਨ ਸਿੰਘ ਪਰਮਾਰ ਚੇਅਰਮੈਨ, ਪਲਵਿੰਦਰ ਸਿੰਘ ਬੁੱਟਰ ਮੀਤ ਪ੍ਰਧਾਨ ਨੇ ਪ੍ਰਮੁੱਖ ਭੂਮਿਕਾ ਨਿਭਾਈ। ਇਸ ਮੀਟਿੰਗ ਵਿਚ ਨਵਾਡਾ ਦੇ ਰੀਨੋ ਸ਼ਹਿਰ ਵਿਚ ਰਹਿੰਦੇ ਪੰਜਾਬੀ ਹੁਮ-ਹੁਮਾ ਕੇ ਪੁੱਜੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ. ਬੋਇਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ 9 ਸਾਲਾਂ ਵਿਚ ਰਿਕਾਰਡ ਤੋੜ ਵਿਕਾਸ ਕਰਵਾਇਆ ਹੈ, ਜਿਸ ਸਦਕਾ 2017 ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਐਨ.ਆਰ.ਆਈ ਵੀਰਾਂ ਨੂੰ ਵਿਸ਼ੇਸ਼ ਸਹੂਲਤਾਂ ਮਿਲੀਆਂ ਹਨ, ਜਦੋਂਕਿ ਕਾਂਗਰਸ ਨੇ ਆਪਣੇ 50 ਸਾਲਾਂ ਦੇ ਰਾਜ ਦੌਰਾਨ ਕਿਸੇ ਵੀ ਐਨ.ਆਰ.ਆਈਜ਼ ਨੂੰ ਕੋਈ ਵੀ ਸਹੂਲਤ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਮਜ਼ਬੂਤ ਹੋ ਕੇ ਅਤੇ ਉਤਸ਼ਾਹ ਨਾਲ ਕੰਮ ਕਰ ਰਿਹਾ ਹੈ। ਇਸ ਮੌਕੇ ਸ. ਕੁਲਵੰਤ ਸਿੰਘ ਖਹਿਰਾ, ਸੀਨੀਅਰ ਮੀਤ ਪ੍ਰਧਾਨ ਵੈਸਟ ਕੋਸਟ ਹਰਬੰਸ ਸਿੰਘ ਚਾਹਲ, ਜਨਰਲ ਸਕੱਤਰ ਵੈਸਟ ਕੋਸਟ ਦਲਬੀਰ ਸਿੰਘ ਸੰਘੇੜਾ, ਸੀਨੀਅਰ ਮੀਤ ਪ੍ਰਧਾਨ ਵੈਸਟ ਕੋਸਟ ਪਰਮਜੀਤ ਸਿੰਘ ਦਾਖਾ, ਜਗਤਾਰ ਸਿੰਘ ਜੌਹਲ, ਗੁਰਮੇਲ ਸਿੰਘ ਉਪਲ, ਉਪਿੰਦਰ ਸਿੰਘ ਢਿੱਲੋਂ ਨੇ ਆਪਣੇ ਸੰਬੋਧਨ 'ਚ ਮਿਸ਼ਨ 2017 ਫ਼ਤਹਿ ਕਰਨ ਲਈ ਦਿਨ ਰਾਤ ਇਕ ਕਰਨ ਦਾ ਨਿਸਚਾ ਕੀਤਾ। ਇਸ ਮੌਕੇ ਸ. ਅਰਵਿੰਦਰ ਸਿੰਘ ਲਾਖਨ, ਸ੍ਰੀ ਵਿਨੇ ਵੋਹਰਾ ਸੀਨੀਅਰ ਮੀਤ ਪ੍ਰਧਾਨ, ਸਤਵੀਰ ਸਿੰਘ ਹੀਰ ਮੀਡੀਆ ਸਕੱਤਰ, ਸ਼ੇਰ ਸਿੰਘ ਚੌਹਾਨ ਜਨਰਲ ਸਕੱਤਰ, ਭੁਪਿੰਦਰ ਸਿੰਘ ਜਾਡਲਾ ਐਡਵਾਈਜ਼ਰ, ਝਲਮਣ ਸਿੰਘ ਨੇ ਪਾਰਟੀ ਪ੍ਰਚਾਰ ਨੂੰ ਹੋਰ ਤੇਜ਼ ਕਰਨ ਅਤੇ ਪਾਰਟੀ ਵਲੋਂ ਕੀਤੇ ਜਾ ਰਹੇ ਕੰਮਾਂ ਨੂੰ ਘਰ ਘਰ ਪਹੁੰਚਾਉਣ ਲਈ ਕਿਹਾ। ਇਸ ਮੌਕੇ ਸੈਨਹੋਜ਼ੇ ਕਾਊਂਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਤੱਖਰ, ਗੁਰਸੇਵਕ ਸਿੰਘ ਕੈਲੀਫੋਰਨੀਆ, ਜਤਿੰਦਰ ਸਿੰਘ ਜੌਹਲ, ਕਰਨਵੀਰ ਸਿੰਘ, ਸੁੱਖਾ ਅਟਵਾਲ, ਬਲਕਾਰ ਸਿੰਘ ਮਾਨ, ਸੁਪਨਦੀਪ ਸਿੰਘ ਭੁੱਲਰ, ਪੁਨੀਤ ਅਰੋੜਾ, ਵੰਸ਼ਦੀਪ ਸਿੰਘ ਸਿੱਧੂ ਵੀ ਹਾਜ਼ਰ ਸਨ। ਅੰਤ ਵਿਚ ਮੀਟਿੰਗ ਦੀ ਸਫ਼ਲਤਾ ਲਈ ਸ. ਨਵਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਸਕੱਤਰ ਜਨਰਲ ਵੈਸਟ ਕੋਸਟ ਸ. ਪਰਮਿੰਦਰਪਾਲ ਸਿੰਘ ਰਾਠੌਰ ਨੇ ਨਿਭਾਈ।

## ਫਰਿਜ਼ਨੋ ਯੂਨਾਈਟਿਡ ਸਪੋਰਟਸ ਕਲੱਬ ਦਾ ਗਠਨ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਖੇਡਾਂ ਨੂੰ ਉਤਸ਼ਾਹਤ ਕਰਨ ਲਈ ਇਥੋਂ ਦੇ ਬੰਬੇ ਬਿਜ਼ਨਸ ਪਾਰਕ ਵਿੱਚ ਵਿਸ਼ੇਸ਼ ਮੀਟਿੰਗ ਸੱਦੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਖੇਡ ਪ੍ਰੇਮੀਆਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਖੇਡਾਂ ਸੰਬੰਧੀ ਖੁੱਲ੍ਹ ਕੇ ਵਿਚਾਰ-ਵਟਾਂਦਰੇ ਮਗਰੋਂ ਫਰਿਜ਼ਨੋ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਸਥਾਪਨਾ ਕੀਤੀ ਗਈ। ਮੀਟਿੰਗ ਦੇ ਅੰਤ ਵਿੱਚ ਸਰਬਸੰਮਤੀ ਨਾਲ ਸਤਨਾਮ ਸਿੰਘ ਨੂੰ ਕਲੱਬ ਦਾ ਪ੍ਰਧਾਨ, ਸੁਖਜਿੰਦਰ ਸਿੰਘ ਬਬਲੇ ਨੂੰ ਵਾਈਸ ਪ੍ਰਧਾਨ, ਰਛਪਾਲ ਸਹੋਤਾ ਨੂੰ ਮੀਤ ਪ੍ਰਧਾਨ, ਅਮਰਜੀਤ ਸਿੰਘ ਦਾਉਧਰ ਨੂੰ ਜਰਨਲ ਸਕੱਤਰ, ਗੁਰਪਰੀਤ ਸਿੱਘ ਸਿੱਧੂ, ਗੁਰਿੰਦਰ ਸਿੰਘ ਨੂੰ ਖਜਾਨਚੀ, ਮੀਡੀਆ ਸਲਾਹਕਾਰ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ, ਨਾਜਰ ਸਿੰਘ ਸਹੋਤਾ ਅਤੇ ਜਮਮੀਤ ਸਿੰਘ ਨੂੰ ਥਾਪਿਆ ਗਿਆ। ਕਲੱਬ ਦੇ ਅਗਲੇ ਸਾਲ ਦੇ ਪ੍ਰੋਗਰਾਮ ਦੀਆਂ ਤਰੀਕਾਂ ਦਾ ਐਲਾਨ ਜਲਦੀ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਜਗਰਾਜ ਸਿੰਘ ਦੌਧਰ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ।

## ਫਰਿਜ਼ਨੋ 'ਚ ਜੀਤ ਜਗਜੀਤ ਨੇ ਲਾਈ ਸਭਿਆਚਾਰਕ ਗੀਤਾਂ ਦੀ ਝੜੀ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਲੋਕ ਗਾਇਕ ਜੀਤ ਜਗਜੀਤ ਨੇ ਇਥੋਂ ਦੇ ਸੈਂਟਰਲ ਹਾਈ ਸਕੂਲ ਦੇ ਈਸਟ ਕੈਂਪਸ ਵਿਚ ਸਭਿਆਚਾਰਕ ਅਤੇ ਮਿਆਰੀ ਗੀਤਾਂ ਦੀ ਝੜੀ ਲਾਈ। ਜ਼ਿਕਰਯੋਗ ਹੈ ਕਿ ਉਹ ਇਨ੍ਹੀਂ ਦਿਨੀਂ ਪੰਜਾਬੀ ਫੋਕ ਲੋਰ ਦੇ ਬੈਨਰ ਹੇਠ ਸ਼ੋਅ ਕਰਨ ਲਈ ਅਮਰੀਕਾ ਦੀ ਧਰਤੀ 'ਤੇ ਪਹੁੰਚੇ ਹੋਏ ਹਨ। ਇਸੇ ਕੜੀ ਤਹਿਤ ਉਨ੍ਹਾਂ ਫਰਿਜ਼ਨੋ ਵਿਚ ਆਪਣਾ ਦੂਸਰਾ ਸ਼ੋਅ ਪੇਸ਼ ਕੀਤਾ ਸੀ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚ ਕੇ ਜੀਤ ਜਗਜੀਤ ਦੀ ਮਿਆਰੀ ਗਾਇਕੀ ਦਾ ਅਨੰਦ ਮਾਣਿਆ। ਇਹ ਪ੍ਰੋਗਰਾਮ ਤਕਰੀਬਨ ਤਿੰਨ ਘੰਟੇ ਚੱਲਿਆ। ਸ਼ੋਰ ਸ਼ਰਾਬੇ ਵਾਲੇ ਸੰਗੀਤ ਤੋਂ ਹੱਟ ਕੇ ਅਲੋਪ ਹੋ ਰਹੇ ਰਵਾਇਤੀ ਸਾਜ ਢੱਡ-ਸਾਰੰਗੀ ਦੀ ਜੁਗਲਬੰਦੀ ਨੇ ਸਰੋਤਿਆਂ ਨੂੰ ਕੀਲੀ ਰੱਖਿਆ। ਸਾਫ਼ ਸੁਥਰੀ ਸ਼ਾਇਰੀ ਅਤੇ ਸਭਿਆਚਾਰਕ ਗਾਇਕੀ ਦਾ ਲੋਕਾਂ ਨੇ ਤਾੜੀਆਂ ਦੀ ਗੂੰਜ ਨਾਲ ਸਵਾਗਤ ਕੀਤਾ। ਇਸ ਮੌਕੇ ਬਹੁਤ ਸਾਰੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪੰਜਾਬੀ ਸੰਗੀਤ ਨੂੰ ਵਿਦੇਸ਼ਾਂ ਵਿੱਚ ਪ੍ਰਫੁੱਲਤ ਕਰਨ ਵਾਲੇ ਪਾਲ ਮਾਹਿਲ ਖਾਸ ਤੌਰ 'ਤੇ ਕੈਨੇਡਾ ਤੋਂ ਇਸ ਸ਼ੋਅ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਹੋਏ ਸਨ। ਸਟੇਜ ਸੰਚਾਲਨ ਰੇਡੀਓ ਹੋਸਟ ਗੁਰਪ੍ਰੀਤ ਧਾਲੀਵਾਲ ਨੇ ਬਾਖੂਬੀ ਕੀਤਾ। ਇਸ ਸ਼ੋਅ ਦੇ ਯਾਦਗਾਰੀ ਪਲਾਂ ਨੂੰ ਮੋਗਾ ਵੀਡੀਓ ਡਾਟ ਕਾਮ ਨੇ ਕੈਮਰਾਬੱਧ ਕੀਤਾ।



# ਪੰਜਾਬੀ ਲਿਖਾਰੀ ਸਭਾ ਨੇ ਸਿਹਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ

### *ਹੈਲਥ ਹੀਲਿੰਗ ਦੇ ਡਾਕਟਰਾਂ ਨੇ ਸਿਹਤ ਸਬੰਧੀ ਵਿਚਾਰ ਸਾਂਝੇ ਕੀਤੇ*



**ਸਿਆਟਲ/ਬਿਊਰੋ ਨਿਊਜ਼ :**
ਪੰਜਾਬੀ ਲਿਖਾਰੀ ਸਭਾ ਸਿਆਟਲ ਰਜਿ. ਵਲੋਂ ਚੰਗੀ ਸਿਹਤ ਚੇਤਨਾ ਮੀਟਿੰਗ ਬੀਤੇ ਦਿਨੀਂ ਇਥੋਂ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਗੈਸਟ ਹਾਊਸ ਵਿਚ ਹੋਈ। ਇਸ ਵਿਚ ਗੈਰ ਲਾਭਕਾਰੀ ਸੰਸਥਾ 'ਹੈਲਥ ਹੀਲਿੰਗ' ਦੇ ਡਾਕਟਰਾਂ ਡਾ. ਸੁਧੀਰ ਰਲ੍ਹਨ (425-614-1282), ਡਾ. ਵਿਕਾਸ ਸ਼ਰਮਾ (425-892-4337), ਮਨਜੀਤ ਕੌਰ ਗਿਲ (253-283-3145), ਡਾ. ਸੁਰਿੰਦਰ ਸਿੰਘ ਗਿੱਲ ਨੇ ਸਿਹਤ ਸਬੰਧੀ ਵਿਚਾਰ ਸਾਂਝੇ ਕੀਤੇ। ਅਜੋਕੇ ਭੱਜ-ਦੌੜ ਦੇ ਦੌਰ ਵਿਚ ਮਨੋਵਿਗਿਆਨਕ ਅਤੇ ਸਰੀਰਕ ਰੋਗਾਂ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ, ਬਾਰੇ ਸਵਾਲ ਜਵਾਬ ਹੋਏ। ਇਹ ਸੰਸਥਾ ਅਜਿਹੀਆਂ ਉਲਝਣਾਂ ਦੇ ਹੱਲ ਲਈ ਮੁਫ਼ਤ ਸਿਹਤ ਸੇਵਾਵਾਂ ਪ੍ਰਦਾਨ ਕਰਦੀ ਹੈ। ਕਿਸੇ ਵੀ ਤਰ੍ਹਾਂ ਦੀ ਸਿਹਤ ਸਬੰਧੀ ਸਲਾਹ-ਮਸ਼ਵਰਾ ਲੈਣ ਲਈ ਸਬੰਧਤ ਡਾਕਟਰਾਂ ਨਾਲ ਉਨ੍ਹਾਂ ਦੇ ਫੋਨਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੀਟਿੰਗ ਵਿਚ ਅਵਤਾਰ ਸਿੰਘ ਆਦਮਪੁਰੀ, ਜੰਗਪਾਲ ਸਿੰਘ, ਡਾ. ਜੰਗ ਬਹਾਦਰ ਸਿੰਘ, ਸਾਧੂ ਸਿੰਘ ਝੱਜ, ਅਮਰਜੀਤ ਸਿੰਘ ਤਰਸਿਕਾ, ਜੁਗਰਾਜ ਸਿੰਘ ਬਰਾੜ, ਸੁਰਿੰਦਰ ਕੌਰ ਅਤੇ ਗੁਰਦੇਵ ਸਿੰਘ ਸੋਹਲ ਸ਼ਾਮਲ ਹੋਏ। ਇਸ ਮੌਕੇ ਪੰਥ ਦੇ ਮਹਾਨ ਸੇਵਕ ਲੇਖਕ ਅਤੇ ਚਿੰਤਕ ਵਿਦਵਾਨ ਸ. ਰਘਬੀਰ ਸਿੰਘ ਬੈਂਸ ਅਤੇ ਨਾਵਲਕਾਰ ਅਤੇ ਕਹਾਣੀਕਾਰ ਲੇਖਕਾ ਸ਼ੁਸ਼ੀਲ ਕੌਰ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ, ਲਈ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਨ੍ਹਾਂ ਦੋਹਾਂ ਵਲੋਂ ਪੰਜਾਬੀ ਮਾਂ ਬੋਲੀ ਲਈ ਕੀਤੀ ਸੇਵਾ ਦੀ ਸ਼ਲਾਘਾ ਕੀਤੀ। ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਮਾਹੌਲ ਖੁਸ਼ਗਵਾਰ ਬਣਾਈ ਰੱਖਿਆ। ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਸਰੀਰਕ ਤੇ ਮਾਨਸਿਕ ਰੋਗਾਂ, ਘਰੇਲੂ ਪ੍ਰੇਸ਼ਾਨੀਆਂ, ਰਿਸ਼ਤਿਆਂ ਵਿੱਚ ਕੁੜੱਤਣ ਸਬੰਧੀ ਸਵਾਲਾਂ ਦੇ ਜਵਾਬ ਲਈ ਡਾਕਟਰਾਂ ਦੀ ਮਦਦ ਲਈ ਜਾ ਸਕਦੀ ਹੈ। ਇਹ ਸਾਰੇ ਡਾਕਟਰ ਮੁਫ਼ਤ ਵਿਚ ਆਪਣੀਆਂ ਸੇਵਾਵਾਂ ਦਿੰਦੇ ਹਨ। ਇਨ੍ਹਾਂ ਨਾਲ ਪੰਜਾਬੀ, ਹਿੰਦੀ ਜਾਂ ਇੰਗਲਿਸ਼ ਵਿਚ ਗੱਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪੰਜਾਬੀ ਲਿਖਾਰੀ ਸਭਾ ਨਾਲ 253-335-6062 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦੇ ਪੁਰਾਣੇ ਵਿਦਿਆਰਥੀਆਂ ਦੀ ਮਿਲਣੀ 23 ਤੋਂ 25 ਨਵੰਬਰ ਤੱਕ

**ਸਿਆਟਲ/ਬਿਊਰੋ ਨਿਊਜ਼:** ਦੇਸ਼ ਵਿਦੇਸ਼ 'ਚ ਵੱਸਦੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਫਤਹਿਗੜ੍ਹ ਸਾਹਿਬ ਵਿਖੇ 23 ਤੋਂ 25 ਨਵੰਬਰ 'ਮਿੱਤਰ ਮਿਲਣੀ' ਸਮਾਗਮ ਕੀਤਾ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਸਿਆਟਲ ਤੋਂ ਪੁਰਾਣੇ ਵਿਦਿਆਰਥੀ ਦਯਿਆਬੀਰ ਸਿੰਘ ਪਿੰਟੂ ਬਾਠ' ਨੇ ਦਸਿਆ ਕਿ ਪ੍ਰਦੇਸ਼ਾਂ ਤੋਂ ਪੁਰਾਣੇ ਵਿਦਿਆਰਥੀ 20 ਨਵੰਬਰ ਤੱਕ ਪਹੁੰਚ ਰਹੇ ਹਨ ਅਤੇ ਹਰਮਿੰਦਰਪਾਲ ਸਿੰਘ ਪਟਵਾਰੀ, ਮਨਮੋਹਣ ਸਿੰਘ ਮਕਾਰੋਪੁਰ, ਪ੍ਰਧਾਨ ਪ੍ਰਿਤਪਾਲ ਸਿੰਘ, ਇੰਦਰਜੀਤ ਸਿੰਘ ਚੀਮਾ, ਭੁਪਿੰਦਰ ਸਿੰਘ ਕੁਰਾਲੀ ਅਤੇ ਅਮਰਜੀਤ ਸਿੰਘ ਭੱਟੀ ਲੋੜੀਂਦੇ ਕੰਮਾਂ ਵਿਚ ਜੁੱਟੇ ਹੋਏ ਹਨ। ਪਿੰਟੂ ਬਾਠ ਨੇ ਦਸਿਆ ਕਿ ਇਸ ਪ੍ਰੋਗਰਾਮ ਤਹਿਤ 23 ਨਵੰਬਰ ਨੂੰ ਵਿਸਾਲ ਖ਼ੂਨਦਾਨ ਕੈਂਪ ਅਤੇ 24 ਨਵੰਬਰ ਨੂੰ ਪਟਿਆਲਾ ਤੋਂ ਡਾਕਟਰਾਂ ਦੀ ਟੀਮ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਨ ਉਪਰੰਤ ਅੱਖਾਂ ਦਾ ਅਪਰੇਸ਼ਨ ਕਰਨ ਤੋਂ ਇਲਾਵਾ ਮੁਫ਼ਤ ਲੈਨਜ਼ ਤੇ ਐਨਕਾਂ ਦਿਤੀਆਂ ਜਾਣਗੀਆਂ।



ਗੁਰਚਰਨ ਸਿੰਘ ਢਿੱਲੋਂ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ 23 ਨਵੰਬਰ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠ ਆਰੰਭ ਹੋਣਗੇ ਅਤੇ 25 ਨਵੰਬਰ ਨੂੰ ਭੋਗ ਪੈਣ ਉਪਰੰਤ ਐਨ ਆਰ ਆਈ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਹੋਣ ਤੋਂ ਇਲਾਵਾ ਸਰਬਤ ਦਾ ਭੱਲਾ ਟਰੱਸਟ ਦੇ ਮੁਖੀ ਐਸ ਪੀ ਸਿੰਘ ਉਬਰਾਏ ਦਾ ਸਨਮਾਨ ਕੀਤਾ ਜਾਵੇਗਾ ਜਿਨ੍ਹਾਂ ਨੇ ਮਨੁੱਖਤਾ ਤੇ ਸਮਾਜ ਸੇਵਾ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

**Khalsa Insurance Agency is among TOP 50 agencies of Blue Cross in USA.**

Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## Classified

### ਵਰ ਦੀ ਲੋੜ

ਅਮਰੀਕਾ ਵਿਚ ਜਨਮੀ ਖ਼ੂਬਸੂਰਤ ਲੜਕੀ, ਉਮਰ 28, 5' 2'' ਲਈ ਜੱਟ ਸਿੱਖ ਪ੍ਰੋਫੈਸ਼ਨਲ, ਸ਼ੁੱਧ ਸ਼ਾਕਾਹਾਰੀ ਵਰ ਦੀ ਲੋੜ। ਬਿਜ਼ਨਸ ਮਾਰਕੀਟਿੰਗ ਵਿਚ ਬੈਚਲਰ ਡਿਗਰੀ। ਦਹੇਜ ਲੈਣ ਵਾਲੇ ਮੁਆਫ਼ ਕਰਨ। ਫੋਟੋ ਤੇ ਬਾਇਓਡੇਟਾ ਸਮੇਤ ਈਮੇਲ- 5RiversDeep@gmail.com. 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਲੜਕੀ, ਜਨਮ ਦਸੰਬਰ, 1988, 5'5'', ਰੰਗ ਗੋਰਾ, ਖ਼ੂਬਸੂਰਤ, ਅੰਗਰੇਜ਼ੀ ਵਿਚ ਮੁਹਾਰਤ। ਚੰਡੀਗੜ੍ਹ ਵਿਚ ਜਨਮੀ ਤੇ ਪਲੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਕੈਨੇਡਾ ਵਿਚ ਪੜ੍ਹੀ। ਚੰਡੀਗੜ੍ਹ ਵਿਚ ਰਹਿ ਰਿਹਾ ਪੜ੍ਹਿਆ-ਲਿਖਿਆ ਪਰਿਵਾਰ। ਇਕੋ-ਇਕ ਲੜਕੀ, ਖ਼ੁਦ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ। ਪਰਿਵਾਰ ਤੇ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ।

ਸੰਪਰਕ-ਈ ਮੇਲ :hardeepdhillon212@yahoo.com

ਅਮਰੀਕਨ Bachelor's of Science in health Care managment, Caste Hindu Nai age 26, Hight 5' 7" ਲਈ ਯੋਗ ਡਿਗਰੀ ਹੋਲਡਰ ਬਰਾਬਰ ਯੋਗਤਾ ਵਾਲੇ ਵਰ ਦੀ ਲੋੜ ਹੈ। ਫੋਟੋ ਸਮੇਤ ਵੇਰਵਾ ਭੇਜੋ। ਸੀਰੀਅਸ ਸੱਜਣ ਹੀ ਸੰਪਰਕ ਕਰਨ।

ਫੋਨ. 916-760-8485, 916-694-3073

Email: duttadee@yahoo.com

ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।

### Bride WANTED

Seeking Jatt Sikh profesional, Pure Vegetarian match for our US born beautiful daughter, 28, 5' 2''. Bachelor's Degree in Business Marketing. Dowry seekers please excuse. Interested, please contact with photo and biodata at 5RiversDeep@gmail.com.

Jat Sikh Girl, December 1988 born. 5'5'' Very Fair, Beautiful, Smart with Excellent English. Born and brought up in Chandigarh. Educated from PU Chandigarh and Canada. Chandigarh based educated family. Girl only child, owns U/R Property. Family and boy are main concern.

**Contact E-mail : hardeepdhillon212@yahoo.com**

Looking a match for My Nephew, A Saini Sikh, 25 years old, 5 '11" Computer Engineer, completing higher studies in Canada. Girl from California will be prefered. Call at 510-557-6988 or email me Raj@gfbontime.com.

Suitable match for (MDS) orthodontist Sikh vegetarian boy. 28,5-8", preparing (NBDE), Done Observership @ Boston USA, having 10yrs business visa, Father retd. as Bank manager, Mother housewife, only elder brother and his family citizen@ UK .having urban and rural property.

Contact: +919999056353, +1 (510) 598-7345

E-mail : drdentortho@gmail.com

# 'ਆਪ' ਨੇ 18 ਹੋਰ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ

## *ਮਰਹੂਮ ਅਕਾਲੀ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਪਤਨੀ ਨੂੰ ਦਿੱਤੀ ਟਿਕਟ*

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਨੇ ਚੌਥੀ ਸੂਚੀ ਜਾਰੀ ਕਰਕੇ 18 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ 'ਆਪ' 3 ਸੂਚੀਆਂ ਜਾਰੀ ਕਰਕੇ 61 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ ਅਤੇ ਹੁਣ ਕੁੱਲ 79 ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਪਾਰਟੀ ਵੱਲੋਂ ਸਿਰਫ਼ 38 ਉਮੀਦਵਾਰਾਂ ਦਾ ਐਲਾਨ ਕਰਨਾ ਬਾਕੀ ਹੈ। 18 ਉਮੀਦਵਾਰਾਂ ਦੀ ਸੂਚੀ ਵਿੱਚ ਹਲਕਾ ਗਿੱਲ ਤੋਂ 52 ਸਾਲਾ ਜੀਵਨ ਸੰਗੋਵਾਲ, ਬੁਢਲਾਡਾ ਤੋਂ 59 ਸਾਲਾ ਪ੍ਰਿੰਸੀਪਲ ਬੁੱਧਰਾਮ, ਮੋਗਾ ਤੋਂ 40 ਸਾਲਾ ਰਮੇਸ਼ ਗਰੋਵਰ, ਸ਼ੁਤਰਾਣਾ ਤੋਂ 37 ਸਾਲਾ ਪਲਵਿੰਦਰ ਕੌਰ ਸਰਪੰਚ ਪਿੰਡ ਹਰਿਆਊ, ਰਾਏਕੋਟ ਤੋਂ 42 ਸਾਲਾ ਜਗਤਾਰ ਸਿੰਘ ਜੱਗਾ ਹਿੱਸੋਵਾਲ, ਉੜਮੁੜ ਤੋਂ ਐਨਆਰਆਈ ਰਹੇ 47 ਸਾਲਾ ਜਸਵੀਰ ਸਿੰਘ ਗਿੱਲ, ਖੰਨਾ ਤੋਂ 59 ਸਾਲਾ ਐਮਸੀ ਅਨਿਲ ਦੱਤ ਫੱਲੀ, ਰਾਜਾਸਾਂਸੀ ਤੋਂ 28 ਸਾਲਾ ਜਗਜੋਤ ਸਿੰਘ ਢਿੱਲੋਂ, ਬਾਬਾ ਬਕਾਲਾ ਤੋਂ 33 ਸਾਲਾ ਦਲਬੀਰ ਸਿੰਘ ਟੁੰਗ, ਬਠਿੰਡਾ ਤੋਂ 33 ਸਾਲਾ ਜ਼ੋਨ ਇੰਚਾਰਜ ਦੀਪਕ ਬਾਂਸਲ, ਗੜ੍ਹਸ਼ੰਕਰ ਤੋਂ 32 ਸਾਲਾ ਯੂਥ ਵਿੰਗ ਆਗੂ ਜੈ ਕ੍ਰਿਸ਼ਨ ਸਿੰਘ ਰੋੜੀ, ਜ਼ੀਰਾ ਤੋਂ 37 ਸਾਲਾ ਆਜ਼ਾਦ ਐਮਸੀ ਗੁਰਪ੍ਰੀਤ ਸਿੰਘ ਗੋਰਾ, ਗੁਰਦਾਸਪੁਰ ਤੋਂ 62 ਸਾਲਾ ਪ੍ਰਿੰਸੀਪਲ ਅਮਰਜੀਤ ਸਿੰਘ ਚਾਹਲ,



ਦਸੂਹਾ ਤੋਂ 50 ਸਾਲਾ ਬਲਵੀਰ ਕੌਰ ਢੁੱਲ, ਡੇਰਾਬਸੀ ਤੋਂ ਅਕਾਲੀ ਦਲ ਦੇ ਮਰਹੂਮ ਮੰਤਰੀ ਕੈਪਟਨ ਕੰਵਲਜੀਤ ਕੌਰ ਦੀ 71 ਸਾਲਾ ਪਤਨੀ ਸਰਬਜੀਤ ਕੌਰ, ਕਰਤਾਰਪੁਰ ਤੋਂ 46 ਸਾਲਾ ਚੰਦਨ ਗਰੇਵਾਲ, ਚੱਬੇਵਾਲ ਤੋਂ 32 ਸਾਲਾ ਰਮਨ ਕੁਮਾਰ ਅਤੇ ਮਾਲੇਰਕੋਟਲਾ ਤੋਂ 42 ਸਾਲਾ ਟੀਵੀ ਕਲਾਕਾਰ ਅਰਸ਼ਦ ਡਾਲੀ ਨੂੰ ਟਿਕਟ ਦਿੱਤੀ ਗਈ ਹੈ।

**ਬਾਕੀ**

### ਨੋਟਬੰਦੀ, ਕਾਲਾ ਧਨ ਤੇ ਬੇਹਾਲ ਜਨਤਾ

ਇਨ੍ਹਾਂ ਦਾ ਰੁਤਬਾ ਅਤੇ ਪਹੁੰਚ ਏਨੀ ਡੂੰਘੀ ਹੈ ਕਿ ਉਨ੍ਹਾਂ ਨੂੰ ਖਪਾਉਣ ਵਿਚ ਇਨ੍ਹਾਂ ਨੂੰ ਕੋਈ ਖ਼ਾਸ ਦਿੱਕਤ ਨਹੀਂ ਆਏਗੀ। ਭਾਰਤ ਦੀ 84 ਫ਼ੀਸਦੀ ਸੰਪਤੀ ਦੇ ਮਾਲਕ ਸਿਰਫ਼ 20 ਫ਼ੀਸਦੀ ਲੋਕ ਹਨ, ਜਦਕਿ ਬਾਕੀ 80 ਫ਼ੀਸਦੀ ਕੋਲ ਸਿਰਫ਼ 16 ਫ਼ੀਸਦੀ ਸੰਪਤੀ ਹੈ। ਕੀ 20 ਫ਼ੀਸਦੀ ਅਮੀਰ ਲੋਕਾਂ ਦੀ ਬਜਾਏ ਇਨ੍ਹਾਂ 80 ਫ਼ੀਸਦੀ ਗਰੀਬਾਂ ਕੋਲ ਕਾਲਾ ਧਨ ਹੈ? ਪਰ ਇਨ੍ਹਾਂ 80 ਫ਼ੀਸਦੀ ਲੋਕਾਂ ਦੀ ਆਮਦਨੀ ਨਕਦੀ ਵਿਚ ਹੈ, ਇਨ੍ਹਾਂ ਕੋਲ 500 ਜਾਂ ਹਜ਼ਾਰ ਦੇ ਨੋਟ ਵੀ ਹਨ ਅਤੇ ਹੁਣ ਇਨ੍ਹਾਂ ਨੂੰ ਇਹ ਬਦਲਾਉਣ ਵਿਚ ਸਿਰਫ਼ ਤਕਲੀਫ਼ ਹੀ ਨਹੀਂ ਝੱਲਣੀ ਪੈ ਰਹੀ ਸਗੋਂ ਇਨ੍ਹਾਂ ਨੂੰ ਲੁਟਿਆ ਵੀ ਜਾ ਰਿਹਾ ਹੈ।

ਹੁਣ ਜ਼ਰਾ ਇਸ ਦੇ ਦੂਸਰੇ ਪਹਿਲੂਆਂ ਨੂੰ ਵੀ ਦੇਖ ਲਓ। ਨਰਿੰਦਰ ਮੋਦੀ ਨੇ 8 ਨਵੰਬਰ ਦੇ ਆਪਣੇ ਭਾਸ਼ਣ ਵਿਚ ਕਿਹਾ ਕਿ ਇਸ ਫ਼ੈਸਲੇ ਦੀ ਜਾਣਕਾਰੀ ਸਿਰਫ਼ 6 ਲੋਕਾਂ ਨੂੰ ਸੀ। ਪਰ ਹੁਣ ਅਜਿਹੇ ਤੱਥ ਸਾਹਮਣੇ ਆ ਰਹੇ ਹਨ ਜਿਨ੍ਹਾਂ ਤੋਂ ਸਾਫ਼ ਹੈ ਕਿ ਭਾਜਪਾ ਅਤੇ ਸੰਘ ਦੇ ਲੋਕਾਂ ਨੂੰ ਕਾਫ਼ੀ ਪਹਿਲਾਂ ਤੋਂ ਇਸ ਦਾ ਪਤਾ ਚੱਲ ਗਿਆ ਸੀ। ਪਿਛਲੇ ਕਈ ਸਾਲ ਤੋਂ ਬੈਂਕਾਂ ਵਿਚ ਨਕਦੀ ਜਮਾ ਕਰਨ ਦੀ ਦਰ ਵਿਚ ਵਾਧਾ ਨਹੀਂ ਹੋਇਆ ਸੀ। ਪਰ ਪਿਛਲੇ ਤਿੰਨ ਮਹੀਨੇ ਵਿਚ ਅਚਾਨਕ ਇਸ ਵਿਚ ਭਾਰੀ ਵਾਧਾ ਹੋਇਆ। ਦੇਸ਼ ਭਰ ਵਿਚ ਹਜ਼ਾਰਾਂ ਕਰੋੜ ਦੀ ਨਕਦੀ ਜਮਾ ਕਰਵਾਈ ਗਈ। ਮੋਦੀ ਦੇ ਐਲਾਨ ਤੋਂ ਕੁਝ ਹੀ ਘੰਟੇ ਪਹਿਲਾਂ ਬੰਗਾਲ ਵਿਚ ਭਾਜਪਾ ਦੇ ਬੈਂਕ ਖਾਤੇ ਵਿਚ ਇਕ ਕਰੋੜ ਦੀ ਨਕਦੀ ਜਮਾ ਕਰਵਾਈ ਗਈ। ਹੁਣ ਇਹ ਸਾਫ਼ ਹੁੰਦਾ ਜਾ ਰਿਹਾ ਹੈ ਕਿ ਲੋਕਾਂ ਨੂੰ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਅਸੁਰੱਖਿਆ ਤੋਂ ਮੁਕਤੀ ਦਿਵਾਉਣ ਦੇ ਲੁਭਾਵਨੇ ਸੁਪਨੇ ਦਿਖਾ ਕੇ ਸੱਤਾ ਵਿਚ ਆਈ ਭਾਜਪਾ ਸਰਕਾਰ ਨੇ ਆਪਣੇ ਸਾਰੇ ਦਾਅਵਿਆਂ-ਜੁਮਲਿਆਂ ਦੇ ਫੇਲ ਹੋ ਜਾਣ ਕਾਰਨ ਲੋਕਾਂ ਨੂੰ ਭਰਮਾਉਣ ਲਈ ਇਹ ਨਵੀਂ ਨੌਟੰਕੀ ਸ਼ੁਰੂ ਕੀਤੀ ਹੈ। ਮੋਦੀ ਸਰਕਾਰ ਦੇ ਢਾਈ ਸਾਲ ਵਿਚ ਜਨਤਾ ਦੀਆਂ ਮੁਸੀਬਤਾਂ ਘੱਟ ਹੋਣ ਦੀ ਬਜਾਏ ਹੋਰ ਵਧੀਆਂ ਹਨ। ਸਮਾਜ ਵਿਚ ਲਗਾਤਾਰ ਜ਼ਹਿਰ ਘੋਲਿਆ ਜਾ ਰਿਹਾ ਹੈ। ਆਜ਼ਾਦੀ ਦੀ ਲੜਾਈ ਦੇ ਗ਼ਦਾਰ ਲਗਾਤਾਰ ਦੇਸ਼ ਨੂੰ ਵੇਚਣ ਦਾ ਕੰਮ ਕਰ ਰਹੇ ਹਨ ਤੇ ਉਨ੍ਹਾਂ ਦੀ ਲੁੱਟ 'ਤੇ ਸਵਾਲ ਚੁੱਕਣ ਵਾਲਿਆਂ ਨੂੰ 'ਦੇਸ਼ ਭਗਤੀ' ਦੇ ਨਾਂ 'ਤੇ ਸੋਟੀਆਂ ਅਤੇ ਜੇਲਾਂ ਦੇ ਰਹੇ ਹਨ। ਕਦੇ 'ਲਵ-ਜਿਹਾਦ', ਕਦੇ 'ਗਊ ਰੱਖਿਆ', ਕਦੇ 'ਸਰਜੀਕਲ ਸਟਰਾਈਕ' ਦਾ ਰੌਲਾ ਪਾ ਕੇ ਆਪਣਾ ਨਿਕੰਮਾਪਣ ਲੁਕਾਉਣ ਵਿਚ ਅਸਫਲ ਮੋਦੀ ਸਰਕਾਰ ਨੇ ਜਨਤਾ 'ਤੇ ਇਹ ਨਵੀਂ ਸੱਟ ਮਾਰੀ ਹੈ। ਇਸ ਦਾ ਜਵਾਬ ਜਨਤਾ ਦੀ ਇਕਜੁਟਤਾ ਨਾਲ ਹੀ ਦਿੱਤਾ ਜਾ ਸਕਦਾ ਹੈ।

### ਪਾਕਿਸਤਾਨ ਵਲੋਂ ਸਿੱਖਾਂ ਸੰਗਤਾਂ ਲਈ ਚਾਰ ਤੋਹਫ਼ੇ

ਉਨ੍ਹਾਂ ਐਲਾਨ ਕੀਤਾ ਕਿ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਵਿਖੇ ਅੰਗੀਠਾ ਸਾਹਿਬ ਦਾ ਉਦਘਾਟਨ 19 ਨਵੰਬਰ ਨੂੰ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੀ ਜਨਵਰੀ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਜਾਵੇਗਾ।

ਉਨ੍ਹਾਂ ਜਾਣਕਾਰੀ ਦਿੱਤੀ ਕਿ ਗੁਰਦੁਆਰਾ ਕਿਆਰਾ ਸਾਹਿਬ ਸਿੱਖ ਯਾਤਰੀਆਂ ਲਈ ਖੋਲ੍ਹਿਆ ਜਾ ਰਿਹਾ ਹੈ ਜੋ ਕਿ ਪਿਛਲੇ ਕਾਫੀ ਸਾਲਾਂ ਤੋਂ ਬੰਦ ਪਿਆ ਸੀ। ਜਦਕਿ ਬਾਬਾ ਗੁਰੂ ਨਾਨਕ ਦੇ ਨਜ਼ਦੀਕੀ ਸਾਥੀ ਰਹੇ ਭਾਈ ਮਰਦਾਨਾ ਦੀ ਯਾਦਗਾਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਗਿਆ।

### ਟਰੰਪ ਦੀ ਜਿੱਤ ਨਾਲ ਉਲਝੇਗਾ ਤਾਣਾ ਬਾਣਾ

ਹੈ ਅਤੇ ਮੁਸਲਮਾਨਾਂ ਨਾਲ ਨਜਿੱਠਣ ਲਈ ਪਾਕਿਸਤਾਨ ਨੂੰ ਖੂੰਜੇ ਲਾਉਣ ਲਈ ਤਿਆਰ ਹੈ ਅਤੇ ਚੀਨ ਦੀ ਬਜਾਏ ਭਾਰਤ ਨਾਲ ਵਪਾਰ ਕਰਨ ਦਾ ਇੱਛਕ ਹੈ। ਟਰੰਪ ਅਤੇ ਮੋਦੀ ਦੋਨੋਂ ਹੀ ਰੂਸ ਨਾਲ ਦੋਸਤੀ ਕਰ ਕੇ ਨਵਾਂ ਸਮਾਜਕ ਵਰਤਾਰਾ ਸਿਰਜਣਾ ਚਾਹੁੰਦੇ ਹਨ ਜਿਸ ਵਿੱਚ ਘੱਟ-ਗਿਣਤੀਆ ਦੇ ਅਧਿਕਾਰਾਂ ਨੂੰ ਕੋਈ ਜਗ੍ਹਾ ਨਹੀਂ ਅਤੇ ਉਨ੍ਹਾਂ ਨੂੰ 2 ਨੰਬਰ ਦੇ ਸ਼ਹਿਰੀਆਂ ਵਾਂਗ ਗੁਲਾਮਾਂ ਦੀ ਤਰ੍ਹਾਂ ਰਹਿਣਾ ਪਏਗਾ।

ਭਾਰਤੀ ਹਿੰਦੂਆਂ ਨੇ ਟਰੰਪ ਦੀ ਕਿਵੇਂ ਮਦਦ ਕੀਤੀ, ਇਸ ਬਾਰੇ ਅਨੇਕਾਂ ਹੀ ਸਬੂਤ ਮਿਲਦੇ ਹਨ। ਰੂਸ ਵਲੋਂ ਈਮੇਲ ਹੈਕ ਕਰਨ ਤੋਂ ਲੈ ਕੇ ਮਾਇਕ ਮਦਦ ਦੇ ਸਬੂਤ ਮਿਲਣ ਤੋਂ ਬਾਅਦ ਭਾਰਤ ਵਲੋਂ ਕੀ ਅਤੇ ਕਿਵੇਂ ਮਦਦ ਕੀਤੀ ਗਈ, ਆਓ ਇਸ ਬਾਰੇ ਵਿਚਾਰ ਕਰੀਏ।

ਸ਼ਿਕਾਗੋ ਦੇ ਸਲੱਭ ਕੁਮਾਰ ਨੇ ਨਵੰਬਰ 2015 ਵਿਚ ਰਿਪਬਲਿਕ ਹਿੰਦੂ ਕੁਲੀਸ਼ਨ ਨਾਮੀ ਸੰਸਥਾ ਕਾਇਮ ਕੀਤੀ। ਕੁਮਾਰ 2014 ਵਿਚ ਮੋਦੀ ਸਰਕਾਰ ਆਉਣ ਤੋਂ ਬਾਅਦ ਕਈ ਕਾਂਗਰਸਮੈਨ ਆਪਣੇ ਖਰਚੇ 'ਤੇ ਭਾਰਤ ਲੈ ਕੇ ਗਿਆ। ਇਸ ਦੀ ਨੇੜਤਾ ਸਾਬਕਾ ਰਿਪਬਲਿਕਨ ਸਪੀਕਰ ਨਿਊਟ ਗਿੰਗਰਿਚ ਨਾਲ ਹੈ ਜਿਸ ਨੇ ਮਿਸਟਰ ਕੁਮਾਰ ਦੀ ਜਾਣ ਪਹਿਚਾਣ ਡੋਨਲਡ ਟਰੰਪ ਨਾਲ ਕਰਵਾਈ। ਇਸ ਨੇ ਇਹ ਸੰਸਥਾ ਬਣਾ ਕੇ ਐਲਾਨ ਕੀਤਾ ਕਿ ਬਹੁਤੇ ਭਾਰਤੀ ਡੈਮੋਕਰੇਟਿਕ ਪਾਰਟੀ ਵੱਲ ਝੁਕਦੇ ਹਨ ਪਰ ਅਸੀਂ ਹੁਣ ਰਿਪਬਲਿਕਨ ਉਮੀਦਵਾਰ ਦੀ ਮਦਦ ਲਈ ਉਤਰਾਂਗੇ ਕਿਉਂਕਿ ਸਾਡੀ ਹਿੰਦੂ ਨੀਤੀ ਅਤੇ ਵਿਚਾਰਧਾਰਾ ਡੋਨਲਡ ਟਰੰਪ ਨਾਲ ਮੇਲ ਖਾਂਦੀ ਹੈ। ਡੈਮੋਕਰੇਟਿਕ ਪਾਰਟੀ ਹਿੰਦੂਤਵੀ ਸੋਚ ਨਾਲ ਖੜ੍ਹਨਾ ਨਹੀਂ ਸੀ ਚਾਹੁੰਦੀ ਅਤੇ ਖਾਸਕਰ ਮੋਦੀ ਨਾਲ ਉਨ੍ਹਾਂ ਦਾ ਤਾਲਮੇਲ ਜ਼ਿਆਦਾ ਨਹੀਂ ਰਿਹਾ। ਜਿੰਨੀ ਦੇਰ ਮੋਦੀ ਪ੍ਰਧਾਨ ਮੰਤਰੀ ਨਹੀਂ ਬਣਿਆ ਉਹਨੂੰ ਅਮਰੀਕਾ ਦਾ ਵੀਜ਼ਾ ਵੀ ਨਹੀਂ ਦਿੱਤਾ ਗਿਆ। ਮੋਦੀ, ਭਾਜਪਾ ਅਤੇ ਆਰ ਐਸ ਐਸ ਦਾ ਉਹੀ ਰਿਸ਼ਤਾ ਹੈ ਜੋ ਡੋਨਲਡ ਟਰੰਪ ਦੇ ਸੱਜੇ ਪੱਖੀ ਕੱਟੜਪੰਥੀ ਗੋਰਿਆਂ ਦਾ ਹੈ। ਦੋਹਾਂ ਦੀ ਨੀਤੀ ਦੇਸ਼ ਵਿਚ ਉਦਾਰਵਾਦ (Liberalism) ਦੀ ਬਜਾਏ ਵੰਡ (Divisiveness) ਵਾਲੀ ਹੈ। ਦੋਹਾਂ ਵੱਲੋਂ ਖਾਸ ਇਕ ਫਿਰਕੇ ਜਾਂ ਸੋਚ ਦੇ ਧਾਰਨੀਆਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਦੇਸ਼ ਇਕ ਖਾਸ ਧਰਮ ਅਤੇ ਸਭਿਅਤਾ ਦਾ ਪ੍ਰਤੀਕ ਹੈ ਜਿਸ ਨਾਲ ਦੂਜੇ ਭਾਵ ਮੁਸਲਮਾਨਾਂ ਜਾਂ ਹੋਰ ਧਰਮਾਂ ਦੇ ਲੋਕਾਂ ਅਤੇ ਆਵਾਸੀਆਂ (Immigrant) ਤੋਂ ਉਨ੍ਹਾਂ ਅਤੇ ਉਨ੍ਹਾਂ ਦੀ ਸਭਿਅਤਾ ਨੂੰ ਖਤਰਾ ਹੈ।

ਮੋਦੀ ਦੇ ਆਉਣ ਤੋਂ ਬਾਅਦ ਭਾਰਤ ਵਿੱਚ ਘੱਟ ਗਿਣਤੀਆਂ ਤੇ ਆਦਿ ਧਰਮੀਆਂ ਉਤੇ ਹਿੰਸਾ ਵਧੀ ਅਤੇ ਉਨ੍ਹਾਂ ਨੂੰ ਘਰ ਵਾਪਸੀ ਦੇ ਨਾਮ 'ਤੇ ਹਿੰਦੂ ਧਰਮ ਦੁਬਾਰਾ ਗ੍ਰਹਿਣ ਕਰਨ ਲਈ ਦਬਾਅ ਪਾਇਆ ਜਾਂਦਾ ਹੈ। ਹਿੰਦੂਆਂ ਵਲੋਂ ਮੁਸਲਮਾਨਾਂ ਤੇ ਇਸਾਈਆਂ 'ਤੇ ਹਮਲੇ ਆਮ ਜਿਹੀ ਘਟਨਾ ਬਣ ਗਈ ਹੈ। ਵਿਰੋਧੀਆਂ ਨੂੰ ਅਤਿਵਾਦ ਦੇ ਨਾਮ ਹੇਠ ਜੇਲ੍ਹਾਂ ਵਿੱਚ ਡੱਕਣਾ ਜਾਂ ਸਿਮੀ ਸੰਸਥਾ ਦੇ 8 ਕਾਰਕੁਨਾਂ ਨੂੰ ਸ਼ਰ੍ਹੇਆਮ ਜੇਲ੍ਹ ਵਿਚੋਂ ਕੱਢ ਕੇ ਮਾਰਨ ਜਿਹੀਆਂ ਵਧੀਕੀਆਂ ਦੀ ਦੇਸ਼ ਦੀ ਰਾਜਨੀਤੀ ਤੇ ਕਾਨੂੰਨ ਨੇ ਪ੍ਰਵਾਨਗੀ ਦੇ ਰੱਖੀ ਹੈ। ਘੱਟ ਗਿਣਤੀਆਂ ਨੂੰ ਹਿੰਦੂ ਧਰਮ ਤੇ ਸਭਿਆਚਾਰ ਦੇ ਅਨੁਸਾਰ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਤੇ ਭਵਿੱਖ ਵਿੱਚ ਇਸ ਵਿਰੋਧ ਨੂੰ ਭਾਰਤ ਵਿਚ ਕੋਈ ਜਗ੍ਹਾ ਨਹੀਂ। ਤੁਸੀਂ ਜਾਂ ਹਿੰਦੂ ਧਰਮ ਤੇ ਸਭਿਆਚਾਰ ਅਪਣਾ ਕੇ ਜੀਵਨ ਬਤੀਤ ਕਰੋਗੇ ਨਹੀਂ ਤਾਂ ਭਾਰਤ ਛੱਡਣ ਲਈ ਮਜਬੂਰ ਹੋਵੋਗੇ। ਹਿੰਦੂ ਬਹੁਸਮਤੀ ਨੇ ਹਜ਼ਾਰਾਂ ਮੁਸਲਮਾਨਾਂ ਦੇ ਕਾਤਲ ਮੋਦੀ ਨੂੰ ਪ੍ਰਧਾਨ ਮੰਤਰੀ ਬਣਾ ਕੇ ਇਸ ਨੀਤੀ 'ਤੇ ਮੋਹਰ ਲਾ ਦਿੱਤੀ ਹੈ।

ਮੋਦੀ ਨੇ ਆਉਂਦੇ ਹੀ ਅਜੀਤ ਡੋਵਾਲ ਨੂੰ ਨੈਸ਼ਨਲ ਸਕਿਊਰਿਟੀ ਐਡਵਾਈਜ਼ਰ ਵਜੋਂ ਨਾਮਜ਼ਦ ਕੀਤਾ ਜਿਹੜਾ ਕਿ ਹਿੰਦੂ ਕੱਟੜਪੰਥੀ ਹੈ, ਜਿਸ ਨੇ ਪੰਜਾਬ ਵਿੱਚ ਸਿੱਖ ਸੰਘਰਸ਼ ਵਿਰੁੱਧ, ਮੁਸਲਮਾਨਾਂ ਤੇ ਦਲਿਤਾਂ ਵਿਰੁੱਧ ਚੱਲੀ ਹਰ ਮੁਹਿੰਮ ਵਿੱਚ ਅਗਾਂਹਵਧੂ ਰੋਲ ਪਾਇਆ ਹੈ। ਜਿਹੜਾ ਕਹਿੰਦਾ ਹੈ ਕਿ ਭਾਰਤ ਵਿੱਚ ਰਹਿਣ ਵਾਲਾ ਹਰ ਸ਼ਹਿਰੀ ਭਾਰਤੀ ਸੰਸਕ੍ਰਿਤੀ, ਸਭਿਆਚਾਰ ਅਤੇ ਹਿੰਦੂ ਧਰਮ ਅਨੁਸਾਰ ਆਪਣਾ ਜੀਵਨ ਬਤੀਤ ਕਰੇ। ਇਸੇ ਤਰ੍ਹਾਂ ਡੋਨਲਡ ਟਰੰਪ ਨੇ ਵੀ ਆਉਂਦੇ ਹੀ ਸਟੀਵ ਬਰੈਨਨ ਨੂੰ ਲਿਆ ਕੇ ਘੱਟ ਗਿਣਤੀਆਂ ਵੱਲ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਅਮਰੀਕਾ ਵਿੱਚ ਵੀ ਡੋਨਲਡ ਟਰੰਪ ਦੇ ਸਹੁੰ ਖਾਣ ਤੋਂ ਪਹਿਲਾਂ ਹੀ ਇਥੋਂ ਦੇ ਬਾਸ਼ਿੰਦਿਆਂ ਵਿਚ ਇਕ ਖਾਸ ਕਿਸਮ ਦੀ 'ਮਾਲਕ ਹੋਣ ਦੀ ਭਾਵਨਾ' ਜਾਗ ਪਈ ਹੈ ਅਤੇ ਅਵਾਸੀ ਅਤੇ ਮੁਸਲਮਾਨਾਂ ਦੀ ਧਾਰਮਿਕ, ਸਭਿਅਕ, ਆਰਥਿਕ ਅਤੇ ਸਮਾਜਿਕ ਆਜ਼ਾਦੀ 'ਤੇ ਹਮਲੇ ਹੋਣੇ ਸੰਭਵ ਹੋ ਗਏ ਹਨ। ਪਿਛਲੇ 5 ਦਿਨਾਂ ਵਿੱਚ ਹੁਣ ਤੱਕ 437 ਅਜਿਹੇ ਹਮਲੇ ਹੋ ਚੁੱਕੇ ਹਨ।

ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਦੁਨੀਆ ਵਿੱਚ ਇਸ ਨਵੀਂ ਤੇ ਖਤਰਨਾਕ ਲਹਿਰ ਵਿੱਚ ਸਿੱਖ ਕੀ ਕਰਨ, ਇਹ ਸੁਆਲ ਜੁਆਬ ਦੀ ਮੰਗ ਕਰਦਾ ਹੈ। ਖਾਸ ਕਰ ਭਾਰਤ ਅਤੇ ਅਮਰੀਕਾ ਵਿੱਚ ਰਹਿ ਰਹੇ ਸਿੱਖਾਂ ਦਾ ਨੇੜਲਾ ਭਵਿੱਖ ਕਿਧਰੇ ਅਸੁਰੱਖਿਤ ਤਾਂ ਨਹੀਂ? ਇਰਾਕ, ਅਫਗਾਨਿਸਤਾਨ ਵਿੱਚੋਂ ਫੌਜਾਂ ਦੀ ਵਾਪਸੀ, ਰੂਸ ਨੂੰ ਗੁਆਂਢੀ ਮੁਲਕਾਂ ਉੱਤੇ ਕਬਜ਼ਾ ਕਰਨ ਦੀ ਖੁਲ, ਯਹੂਦੀਆਂ (Jews) ਨੂੰ ਖੂੰਡੇ ਲਾਉਣ ਦੀ ਨੀਤੀ, ਪਾਕਿਸਤਾਨ ਅਤੇ ਚੀਨ ਦੀ ਅਮਰੀਕਾ ਵਲੋਂ ਮਦਦ ਬੰਦ ਕਰਨਾ ਵਰਗੇ ਅੰਤਰ-ਰਾਸ਼ਟਰੀ ਫੈਸਲਿਆਂ ਨਾਲ ਭਾਰਤ-ਪਾਕਿਸਤਾਨ ਜੰਗ ਸਮੇ ਸਿੱਖਾਂ ਦੀ ਹਾਲਤ ਕੀ ਹੋਵੇਗੀ? (ਯਾਦ ਰਹੇ ਭਾਰਤ ਨੇ 4 ਹਫਤੇ ਪਹਿਲਾਂ ਹੀ ਰੂਸ ਵੱਲ ਦੋਸਤੀ ਦਾ ਹੱਥ ਵਧਾਉਂਦੇ ਹੋਏ S-400 Missiles, IL-78 Multi Role Tanker ਦੇ ਸੌਦੇ ਕੀਤੇ ਹਨ)। ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਸਵਾਲ ਇਹ ਕਿ ਕੀ ਇਹ ਨਵੀਂ ਲਹਿਰ ਗੁਰੂ ਨਾਨਕ ਪਾਤਿਸ਼ਾਹ ਦੇ ਸਿਧਾਂਤ ਨਾਲ ਮੇਲ ਖਾਂਦੀ ਹੈ।

ਬਹੁਤੇ ਰਿਪਬਲਿਕਨ ਸਿੱਖ ਸਿਰਫ ਰਿਪਬਲਿਕਨ ਹੋਣ ਕਰਕੇ ਹੀ ਟਰੰਪ ਦੇ ਸਮਰਥਕ ਹੋ ਬੈਠੇ ਜਿਵੇਂ ਪੰਜਾਬ ਦੇ ਸਿੱਖ ਭਾਜਪਾ ਦੇ। ਦੁਨੀਆ ਵਿਚ ਇਹ ਸਾਰੇ ਘਟਨਾਕ੍ਰਮ ਜਿਸ ਵਿਚ ਗੈਰ-ਉਦਾਰਵਾਦੀ, ਵੰਡੀਆਂ ਪਾਉਣਾ, ਦੇਸ਼ ਦੇ ਮਾਲਕ ਅਤੇ ਖਾਸ ਕਰਕੇ ਉੱਤਮ (Superior) ਹੋਣ ਦੀ ਭਾਵਨਾ ਵਾਲੀਆਂ ਨੀਤੀਆਂ ਦਾ ਸਿੱਖਾਂ ਨੇ ਸਾਥ ਦੇਣਾ ਹੈ ਕਿ ਇਸ ਦੇ ਵਿਰੁੱਧ ਖੜ੍ਹਨਾ ਹੈ। ਇਸ ਨੀਤੀ ਨੇ (ਮੇਰੇ ਖਿਆਲ ਮੁਤਾਬਕ) ਸਿੱਖਾਂ ਦੀ ਵੱਖਰੀ ਹੋਂਦ ਨੂੰ ਮਲੀਆਮੇਟ ਕਰਨਾ ਹੈ। ਇਸ ਵਿਚ 'ਦੂਜੇ' (Others) ਭਾਵ ਦੂਜੇ ਧਰਮ, ਸਭਿਆਚਾਰ ਜਾਂ ਨਸਲ ਲਈ ਕੋਈ ਜਗ੍ਹਾ ਨਹੀਂ ਪਰ ਗੁਰੂ ਨਾਨਕ ਦੇ ਘਰ ਦਾ ਸਿਧਾਂਤ ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ।।

ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ।।

ਇਸ ਲਹਿਰ ਦੀ ਪ੍ਰਵਾਨਗੀ ਨਹੀਂ ਦਿੰਦਾ। ਸਿੱਖ ਵਿਚਾਰਨ ਕਿ ਭਵਿੱਖ ਵਿੱਚ ਖਾਲਸਾ ਰਾਜ ਤੋਂ ਬਿਨਾਂ ਕੀ ਉਹ ਇਸ ਸੰਸਾਰ ਵਿੱਚ ਗੁਰੂ ਨੂੰ ਪ੍ਰਣਾਏ ਸਿਧਾਂਤ ਨਾਲ ਰਹਿ ਸਕਣਗੇ ?

# ਇਸੇ ਭਾਰਤੀ ਜਨਤਾ ਪਾਰਟੀ ਨੇ ਉਦੋਂ ਕਿਹਾ ਸੀ ਕਰੰਸੀ ਬਦਲਣ ਨਾਲ ਤਾਂ ਗਰੀਬ ਤਬਾਹ ਹੋ ਜਾਣਗੇ

**ਨਵੀਂ ਦਿੱਲੀ/ਬਿਊਰੋ ਨਿਊਜ਼:** ਗੱਲ ਸੰਨ 2014 ਦੇ ਸ਼ੁਰੂ ਦੀ ਹੈ। ਉਸ ਵੇਲੇ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਨੇ ਦੋਸ਼ ਲਾਇਆ ਸੀ ਕਿ ਕੇਂਦਰ ਵਿਚਲੀ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਕਾਲੇ ਧਨ ਉੱਤੇ ਕਾਬੂ ਪਾਉਣ ਦੇ ਨਾਂਅ ਉੱਤੇ ਸਾਲ 2005 ਤੋਂ ਪਹਿਲਾਂ ਦੇ ਸਾਰੇ ਕਰੰਸੀ ਨੋਟ ਵਾਪਸ ਲੈਣ ਦਾ ਜਿਹੜਾ ਫੈਸਲਾ ਲਿਆ ਉਹ ਆਮ ਆਦਮੀਆਂ ਨੂੰ ਤੰਗ ਪ੍ਰੇਸ਼ਾਨ ਵਾਲਾ ਅਤੇ ਅਪਣੇ ਚਹੇਤਿਆਂ ਨੂੰ ਬਚਾਉਣ ਵਾਲਾ ਹੈ ਜਿਸ ਨਾਲ ਭਾਰਤ ਦੇ ਕੁੱਲ ਘਰੇਲੂ ਉਤਪਾਦ (gross domestic product -GDP) ਦੇ ਬਰਾਬਰ ਦਾ ਕਾਲ ਧਨ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਹੋ ਗਿਆ। ਭਾਜਪਾ ਨੇ ਕਿਹਾ ਸੀ ਕਿ ਸਰਕਾਰ ਦੀ ਇਹ ਕਾਰਵਾਈ ਦੂਰ ਦਰਾਜ ਦੇ ਇਲਾਕਿਆਂ, ਜਿੱਥੇ ਬੈਂਕ ਸਹੂਲਤਾਂ ਨਹੀ, ਵਿੱਚ ਰਹਿਣ ਵਾਲੇ ਲੋਕਾਂ ਖ਼ਾਸ ਕਰ ਗਰੀਬਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਮੁਸ਼ਕਲਾਂ ਖੜ੍ਹੀਆਂ ਕਰ ਦੇਵੇਗਾ ਜਿਹੜੀ ਉਨ੍ਹਾਂ ਨੇ ਔਖੇ ਵੇਲੇ ਕੰਮ ਆਉਣ ਲਈ ਸਾਂਭ ਕੇ ਰੱਖੀ ਹੋਈ ਹੈ।

ਇੰਨਾ ਭਖਵਾਂ ਬਿਆਨ ਭਾਰਤੀ ਜਨਤਾ ਪਾਰਟੀ ਦੀ ਬੁਲਾਰੀ ਅਤੇ ਸੁਪਰੀਮ ਕੋਰਟ ਦੀ ਸੀਨੀਅਰ ਵਕੀਲ ਮੀਨਾਕਸ਼ੀ ਲੇਖੀ ਨੇ ਉਸ ਵੇਲੇ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਕਾਲੇ ਧਨ ਬਾਰੇ ਕਾਰਵਾਈ ਕਰਨ ਦੇ 10 ਸਾਲਾਂ ਦੇ ਵਕਫ਼ੇ ਦੌਰਾਨ ਪੀ ਚਿੰਦੰਬਰਮ 7 ਸਾਲ ਖਜ਼ਾਨਾ ਮੰਤਰੀ ਰਹੇ ਅਤੇ ਹੁਣ ਜਦੋਂ ਯੂਪੀਏ ਸਰਕਾਰ ਦੇ ਜਾਣ ਦਾ ਸਮਾਂ ਆ ਗਿਆ ਉਹ ਲੋਕਾਂ ਵਲੋਂ ਪੁੱਛੇ ਜਾ ਰਹੇ ਸਵਾਲਾਂ ਤੋਂ ਪਿੱਛਾ ਛੁਡਾਉਣ ਅਤੇ ਲੋਕਾਂ ਦਾ ਧਿਆਨ ਅਸਲ ਮੁਦਿਆਂ ਤੋਂ ਲਾਂਭੇ ਹਟਾਉਣ ਦੀ ਨੀਤ ਨਾਲ ਕਾਲੇ ਧਨ ਦਾ ਮਸਲਾ ਛੇੜ ਕੇ ਬਹਿ ਗਏ ਹਨ।

ਸ੍ਰੀਮਤੀ ਲੇਖੀ ਨੇ ਕਿਹਾ ਸੀ, "ਸਰਕਾਰ ਦਾ ਇਹ ਫੈਸਲਾ ਵਿਦੇਸ਼ੀ ਬੈਂਕਾਂ ਵਿਚਲੇ ਅਮਰੀਕੀ ਡਾਲਰਾਂ, ਜਰਮਨ ਡਿਊਸ਼ ਮਾਰਕ ਅਤੇ ਫਰਾਂਸੀਸੀ ਫਰਾਂਕ ਜਿਹੀਆਂ ਕਰੰਸੀਆਂ ਦੇ ਰੂਪ ਵਿੱਚ ਜਮ੍ਹਾਂ ਭਾਰਤੀਆਂ ਦੇ ਕਾਲੇ ਧਨ ਨੂੰ ਵਾਪਸ ਨਹੀ ਲਿਆ ਸਕੇਗਾ। ਸਾਫ਼ ਪਤਾ ਲਗਦਾ ਹੈ ਕਿ ਸਰਕਾਰ ਦਾ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਭਾਰਤੀਆਂ ਦੇ ਕਾਲੇ ਧਨ ਨੂੰ ਵਾਪਸ ਲਿਆਉਣ ਸਰਕਾ ਦਾ ਕੋਈ ਇਰਾਦਾ ਨਹੀਂ ਸਰਕਾਰ ਸਿਰਫ਼ ਚੋਣਾਂ ਦੇ ਮੱਦੇਨਜ਼ਰ ਇਹ ਤਮਾਸ਼ਾ ਕਰ ਰਹੀ ਹੈ।"

ਲੇਖੀ ਦੇ ਕਹਿਣ ਅਨੁਸਾਰ ਇਸ ਫੈਸਲੇ ਨਾਲ ਦੂਰ ਦੁਰਾਡੇ ਇਲਾਕਿਆਂ ਦੇ ਗਰੀਬ ਲੋਕਾਂ ਦੀ ਕਮਾਈ ਉੱਤੇ ਪਾਣੀ ਫਿਰ ਜਾਣ ਦਾ ਖ਼ਤਰਾ ਹੈ ਕਿਉਂਕਿ ਦੇਸ਼ ਦੇ 65 ਪ੍ਰਤੀਸ਼ਤ ਲੋਕਾਂ ਕੋਲ ਬੈਂਕ ਖਾਤੇ ਦੀਆਂ ਸਹੂਲਤਾਂ ਨਹੀਂ ਹਨ।

ਉਸਨੇ ਕਿਹਾ ਕਿ ਗਰੀਬ ਅਤੇ ਆਦਿਵਾਸੀ ਲੋਕ ਪਾਈ



ਪਾਈ ਕਰਕੇ ਅਪਣੀਆਂ ਧੀਆਂ ਦੀਆਂ ਵਿਆਹ ਸ਼ਾਦੀਆਂ ਅਤੇ ਹੋਰਨਾਂ ਲੋੜਾਂ ਦੀ ਪੂਰਤੀ ਲਈ ਘਰ ਦੇ ਆਟੇ-ਦਾਲਾਂ ਵਾਲੇ ਡੱਬਿਆਂ ਵਿੱਚ ਪੈਸਾ ਛੁਪਾ ਕਟ ਰਖਦੇ ਹਨ। ਅਜਿਹੇ ਇਲਾਕਿਆਂ ਵਿੱਚ ਬੈਂਕ ਨਾ ਹੋਣ ਕਾਰਨ ਇਹ ਗਰੀਬ ਲੋਕ ਅਪਣੇ ਪੈਸਿਆਂ ਨੂੰ ਸਾਲ 2005 ਦੀ ਕਰੰਸੀ ਵਿੱਚ ਨਹੀਂ ਬਦਲ ਸਕਣਗੇ ਜਾਂ ਦਲਾਲਾਂ ਦੀ ਲੁੱਟ ਦਾ ਸ਼ਿਕਾਰ ਹੋ ਕੇ ਰਹਿ ਜਾਣਗੇ।

ਭਾਜਪਾ ਨੇਤਾ ਦਾ ਕਹਿਣਾ ਸੀ ਦੇਸ਼ ਦੀ ਬਹੁਤ ਵੱਡੀ ਆਬਾਦੀ ਅਜਿਹੀ ਹੋਵੇਗੀ ਜਿਸਨੂੰ ਸਰਕਾਰ ਦੇ ਇਸ ਫੈਸਲੇ ਦੀ ਖ਼ਬਰ ਤੱਕ ਨਹੀਂ ਹੋਣੀ ਅਤੇ ਜਦੋਂ ਉਹ ਜਰੂਰਤ ਪੈਣ ਉੱਤੇ ਅਪਣਾ ਸਾਂਭ ਕੇ ਰੱਖਿਆ ਧਨ ਖਰਚ ਕਰਨ ਨਹੀਂ ਬਾਹਰ ਕੱਢਣਗੇ ਤਾਂ ਉਨ੍ਹਾਂ ਨੂੰ ਅਹਿਸਾਸ ਹੋਵੇਗਾ ਕਿ ਉਨ੍ਹਾਂ ਦੀ ਹੱਡ ਪਸੀਨੇ ਦੀ ਕਮਾਈ ਕਾਗਜ਼ ਦਾ ਟੁਕੜਾ ਬਣ ਕਟ ਰਹਿ ਗਈ ਹੈ।

ਸਰਕਾਰ ਦੀ ਕਰੜੀ ਆਲੋਚਨਾ ਕਰਦਿਆਂ ਭਾਜਪਾ ਨੇਤਾ ਨੇ ਕਿਹਾ, "ਕਰੰਸੀ ਬਦਲਣ ਦਾ ਫੈਸਲਾ ਆਮ ਆਦਮੀਆਂ ਅਤੇ ਔਰਤਾਂ ਨੂੰ ਪ੍ਰੇਸ਼ਾਨ ਕਰਨ ਅਤੇ ਨੁਕਸਾਨ ਪਹੁੰਚਾਉਣ ਵਾਲਾ ਹੈ । ਇਹ ਅਸਸਲ ਵਿੱਚ ਸਰਕਾਰ ਦੇ ਚਹੇਤਿਆਂ, ਜਿਨ੍ਹਾਂ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦ (gross domestic product -GDP) ਦੇ ਬਰਾਬਰ ਦਾ ਕਾਲ ਧਨ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਹੈ, ਨੂੰ ਬਚਾਉਣ ਲਈ ਹੈ।"

ਵਰਨਣਯੋਗ ਹੈ ਕਿ ਕਾਲੇ ਧਨ ਅਤੇ ਨਕਲੀ ਨੋਟਾਂ ਦੀ ਸਮੱਸਿਆ ਨਾਲ ਨਜਿੱਠਣ ਲਈ ਡਾ. ਮਨਮੋਹਨ ਸਿਘ ਅਗਵਾਈ ਸਰਕਾਰ ਨੇ ਜਨਵਰੀ 2014 ਵਿੱਚ ਸਾਲ 2005 ਤੋਂ ਪਹਿਲਾਂ ਛਪੇ ਸਾਰੇ ਕਰੰਸੀ ਨੋਟ ਵਾਪਸ ਲੈਣ ਦਾ ਫੈਸਲਾ ਕੀਤਾ ਸੀ। ਇਸ ਅਧੀਨ 500 ਰੁਪਏ ਅਤੇ 1000 ਰੁਪਏ ਸਮੇਤ ਸਾਰੇ ਨੋਟ ਵਾਪਸ ਲਏ ਜਾਣ ਦਾ ਫੈਸਲਾ ਲਿਆ ਗਿਆ ਜੋ ਪਹਿਲੀ ਅਪ੍ਰੈ2014 ਤੋਂ ਲਾਗੂ ਕੀਤਾ ਗਿਆ।

ਭਾਰਤੀ ਰਿਜ਼ਰਵ ਬੈਂਕ ਨੇ ਉਸ ਵੇਲੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਪਹਿਲੀ ਅਪ੍ਰੈਲ 2014 ਤੋਂ ਬਾਅਦ ਲੋਕਾਂ ਨੂੰ ਅਪਣੇ ਪੁਰਾਣੇ ਨੋਟ ਬਦਲਣ ਲਈ ਬੈਂਕਾਂ ਨਾਲ ਸੰਪਰਕ ਕਰਨਾ ਹੋਵੇਗਾ।

## ਬਾਦਲ ਡਰਾਮੇਬਾਜ਼ੀ ਛੱਡ ਕੇ ਭਾਜਪਾ ਨਾਲੋਂ ਨਾਤਾ ਤੋੜਨ ਦੀ ਜ਼ੁਰਅੱਤ ਦਿਖਾਵੇ : ਮਾਨ

### ਸਰਬੱਤ ਖ਼ਾਲਸਾ ਨਾਲ ਜੁੜੀਆਂ ਧਿਰਾਂ ਨੇ ਪਾਣੀਆਂ ਦੇ ਮੁੱਦੇ 'ਤੇ ਕੀਤਾ ਸੈਮੀਨਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਰਬੱਤ ਖ਼ਾਲਸਾ ਨਾਲ ਜੁੜੀਆਂ ਧਿਰਾਂ ਨੇ ਇੱਥੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਸੈਮੀਨਾਰ ਕਰਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਨਸੀਹਤ ਦਿੱਤੀ ਹੈ ਕਿ ਉਹ ਪਾਣੀਆਂ ਦੇ ਮੁੱਦੇ 'ਤੇ ਦੇਸ਼ ਦੇ ਰਾਸ਼ਟਰਪਤੀ ਕੋਲ ਜਾਣ ਦਾ ਡਰਾਮਾ ਕਰਨ ਦੀ ਥਾਂ ਆਪਣੀ ਭਾਈਵਾਲ ਕੇਂਦਰ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਪਹੁੰਚ ਕਰਨ ਅਤੇ ਇਨਸਾਫ ਨਾ ਮਿਲਣ ਦੀ ਸੂਰਤ ਵਿੱਚ ਭਾਜਪਾ ਨਾਲੋਂ ਨਾਤਾ ਤੋੜਨ ਦੀ ਜ਼ੁਰਅੱਤ ਕੀਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਹਿਲਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਣੀਆਂ ਦੇ ਮੁੱਦੇ 'ਤੇ ਆਪਣੀ ਪਾਰਟੀ ਦੀ ਮਨਮੋਹਨ ਸਿੰਘ ਸਰਕਾਰ ਵੱਲੋਂ ਪੰਜਾਬ ਵਿਰੁੱਧ ਇਹ ਮਾਮਲਾ ਰਾਸ਼ਟਰਪਤੀ ਰਾਹੀਂ ਸੁਪਰੀਮ ਕੋਰਟ ਵਿੱਚ ਭੇਜਣ ਵੇਲੇ ਸਿਆਸੀ ਖਾਮੋਸ਼ੀ ਧਾਰੀ ਰੱਖੀ ਸੀ ਅਤੇ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਆਪਣੇ ਭਾਈਵਾਲ ਪ੍ਰਧਾਨ ਮੰਤਰੀ ਸ੍ਰੀ ਮੋਦੀ ਵੱਲੋਂ ਪੰਜਾਬ ਦੇ ਉਲਟ ਸਟੈਂਡ ਲੈਣ ਦੇ ਬਾਵਜੂਦ ਸਿਆਸੀ ਖੁਦਗਰਜ਼ੀਆਂ ਕਾਰਨ ਖਾਮੋਸ਼ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸ੍ਰੀ ਬਾਦਲ ਅਕਾਲੀ ਦਲ-ਭਾਜਪਾ ਗਠਜੋੜ ਨੂੰ ਪਤੀ-ਪਤਨੀ ਦਾ ਰਿਸ਼ਤਾ ਦੱਸਦੇ ਹਨ ਪਰ ਹੁਣ ਪੰਜਾਬ ਨੂੰ ਬਚਾਉਣ ਲਈ ਇਸ ਰਿਸ਼ਤੇ ਦੇ 'ਮੋਹ' ਨੂੰ ਵਰਤਣ ਤੋਂ ਸੰਕੋਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਣੀਆਂ ਦਾ ਮੁੱਦਾ ਪੂਰੀ ਤਰ੍ਹਾਂ ਪੰਜਾਬ ਸਰਕਾਰ ਦੇ ਅਧਿਕਾਰ ਅਧੀਨ ਹੈ ਅਤੇ ਇਸ ਬਾਰੇ ਕੋਈ ਵੀ ਅਥਾਰਟੀ ਸੰਵਿਧਾਨਕ ਤੌਰ 'ਤੇ ਕੋਈ ਫ਼ੈਸਲਾ ਨਹੀਂ ਦੇ ਸਕਦੀ।

ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਅਕਾਲੀ ਦਲ ਬਾਦਲ, ਕਾਂਗਰਸ ਜਾਂ ਆਮ ਆਦਮੀ ਪਾਰਟੀ ਕੋਲੋਂ ਪੰਜਾਬ ਲਈ ਇਨਸਾਫ ਦੀ ਆਸ ਕਰਨੀ ਵੱਡੀ ਭੁੱਲ ਹੋਵੇਗੀ। ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਐਲਾਨ ਕੀਤਾ ਕਿ ਪਾਣੀਆਂ ਦੇ ਮੁੱਦੇ ਅਤੇ ਸਰਬੱਤ ਖ਼ਾਲਸਾ ਦੀ ਲਾਮਬੰਦੀ ਲਈ ਅਗਲੇ ਦਿਨੀਂ ਲੰਬੀ, ਜਲੰਧਰ, ਬਠਿੰਡਾ, ਪਟਿਆਲਾ, ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਅਜਿਹੇ ਸੈਮੀਨਾਰ ਕਰਕੇ ਬਾਦਲਾਂ ਅਤੇ ਕੈਪਟਨ ਦੀਆਂ ਐਸਵਾਈਐਲ ਅਤੇ ਪੰਜਾਬ ਦੇ ਮੁੱਦਿਆਂ ਉਪਰ ਕੀਤੀਆਂ ਬੇਵਫਾਈਆਂ ਬੇਨਕਾਬ ਕੀਤੀਆਂ ਜਾਣਗੀਆਂ।

ਉਧਰ ਭਾਵੇਂ ਪੰਜਾਬ ਸਰਕਾਰ ਵੱਲੋਂ ਵਿਆਪਕ ਪੱਧਰ 'ਤੇ ਗ੍ਰਿਫ਼ਤਾਰੀਆਂ ਦਾ ਦੌਰ ਚਲਾ ਕੇ 10 ਨਵੰਬਰ ਨੂੰ ਤਲਵੰਡੀ ਸਾਬੋ ਵਿਖੇ ਹੋਣ ਵਾਲੇ ਸਰਬੱਤ ਖ਼ਾਲਸਾ 'ਤੇ ਰੋਕ ਲਾ ਦਿੱਤੀ ਗਈ ਸੀ ਪਰ ਸੂਤਰ ਦੱਸਦੇ ਹਨ ਕਿ ਪੰਥਕ ਧਿਰਾਂ ਚੁੱਪ-ਚੁਪੀਤੇ ਇਸੇ ਮਹੀਨੇ ਸਰਬੱਤ ਖ਼ਾਲਸਾ ਕਰਵਾਉਣ ਦੀਆਂ ਤਿਆਰੀਆਂ ਕੱਸੀ ਬੈਠੀਆਂ ਹਨ।

## ਦਿੱਲੀ ਵਿੱਚ ਪੰਜਾਬ ਵਲੋਂ ਫੈਲਾਇਆ ਪ੍ਰਦੂਸ਼ਣ ਹੱਤਿਆ ਤੋਂ ਘੱਟ ਨਹੀਂ : ਹਾਈ ਕੋਰਟ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਸਰਕਾਰੀ ਅਣਗਹਿਲੀ ਅਤੇ ਪੰਜਾਬ ਵਿਚ ਪਰਾਲੀ ਨੂੰ ਸਾੜਿਆ ਜਾਣਾ ਦਿੱਲੀ ਦੇ ਦੋ ਕਰੋੜ ਲੋਕਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ। ਉਨ੍ਹਾ ਕਿਹਾ ਕਿ ਲੋਕਾਂ ਦੀ ਉਮਰ ਤਿੰਨ ਸਾਲ ਘੱਟ ਗਈ ਹੈ ਅਤੇ ਇਹ ਨਰਸੰਘਾਰ ਅਤੇ ਹੱਤਿਆ ਤੋਂ ਘੱਟ ਨਹੀਂ ਹੈ। ਜਸਟਿਸ ਬਦਰ ਦੁਰੇਜ਼ ਅਹਿਮਦ ਅਤੇ ਆਸ਼ੂਤੋਸ਼ ਕੁਮਾਰ 'ਤੇ ਆਧਾਰਤ ਬੈਂਚ ਨੇ ਕਿਹਾ, "ਸਾਨੂੰ ਮਾਰਿਆ ਜਾ ਰਿਹਾ ਹੈ।" ਨਾਲ ਹੀ ਉਨ੍ਹਾਂ ਕਿਹਾ ਕਿ ਗੰਭੀਰ ਹਾਲਾਤ ਕਾਰਨ ਛੇ ਕਰੋੜ ਤੋਂ ਵੱਧ ਜੀਵਨ ਵਰ੍ਹੇ ਬਰਬਾਦ ਹੋ ਰਹੇ ਹਨ ਜਾਂ ਇਸ ਨਾਲ 10 ਲੱਖ ਮੌਤਾਂ ਹੁੰਦੀਆਂ ਹਨ। ਬੈਂਚ ਨੇ ਇਹ ਵੀ ਆਖਿਆ ਕਿ ਕੀ ਵੋਟ ਦੇਣ ਵਾਲਿਆਂ ਦੀ ਜ਼ਿੰਦਗੀ ਤੋਂ ਵੱਧ ਅਹਿਮ ਕੀ ਵੋਟ ਹੁੰਦੇ ਹਨ। ਉਨ੍ਹਾਂ ਇਕ ਹਫ਼ਤਾਵਾਰੀ ਰਸਾਲੇ ਵਿਚ ਪ੍ਰਕਾਸ਼ਤ ਵਾਤਾਵਰਨ ਅਧਿਐਨ ਦਾ ਜ਼ਿਕਰ ਕਰਦਿਆਂ ਇਹ ਸਖ਼ਤ ਟਿੱਪਣੀਆਂ ਕੀਤੀਆਂ। ਬੈਂਚ ਨੇ ਕਿਹਾ, "ਸਰਕਾਰੀ ਅਣਗਹਿਲੀ ਉਮਰ ਘਟਾਉਣ ਲਈ ਦੋਸ਼ੀ ਹੈ। ਮਾਮਲੇ ਦੀ ਭਿਆਨਕਤਾ ਨੂੰ ਸਮਝੋ। ਕੁਝ ਵੱਡੇ ਕਦਮ ਚੁੱਕੇ ਜਾਣ ਦੀ ਲੋੜ ਹੈ। ਕੀ ਵੋਟ ਬੈਂਕ ਜ਼ਿਆਦਾ ਮਹੱਤਵਪੂਰਨ ਹੈ ਜਾਂ ਵੋਟ ਦੇਣ ਵਾਲੇ ਮਹਿਲਾ ਤੇ ਮਰਦ।" ਬੈਂਚ ਅਤੇ ਅਦਾਲਤੀ ਮਿੱਤਰ ਕੈਲਾਸ਼ ਵਾਸਦੇਵ ਨੇ ਸੈਟੇਲਾਈਟ ਤਸਵੀਰਾਂ ਦੇਖ ਕੇ ਕਿਹਾ ਕਿ ਪੰਜਾਬ ਮੁੱਖ ਦੋਸ਼ੀ ਹੈ ਜਿਥੇ ਪਰਾਲੀ ਨੂੰ ਅੱਗ ਲਾਏ ਜਾਣ ਕਾਰਨ ਦਿੱਲੀ ਵਿਚ ਸਾਹ ਲੈਣਾ ਔਖਾ ਹੋ ਰਿਹਾ ਹੈ। ਸ੍ਰੀ ਵਾਸਦੇਵ ਨੇ ਕਿਹਾ ਕਿ ਹਰਿਆਣਾ ਅਤੇ ਰਾਜਸਥਾਨ ਨੇ ਤਾਂ ਕਈ ਕਦਮ ਚੁੱਕ ਲਏ ਹਨ ਪਰ ਪੰਜਾਬ ਮਜ਼ਬੂਤ ਕਦਮ ਚੁੱਕੇ ਜਾਣ ਦੀ ਬਜਾਏ ਸਿਰਫ਼ ਪੈਸਿਆਂ ਦੀ ਮੰਗ ਕਰ ਰਿਹਾ ਹੈ।

**ਬਾਕੀ**

### ਬੰਜਰ ਕੀਤੇ ਪੰਜਾਬ ਉੱਤੇ ਅਦਾਲਤੀ ਮਾਰ

ਪਰਗਟ ਸਿੰਘ ਤੇ ਬੈਂਸ ਭਰਾਵਾਂ ਨੇ ਵੀ ਪਾਣੀਆਂ ਦੇ ਮੁੱਦੇ ਵਿਚ ਜ਼ੋਰਦਾਰ ਛਾਲ ਮਾਰਦਿਆਂ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਸਪੀਕਰ ਵੱਲ ਅਸਤੀਫ਼ਾ ਵਗ੍ਹਾ ਕੇ ਮਾਰਿਆ ਪਰ ਸਪੀਕਰ ਨੇ ਇਹ ਕਹਿ ਕੇ ਅਸਤੀਫ਼ਾ ਨਾ-ਮਨਜ਼ੂਰ ਕਰ ਦਿੱਤਾ ਕਿ ਉਹ ਉਨ੍ਹਾਂ ਦੇ ਦਫ਼ਤਰ ਵਿਚ ਆ ਕੇ ਅਸਤੀਫ਼ਾ ਸੌਂਪਣ। ਇਸ ਤੋਂ ਬਾਅਦ ਤਿੰਨੋਂ ਨੇਤਾ ਆਪਣੇ ਸਮਰਥਕਾਂ ਸਮੇਤ ਵਿਧਾਨ ਸਭਾ ਦੇ ਬਾਹਰ ਧਰਨੇ 'ਤੇ ਬੈਠ ਗਏ। ਉਧਰ ਆਮ ਆਦਮੀ ਪਾਰਟੀ ਭਾਵੇਂ ਕੋਈ ਤਿੱਖੀ ਬਿਆਨਬਾਜ਼ੀ ਤੋਂ ਗੁਰੇਜ਼ ਕਰ ਰਹੀ ਹੈ ਪਰ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਹੀ ਉਹ ਵੀ ਕਪੂਰੀ ਪਿੰਡ ਧਰਨਾ ਲਾ ਕੇ ਬੈਠੀ ਹੈ। ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਜਦੋਂ ਨਹਿਰ ਹੀ ਨਹੀਂ ਰਹੇਗੀ ਤਾਂ ਪਾਣੀ ਕਿਵੇਂ ਬਾਹਰ ਜਾਏਗਾ। ਕਾਂਗਰਸੀ ਵਿਧਾਇਕਾਂ ਵਲੋਂ ਦਿੱਤੇ ਅਸਤੀਫ਼ੇ 'ਤੇ ਉਨ੍ਹਾਂ ਕਿਹਾ-'ਅਸੀਂ ਕਾਂਗਰਸ ਦੀ ਤਰ੍ਹਾਂ ਅਸਤੀਫ਼ਾ ਨਹੀਂ ਦਿਆਂਗੇ, ਜੰਗ ਲੜਾਂਗੇ।'

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਬੁੱਧਵਾਰ ਨੂੰ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਐਸਵਾਈਐਲ ਮੁੱਦੇ 'ਤੇ ਵਿਸ਼ੇਸ਼ ਬਿੱਲ ਪਾਸ ਕੀਤਾ ਹੈ। ਇਸ ਮੁਤਾਬਕ ਪੰਜਾਬ ਦਾ ਪਾਣੀ ਵਰਤ ਰਹੇ ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਪਾਣੀ ਦੀਆਂ ਕੀਮਤਾਂ ਅਦਾ ਕਰਨੀਆਂ ਪੈਣਗੀਆਂ। ਇਸ ਨੂੰ ਪਹਿਲਾਂ ਰਾਇਲਟੀ ਵਜੋਂ ਮੰਗਿਆ ਜਾ ਰਿਹਾ ਸੀ। ਪਰ ਹੁਣ ਰੈਜ਼ੂਲੇਸ਼ਨ ਵਿਚ ਸੋਧ ਕਰ ਰਾਇਲਟੀ ਦੀ ਥਾਂ ਪਾਣੀ ਦੀ ਬਣਦੀ ਕੀਮਤ ਵਸੂਲੇ ਜਾਣ ਦੀ ਗੱਲ ਕਹੀ ਗਈ ਹੈ।

ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕਿਹਾ, 'ਮੈਂ ਅਕਾਲੀ ਦਲ ਦਾ ਪ੍ਰਧਾਨ ਹੋਣ ਦੇ ਨਾਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਹਿੰਦਾ ਹਾਂ ਕਿ ਉਹ ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਪਾਣੀ ਦੇ ਬਣਦੇ ਬਿੱਲ ਭੇਜਣ ਅਤੇ ਇਸ ਬਦਲੇ ਬਣਦੀ ਪੂਰੀ ਕੀਮਤ ਸਬੰਧਤ ਰਾਜਾਂ ਤੋਂ ਵਸੂਲੀ ਜਾਵੇ। ਲੁਧਿਆਣਾ ਤੋਂ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੇ ਐਸ.ਵਾਈ.ਐਲ. ਤੇ ਪਾਣੀ ਮੁੱਦੇ ਨੂੰ ਲੈ ਕੇ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਵਲੋਂ ਵਿਧਾਨ ਸਭਾ ਵਿਚ ਵੀਡੀਓ ਬਣਾਏ ਜਾਣ 'ਤੇ ਰੌਲਾ ਪੈ ਗਿਆ। ਸਿਮਰਜੀਤ ਬੈਂਸ ਆਪਣੇ ਮੋਬਾਈਲ 'ਤੇ ਆਪਣੇ ਭਾਸ਼ਣ ਦੀ ਵੀਡੀਓ ਬਣਾ ਰਹੇ ਸਨ, ਜਦੋਂ ਕਿ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਕਿਹਾ ਕਿ ਕਿਸੇ ਨੂੰ ਵੀ ਸਦਨ ਦੀ ਰਿਕਾਰਡਿੰਗ ਕਰਨ ਦੀ ਇਜਾਜ਼ਤ ਨਹੀਂ ਹੈ।

ਮੁੱਖ ਮੰਤਰੀ ਨੇ ਵਿਧਾਨ ਸਭਾ ਵਿਚ ਮਤਾ ਰੱਖਿਆ ਤੇ ਕਿਹਾ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਆਪਣੀ ਖੇਤੀ ਲਈ 52 ਐਮ. ਏ. ਐਫ. ਪਾਣੀ ਦੀ ਲੋੜ ਹੈ, ਜਿਸ ਦਾ 27 ਫੀਸਦੀ ਨਹਿਰੀ ਪਾਣੀ ਤੋਂ ਮਿਲਦਾ ਹੈ। ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਪੰਜਾਬ ਕੋਲ ਪੂਰਾ ਪਾਣੀ ਨਹੀਂ ਹੈ। ਇਸ ਲਈ ਉਹ ਕੈਬਨਿਟ ਅਤੇ ਸਾਰੇ ਸਰਕਾਰੀ ਕਰਮਚਾਰੀਆਂ ਨੂੰ ਹਦਾਇਤ ਦਿੰਦੇ ਹਨ ਕਿ ਐੱਸ.ਵਾਈ.ਐੱਲ. ਦੀ ਖੁਦਾਈ ਲਈ ਕਿਸੇ ਵੀ ਏਜੰਸੀ ਨੂੰ ਸੂਬੇ ਦੀ ਜ਼ਮੀਨ ਨਾ ਸੌਂਪਣ ਅਤੇ ਨਾ ਹੀ ਸਹਿਯੋਗ ਦੇਣ। ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ ਦੇ ਸਤਲੁਜ-ਯਮੁਨਾ ਲਿੰਕ (ਐੱਸ.ਵਾਈ.ਐੱਲ.) ਮਾਮਲੇ ਵਿਚ ਪੰਜਾਬ ਖ਼ਿਲਾਫ਼ ਸੁਣਾਏ ਫੈਸਲੇ ਤੋਂ ਬਾਅਦ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਸੀ।

ਇਸ ਸੈਸ਼ਨ ਵਿਚ ਕਾਂਗਰਸੀ ਵਿਧਾਇਕ ਸ਼ਾਮਲ ਨਹੀਂ ਹੋਏ, ਹਾਲਾਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸੀ ਵਿਧਾਇਕਾਂ ਨੂੰ ਸੈਸ਼ਨ ਵਿਚ ਹਿੱਸਾ ਲੈਣ ਦੀ ਅਪੀਲ ਵੀ ਕੀਤੀ ਸੀ ਪਰ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਦੀ ਅਪੀਲ ਨੂੰ ਰੱਦ ਕਰਦਿਆਂ ਐਲਾਨ ਕੀਤਾ ਸੀ ਕਿ ਕਾਂਗਰਸੀ ਵਿਧਾਇਕ ਇਸ ਸੈਸ਼ਨ ਵਿਚ ਹਿੱਸਾ ਨਹੀਂ ਲੈਣਗੇ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸੀ ਵਿਧਾਇਕ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਹਿੱਸਾ ਨਹੀਂ ਲੈਣਗੇ ਪਰ ਦਰਿਆਈ ਪਾਣੀ ਦੀ ਰਾਖੀ ਲਈ ਪੰਜਾਬ ਸਰਕਾਰ ਜਿਹੜਾ ਵੀ ਕਦਮ ਚੁੱਕੇਗੀ ਕਾਂਗਰਸ ਪਾਰਟੀ ਉਸ ਦੀ ਹਮਾਇਤ ਕਰੇਗੀ। ਐਸਵਾਈਐਲ ਦੀ ਜ਼ਮੀਨ ਕਿਸਾਨਾਂ ਨੂੰ ਵਾਪਸ ਦੇਣ ਦੀ ਵੀ ਹਮਾਇਤ ਕਰਾਂਗੇ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਐਸਵਾਈਐਲ ਦੀ ਉਸਾਰੀ ਪੂਰੀ ਹੋਣ ਤਕ ਪੰਜਾਬ ਵਿਚ ਫੌਰੀ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕਰਨ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ, 'ਇਹ ਗਲਤ ਮੰਗ ਹੈ, ਕੀ ਨਹਿਰ ਬਣਨ ਤਕ ਪੰਜਾਬ ਵਿਚ ਚੋਣਾਂ ਨਹੀਂ ਹੋਣਗੀਆਂ। ਪੰਜਾਬ ਵਿੱਚ ਫੌਰੀ ਚੋਣਾਂ ਹੋਣੀਆਂ ਚਾਹੀਦੀਆਂ ਹਨ। ਕਾਂਗਰਸ ਦੇ ਸੱਤਾ ਵਿਚ ਆਉਣ ਬਾਅਦ ਸੂਬੇ ਦੇ ਪਾਣੀ ਦੀ ਰਾਖੀ ਲਈ ਕਾਨੂੰਨੀ ਤੌਰ 'ਤੇ ਸਾਰੇ ਕਦਮ ਚੁੱਕੇ ਜਾਣਗੇ।' ਉਨ੍ਹਾਂ ਕਿਹਾ ਕਿ ਪਾਣੀਆਂ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦਰ ਕੇਜਰੀਵਾਲ ਦਾ ਕੋਈ ਸਟੈਂਡ ਨਹੀਂ ਹੈ ਅਤੇ 'ਆਪ' ਇਸ ਮੁੱਦੇ 'ਤੇ ਲੋਕਾਂ ਵਿਚ ਭਰਮ ਦੀ ਸਥਿਤੀ ਪੈਦਾ ਕਰ ਰਹੀ ਹੈ। ਲੋਕਾਂ ਨੂੰ ਇਸ ਤੋਂ ਸੁਚੇਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਐਸਵਾਈਐਲ ਦੇ ਮੁੱਦੇ 'ਤੇ ਉਨ੍ਹਾਂ ਦੀ ਅਗਵਾਈ ਹੇਠ ਇਕ ਵਫ਼ਦ ਵੀਰਵਾਰ ਨੂੰ ਰਾਸ਼ਟਰਪਤੀ ਨੂੰ ਨਵੀਂ ਦਿੱਲੀ ਵਿਚ ਸ਼ਾਮ ਸਾਢੇ ਛੇ ਵਜੇ ਮਿਲੇਗਾ ਤੇ ਮੰਗ ਪੱਤਰ ਸੌਂਪੇਗਾ। ਰਾਸ਼ਟਰਪਤੀ ਕੋਲੋਂ ਦਖ਼ਲ ਦੀ ਮੰਗ ਕਰਦਿਆਂ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਹਾਲਾਤ ਦੀ ਗੰਭੀਰਤਾ ਵੱਲ ਉਨ੍ਹਾਂ ਦਾ ਧਿਆਨ ਦਿਵਾਉਣ ਦਾ ਯਤਨ ਕਰੇਗਾ। ਦੂਜੇ ਪਾਸੇ ਸਾਬਕਾ ਸੀ.ਐੱਲ.ਪੀ. ਨੇਤਾ ਸੁਨੀਲ ਜਾਖੜ ਨੇ ਵਿਧਾਨ ਸਭਾ ਸੈਸ਼ਨ ਬੁਲਾਉਣ ਦੇ ਟੀਚੇ 'ਤੇ ਸਵਾਲ ਖੜ੍ਹਾ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਇਸ ਤੋਂ ਪਹਿਲਾਂ ਵੀ ਸਰਕਾਰ ਨੇ ਵਿਧਾਨ ਸਭਾ ਸੈਸ਼ਨ ਬੁਲਾ ਕੇ ਕਈ ਤਰ੍ਹਾਂ ਦੇ ਕਾਨੂੰਨ ਬਣਾਏ ਪਰ ਉਨ੍ਹਾਂ ਨੂੰ ਤਾਂ ਅਜੇ ਤੱਕ ਲਾਗੂ ਨਹੀਂ ਕਰਵਾਇਆ ਜਾ ਸਕਿਆ ਹੈ।

### ਬਾਦਲਾਂ ਵਿਰੁੱਧ ਮਾਣਹਾਨੀ ਪਟੀਸ਼ਨ ਦਾਖ਼ਲ

ਸੰਵਿਧਾਨਕ ਬੈਂਚ ਨੇ 'ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ 2004' ਨੂੰ ਗ਼ੈਰ ਸੰਵਿਧਾਨਕ ਐਲਾਨਿਆ ਸੀ। ਨਾਲ ਹੀ ਅਦਾਲਤ ਨੇ ਕਿਹਾ ਸੀ ਕਿ ਪੰਜਾਬ ਰਾਵੀ-ਬਿਆਸ ਦਰਿਆਵਾਂ ਦਾ ਪਾਣੀ ਹਰਿਆਣਾ ਤੇ ਹੋਰ ਗੁਆਂਢੀ ਸੂਬਿਆਂ ਨਾਲ ਵੰਡਣ ਲਈ ਪਾਬੰਦ ਹੈ। ਅਦਾਲਤ ਨੇ ਇਹ ਵੀ ਕਿਹਾ ਸੀ ਕਿ ਪੰਜਾਬ ਨੂੰ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਦੇ ਨਿਰਮਾਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਪਟੀਸ਼ਨਰ ਦੇ ਵਕੀਲ ਰਾਕੇਸ਼ ਦਹੀਆ ਨੇ ਦਲੀਲ ਦਿੱਤੀ ਕਿ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਆਪਣੇ ਇਸ ਦਾਅਵੇ 'ਤੇ ਡਟੇ ਹੋਏ ਹਨ ਕਿ ਪੰਜਾਬ ਹੋਰ ਸੂਬਿਆਂ ਨੂੰ ਪਾਣੀ ਦਾ ਇਕ ਤੁਪਕਾ ਵੀ ਨਹੀਂ ਦੇਵੇਗਾ। ਉਨ੍ਹਾਂ ਕਿਹਾ ਕਿ ਇਹ ਅਦਾਲਤ ਦੀ ਮਾਣਹਾਨੀ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
AATAM ras
Kirtan
Katha
NEWS
GLOBAL PUNJAB
News
Discussion
Debate
MUSIC
channel punjabi BEATS
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


JUS 24x7
KEEPING UP WITH
PUNJAB
PUNJAB UPDATE
Taka 24x7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- JUS 24x7
ਪਲ ਪਲ ਦੀ ਖਬਰ ਦਵੇ
WATCH JUS 24x7 ON CHANNEL 743 ON dish & sling
TELEVISION
CALL TO ADVERTISE 718-752-9290 | CALL TO SUBSCRIBE 1-888-246-6242


Fresh AUR Apna KYA HAI?
Canadian Highest Grade Wheat Say Bana
You Get In Days Not In Months
Hygienic Storage, Clean Milling Facility
Healthy Living Maida Free
SHER
DURUM ATTA
DESI STYLE
20 lb
9.07 kg
BRAR NATURAL
DESI STYLE